ਮਈ 2023

# ਗੁਰਮਤਿ ਵਿਰਸਾ

# GURMAT VIRSA गुरमति विरसा

Year-4, Issue-10, May 2023, Ludhiana gurmatvirsa@gmail.com Multilingual Price 25/-



ਗੁਰਦੁਆਰਾ ਸੰਨ੍ਹ ਸਾਹਿਬ, ਬਾਸਰਕੇ (ਅੰਮ੍ਰਿਤਸਰ)

(ਪ੍ਰਕਾਸ਼ ਅਸਥਾਨ ਗੁਰੂ ਅਮਰਦਾਸ ਜੀ)

ਗੁਰਦੁਆਰਾ ਗੋਇੰਦਵਾਲ ਸਾਹਿਬ

## ਪੰਚਮ ਪਾਤਿਸ਼ਾਹ ਦੇ ਪਰਉਪਕਾਰ ਤੇ ਹੋਰ ਅਣਗਿਣਤ ਕਾਰਜ

## ਕਾਹਨੂੰਵਾਨ ਛੰਭ ਦਾ ਖੂਨੀ ਦੁਖਾਂਤ: ਛੋਟਾ ਘੱਲੂਘਾਰਾ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ




ਕੇਂਦਰ ਜੰਮੂ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਲਗਾਤਾਰ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ



ਨਵਾਂ ਖੋਲ੍ਹਿਆ ਕੇਂਦਰ ਗਲੋਲੀ (ਨੇੜੇ ਪਾਤੜਾਂ) ਦੇ ਸਕੂਲ ਵਿਚ ਭਾਈ ਰਾਹੁਲਵੀਰ ਸਿੰਘ ਗੁਰਮਤਿ ਕਲਾਸ ਲਗਾਉਂਦੇ ਹੋਏ



ਕੇਂਦਰ ਨਵਾਂਸ਼ਹਿਰ ਦੇ ਗੁਰੂ ਤੇਗ ਬਹਾਦਰ ਨਗਰ ਵਿਖੇ ਲੱਗ ਰਹੀਆਂ ਗੁਰਮਤਿ ਕਲਾਸ



ਕੇਂਦਰ ਚੱਕਸਿੰਘਾ ਦੇ ਜੈ ਭਾਰਤ ਪਬਲਿਕ ਸਕੂਲ (ਸਮੁੰਦੜਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਪਿੰਡ ਸੁਰਸਿੰਘ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਖਾਲਸਾ ਸਾਜਨਾ ਦਿਵਸ ਸਬੰਧੀ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ



ਕੇਂਦਰ ਕੁੱਬਾ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਲਤਾਲਾ ਦੇ ਪਿੰਡ ਰਾਜਗੜ੍ਹ ਦੇ ਸਰਕਾਰੀ ਮਿਡਲ ਸਕੂਲ ਵਿਚ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਲਤਾਲਾ ਵਿਖੇ 'ਦਸਤਾਰ ਦਿਵਸ' ਮੌਕੇ ਬੱਚਿਆਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ ਜਿਸ ਵਿਚ ਇਲਾਕੇ ਦੇ ਵੱਡੀ ਗਿਣਤੀ ਵਿਚ ਬੱਚਿਆਂ ਤੇ ਨੌਜਵਾਨਾ ਨੇ ਭਾਗ ਲਿਆ।

# ਗੁਰਮਤਿ ਵਿਰਸਾ

ਮਈ 2023 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਵਿਸਾਖ-ਜੇਠ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਪ੍ਰਕਾਸ਼ ਸ੍ਰੀ ਗੁਰੂ ਅਰਜਨ ਸਾਹਿਬ ਜੀ | : 19 ਵਿਸਾਖ (02 ਮਈ) |
| - ਛੋਟਾ ਘੱਲੂਘਾਰਾ | : 3 ਜੇਠ (17 ਮਈ) |
| - ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | : 9 ਜੇਠ (23 ਮਈ) |


**ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 79733-70542**
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
**Branch: Phullanwal, IFS Code - UTIB0000196**

**A/C Name : GURMAT VIRSA**
**A/C No.: 913010032526897**

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

• Responsible for collection of all Printed matter as per PRB Act

**Registration Number of the Newspaper PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਪੰਚਮ ਪਾਤਿਸ਼ਾਹ ਦੇ ਪਰਉਪਕਾਰ ਤੇ ਹੋਰ ਅਣਗਿਣਤ ਕਾਰਜ | 9 |
| ਸਮੇਂ ਦੀ ਸੰਭਾਲ ਅਤੇ ਮਨੁੱਖ | 13 |
| ਕਾਹਨੂੰਵਾਨ ਛੰਭ ਦਾ ਖੂਨੀ ਦੁਖਾਂਤ: ਛੋਟਾ ਘੱਲੂਘਾਰਾ | 15 |
| 'ਰੁੱਤ ਬੇਈਮਾਨ ਹੋ ਗਈ, ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ' | 17 |
| ਅਟਾਰੀ-ਵਾਹਗਾ ਸਰਹੱਦ ਰਾਹੀਂ ਕਿਉਂ ਨਹੀਂ ਹੋ ਰਿਹਾ.... | 19 |
| ਅੰਗਰੇਜ਼ੀ ਰਾਜ ਵਿਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ... | 20 |
| ਨੰਨੇ ਵਾਰਸ | 22 |
| ਸਾਡੇ ਲੋਕ ਸੇਵਕਾਂ ਵਿਚ ਕਿੰਨੀ ਜ਼ਿਆਦਾ ਭਾਵਨਾ ਹੈ ਜਨਤਾ ਦੀ... | 24 |
| ਮੁਫ਼ਤ ਦਾ ਲੰਗਰ | 25 |
| ਨਵੀਂ ਕਿਸਮ ਦੀ ਅਗਨ ਪ੍ਰੀਖਿਆ | 26 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 28 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 |
| ਗੁਰਸਿਖ ਮੀਤ ਚਲਹੁ ਗੁਰ ਚਾਲੀ | 33 |
| **"ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ....** | **34** |
| Dhan Dhan Sahib Sri Guru Amar Das Ji | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਮਾਰਚ ਮਹੀਨੇ ਦੀਆਂ ਸਰਗਰਮੀਆਂ | 41 |



## ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

| ਚੰਦਾ | ਦੇਸ਼ | ਵਿਦੇਸ਼ |
|---|---|---|
| ਸਾਲਾਨਾ | 250/- | 50 $ USA |
| ਲਾਈਫ | 3000/- | 300 $ USA |

**ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ**

**Axis Bank** **Branch : Phullanwal (Ldh)**
**IFS Code : UTIB0000196**

| | | |
|---|---|---|
| - Gurmat Gian | : | 913010032529069 |
| - Gurmat Gian Missionary College | : | 913010032837193 |
| - Gurmat Gian Charitable Trust | : | 913010032525014 |
| - Gurmat Parchar Kendra | : | 913010032551518 |
| - Gurmat Virsa | : | 913010032526897 |
| - GGT Edu Aid | : | 913010032526884 |



## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

## ■ ਜਥੇਦਾਰ ਜੀ ਨੂੰ ਖੁੱਲ੍ਹੀ ਚਿੱਠੀ ■

# ਜਥੇਦਾਰ ਜੀ ਅਕਾਲੀ ਦਲ ਨੂੰ ਪੰਥਕ ਬਣਾਉਣ ਦੀ ਲੋੜ ਹੈ

8 ਮਾਰਚ ਨੂੰ 2023 ਨੂੰ ਅਨੰਦਪੁਰ ਸਾਹਿਬ ਵਿਖੇ ਅਕਾਲ ਤੱਖਤ ਦੇ ਜੱਥੇਦਾਰ ਭਾਈ ਹਰਪ੍ਰੀਤ ਸਿੰਘ ਨੇ ਆਪਣੇ ਸੰਖੇਪ ਤਲਖ ਭਾਸ਼ਨ ਵਿਚ ਅਕਾਲੀ ਦਲ ਬਾਦਲ ਨੂੰ ਨਸੀਹਤ ਦਿੰਦਿਆਂ ਕਹਿਆ ਕਿ "ਅਕਾਲੀ ਦਲ ਬਾਦਲ ਹੁਣ ਸਰਮਾਏਦਾਰਾਂ ਦੀ ਪਾਰਟੀ ਬਣ ਚੁੱਕੀ ਹੈ। ਇਸ ਨੂੰ ਮਜ਼ਦੂਰਾਂ ਤੇ ਕਿਰਸਾਨਾਂ ਦੀ ਪਾਰਟੀ ਬਣਾਉਣ ਦੀ ਜ਼ਰੂਰਤ ਹੈ। ਦੂਸਰਾ ਉਹਨਾਂ ਕਹਿਆ ਕਿ ਸਾਡੀਆਂ ਧਾਰਮਿਕ ਸੰਸਥਾਵਾਂ ਸਬੰਧੀ ਕੂੜ ਪ੍ਰਚਾਰ ਹੁੰਦਾ ਹੈ ਇਸ ਨੂੰ ਰੋਕਣ ਦੀ ਜ਼ਰੂਰਤ ਹੈ"। ਤੀਜਾ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਤੋੜਿਆ ਗਿਆ। ਚੌਥਾ ਤੁਸਾਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਤੋੜਿਆ ਹੈ ਇਸ ਲਈ ਤੁਹਾਨੂੰ ਖਾਲਸੇ ਦਾ ਸਰਾਪ ਲੱਗੇਗਾ ਤੇ ਤੁਹਾਡੀ ਪਾਰਲੀਮੈਂਟ ਵੀ ਟੁਟੇਗੀ ਇਹ ਖਾਲਸਾ ਪੰਥ ਤੁਹਾਨੂੰ ਬਦ-ਦੁਆ ਦਿੰਦਾ ਹੈ। ਇਹ ਕੁਝ ਵਿਚਾਰ ਉਹਨਾਂ ਦੀ ਤਕਰੀਰ ਵਿਚ ਭਾਰੂ ਸਨ। ਕੀ ਜੋ ਕੁਝ ਜੱਥੇਦਾਰ ਜੀ ਨੇ ਆਪਣੇ ਭਾਸ਼ਨ ਵਿਚ ਕਹਿਆ ਹੈ ਉਹ ਕੌਮ ਦੀ ਹਕੀਕਤ ਬਿਆਨ ਕਰਦਾ ਹੈ ਜਾਂ ਹਵਾ ਵਿਚ ਤਲਵਾਰਾਂ ਹਨ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਅਕਾਲ ਤਖਤ ਦੇ ਜੱਥੇਦਾਰ ਦਾ ਦਰਦ ਸਮਝਿਆ ਜਾ ਸਕਦਾ ਹੈ, ਪਰ ਹਕੀਕਤ ਨੂੰ ਜਾਣਦਿਆਂ ਹੋਇਆਂ ਵੀ ਜੱਥੇਦਾਰ ਜੀ ਅੱਧਾ ਕੁ ਸੱਚ ਬੋਲ ਰਹੇ ਹਨ। ਸਮੁੱਚੇ ਪੰਥ ਦੀ ਸੋਚ ਪ੍ਰਤੀ ਉਹਨਾਂ ਦੇ ਵਿਚਾਰਾਂ ਵਿਚ ਹਮੇਸ਼ਾ ਵੱਡੀ ਘਾਟ ਰੜਕਦੀ ਰਹਿੰਦੀ ਹੈ। ਇਹ ਤੱਥ ਦਿਨ ਦੀ ਧੁੱਪ ਵਾਂਗ ਸੱਚ ਹੈ ਕਿ 1947 ਤੋਂ ਲੈ ਕੇ ਹੁਣ ਤਕ ਕੇਂਦਰ ਦੀਆਂ ਸਰਕਾਰਾਂ ਨੇ ਪੰਜਾਬ ਨਾਲ ਵਿਤਕਰਾ ਹੀ ਕੀਤਾ ਹੈ। ਪੰਜਾਬ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਥਾਂ 'ਤੇ ਆਪਣੇ ਹਿੱਤਾਂ ਲਈ ਵਰਤਿਆ ਹੈ। ਇਸ ਸਾਰੇ ਬਿਰਤਾਂਤ ਦੀ ਜ਼ਿੰਮੇਵਾਰੀ ਸ਼ਰੋਮਣੀ ਅਕਾਲੀ ਦਲ 'ਤੇ ਵੀ ਆਉਂਦੀ ਹੈ। 1920 ਤੋਂ ਲੈ ਕੇ ਅਕਾਲੀ ਲੀਡਰਾਂ ਅਤੇ ਲੋਕਾਂ ਨੇ ਬਹੁਤ ਸੰਘਰਸ਼ ਕੀਤਾ, ਸਿੱਖ ਕੌਮ ਨੂੰ ਬਹੁਤ ਕਸ਼ਟ ਸਹਾਰਨੇ ਪਏ। ਪਰ ਜੱਥੇਦਾਰ ਜੀ 1966 ਵਿਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਜਦੋਂ ਸ਼ਰੋਮਣੀ ਅਕਾਲੀ ਦਲ ਸਤਾ ਵਿਚ ਹੁੰਦਾ ਹੈ ਤਾਂ ਇਹਨਾਂ ਕਦੇ ਸਿੱਖ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਪਰ ਜਦੋਂ ਸਤਾ ਤੋਂ ਬਾਹਰ ਹੁੰਦੇ ਹਨ ਤਾਂ ਇਹਨਾਂ ਨੂੰ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਯਾਦ ਸਤਾਉਣ ਲੱਗ ਜਾਂਦੀ ਹੈ, ਭਾਈ ਜਸਵੰਤ ਸਿੰਘ ਜੀ ਖਾਲੜੇ ਨਾਲ ਹੋਈ ਵਧੀਕੀ ਦੀ ਯਾਦ ਸਤਾਉਣ ਲੱਗ ਜਾਂਦੀ ਹੈ।

ਇਹ ਬਿਲਕੁਲ ਠੀਕ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਾਗਡੋਰ ਜਦੋਂ ਦੀ ਸੁਖਬੀਰ ਸਿੰਘ ਬਾਦਲ ਦੇ ਹੱਥ ਆਈ ਹੈ ਤਾਂ ਉਸ ਨੇ ਅਕਾਲੀ ਦਲ ਨੂੰ ਪ੍ਰਕਾਸ਼ ਸਿੰਘ ਬਾਦਲ ਤੋਂ ਚਾਰ ਰੱਤੀਆਂ ਅੱਗੇ ਜਾ ਕੇ ਇਕ ਪ੍ਰਾਈਵੇਟ ਕੰਪਨੀ ਵਾਂਗ ਚਲਾਉਣਾ ਸ਼ੁਰੂ ਕਰ ਦਿੱਤਾ। ਪੰਥਕ ਸਰੋਕਾਰਾਂ ਨੂੰ ਤਿਲਾਂਜਲੀ ਦੇ ਕੇ ਪੰਥ ਦੀ ਗੱਲ ਕਰਨ ਵਾਲਿਆਂ ਨੂੰ ਕਿਨਾਰੇ ਕਰ ਦਿੱਤਾ। ਆਪਣੇ ਆਲੇ ਦੁਆਲੇ ਪੰਥਕ ਸਰੋਕਾਰਾਂ ਤੋਂ ਥਿੜਕੇ ਸੁਆਰਥੀ ਚਾਪਲੂਸਾਂ ਦੀ ਢੇਰੀ ਇਕੱਠੀ ਕਰ ਲਈ। ਜਿਸ ਤਰੀਕੇ ਨਾਲ ਅਕਾਲੀ ਦਲ ਬਾਦਲ ਨੇ ਸੁਖਬੀਰ ਸਿੰਘ ਦੀ ਰਹਿਨੁਮਾਈ ਹੇਠ ਵਿਚਰਨਾ ਸ਼ੁਰੂ ਕੀਤਾ ਉਹ ਸਮੁੱਚੀ ਕੌਮ ਲਈ ਘਾਤਕ ਸਿੱਧ ਹੋਇਆ ਹੈ। ਸਾਰੇ ਵਰਤਾਰੇ ਦੀ ਭਰਵੀਂ ਮਿਸਾਲ ਕਬੱਡੀ ਮੈਚਾਂ ਸਮੇਂ ਵੇਖੀ ਜਾ ਸਕਦੀ ਹੈ। ਸਿੱਖੀ ਸਭਿਆਚਾਰ ਛੱਡ ਕੇ ਕਬੱਡੀ ਮੈਚਾਂ ਸਮੇਂ ਪੰਜ ਪੰਜ ਕਰੋੜ ਰੁਪਏ ਵਿਚ ਫਿਲਮੀ ਬੀਬੀਆਂ ਦੇ ਠੁਮਕੇ ਲਵਾ ਧਰੇ। ਢਾਡੀ, ਕੀਰਤਨ ਪ੍ਰੰਪਰਾ ਨੂੰ ਇਕ ਪਾਸੇ ਕਰਕੇ ਅਕਾਲੀ ਦਲ ਬਾਦਲ ਨੇ ਪੰਥਕ ਸੋਚ ਨੂੰ ਪੁੱਠਾ ਗੇੜਾ ਦੇ ਦਿੱਤਾ। ਸਿੱਧਾ ਕਹਿਆ ਜਾ ਸਕਦਾ ਹੈ ਕਿ ਬਾਹਰੋਂ ਅਕਾਲੀ ਦਲ ਵਾਲੀ ਦਿੱਖ ਹੈ ਪਰ ਕਰਮ ਇਕ ਵੀ ਅਕਾਲੀ ਦਲ ਵਾਲਾ ਨਹੀਂ ਰਿਹਾ।

ਜੱਥੇਦਾਰ ਜੀ ਨੇ ਜ਼ੋਰ ਲਾ ਕੇ ਇਹ ਕਹਿਆ ਕਿ ਅਕਾਲੀ ਦਲ ਕਿਰਸਾਨਾਂ ਤੇ ਮਜ਼ਦੂਰਾਂ ਦੀ ਜੱਥੇਬੰਦੀ ਸੀ। ਹੁਣ ਕੌਣ ਸਮਝਾਵੇ ਕਿ ਜੱਥੇਦਾਰ ਜੀ ਅਕਾਲੀ ਦਲ ਕੇਵਲ ਦੋ ਜਮਾਤਾਂ ਦੀ ਜੱਥੇਬੰਦੀ ਨਹੀਂ ਹੈ। ਅਕਾਲੀ ਦਲ ਦਾ ਫਲਸਫਾ ਤਾਂ ਸਰਬੱਤ ਦਾ ਭਲਾ ਮੰਗਣ ਵਾਲਾ ਸੀ ਜਿਹੜਾ ਤੁਸਾਂ ਦੋ ਜਮਾਤਾਂ ਤਕ ਸੀਮਤ ਕਰ ਦਿੱਤਾ। ਕੀ ਅਕਾਲੀ ਦਲ ਦੁਕਾਨਦਾਰਾਂ, ਕਾਰਖਾਨੇ, ਨੌਰਕੀ ਪੇਸ਼ਾ, ਜਾਂ ਜਨ ਸਧਾਰਨ ਲੋਕਾਂ ਦੀ ਅਗਵਾਈ ਕਰਨ ਵਾਲਾ ਨਹੀਂ ਹੋ ਸਕਦਾ? ਸਭ ਤੋਂ ਅਹਿਮ ਨੁਕਤਾ ਤਾਂ ਇਹ ਸੀ ਕਿ ਜੇ ਅਕਾਲੀ ਦਲ ਨੂੰ ਬਚਾਉਣਾ ਹੈ ਤਾਂ ਇਸ ਨੂੰ ਪੰਥਕ ਪਾਰਟੀ ਬਣਾਓ। ਪੰਥਕ ਸਰੋਕਾਰਾਂ ਦੇ ਧਾਰਨੀ ਬਣੋ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਫਿਰ ਤੋਂ ਸੁਰਜੀਤ ਕਰੋ। ਗੁਰਦੁਆਰਾ ਪ੍ਰਬੰਧ ਵਿਚੋਂ ਸਿਆਸੀ ਦਖ਼ਲ ਤੁਰੰਤ ਬੰਦ ਹੋਣਾ ਚਾਹੀਦਾ ਹੈ।

ਪੰਜਾਬ ਵਿਚ ਅਕਸਰ ਕਮਿਊਨਿਸਟ ਪਾਰਟੀਆਂ ਤੇ ਕਿਰਸਾਨ ਜੱਥੇਬੰਦੀਆਂ ਇਹ ਨਾਅਰੇ ਲਗਾਉਂਦੀਆਂ ਹਨ ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ। ਤੁਹਾਡੇ ਇਸ ਲੈਕਚਰ ਵਿਚੋਂ ਸਮੁੱਚੇ ਪੰਥਕ ਸਰੋਕਾਰਾਂ ਵਾਲੀ ਕੋਈ ਗੱਲ ਨਹੀਂ ਸੀ, ਸਗੋਂ ਏਦਾਂ ਮਹਿਸੂਸ ਹੋ ਰਿਹਾ ਸੀ, ਜਿਵੇਂ ਤੁਸੀ ਅਕਾਲੀ ਦਲ ਬਾਦਲ ਲਈ ਵੋਟਾਂ ਮੰਗ ਰਹੇ ਹੋਵੋ। ਇਹ ਠੀਕ ਹੈ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਧਨਾਢਾਂ ਦੀ ਜਮਾਤ ਬਣ ਚੁੱਕਿਆ ਹੈ। ਇਸ ਨਾਲ ਇਕ ਹੋਰ ਨੁਕਤਾ ਵੀ ਕੰਮ ਕਰਦਾ ਹੈ ਕਿ ਅਕਾਲੀ ਦਲ 'ਤੇ ਸਮੁੱਚੇ ਤੌਰ 'ਤੇ ਬਾਦਲ ਪ੍ਰਵਾਰ ਤੇ ਕੁਝ ਹੋਰ ਪਰਵਾਰ ਕਬਜ਼ਾ ਜਮਾਈ ਬੈਠੇ ਹਨ। ਅਕਾਲੀ ਦਲ ਨੂੰ ਇਹਨਾਂ ਨੇ ਆਪਣੀ ਜਗੀਰ ਸਮਝ ਲਿਆ ਹੋਇਆ ਹੈ।

ਦੂਸਰਾ ਨੁਕਤਾ ਸੀ ਕਿ ਸਾਡੀਆਂ ਸਿੱਖ ਸੰਸਥਾਵਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਕੀ ਕਦੀ ਸੋਚਿਆ ਹੈ ਕਿ ਇਹ ਬਦਨਾਮੀ ਕਿਉਂ ਹੋਈ ਹੈ? ਅਜੇਹੀਆਂ ਬਦਨਾਮੀਆਂ ਰੋਕਣ ਦੀ ਕਿਸ ਦੀ ਜ਼ਿੰਮੇਵਾਰੀ ਸੀ। ਅਸਲ ਬਦਨਾਮੀ ਕੌਣ ਕਰ ਰਿਹਾ ਹੈ? ਬਦਨਾਮੀ ਦੇ ਕੀ ਕਾਰਨ ਹਨ? ਤੁਹਾਡੇ ਸਾਹਮਣੇ 6 ਜੂਨ ਨੂੰ ਅਕਾਲ ਤੱਖਤ 'ਤੇ 84 ਵਾਲਾ ਘੱਲੂਘਾਰਾ ਦਿਵਸ ਮਨਾਇਆ ਜਾਂਦਾ ਹੈ, ਪਰ ਇਸ ਸਮਾਗਮ ਵਿਚ ਤੂੰ ਤੂੰ ਮੈਂ ਮੈਂ ਹੁੰਦੀ ਹੈ। ਕਈ ਵਾਰੀ ਦਸਤਾਰਾਂ ਵੀ ਲਹਿ ਜਾਂਦੀਆਂ ਹਨ। ਕੀ ਓਦੋਂ ਸੰਸਥਾ ਦੀ ਬਦਨਾਮੀ ਨਹੀਂ ਹੁੰਦੀ? ਜਦੋਂ ਤੁਸੀਂ ਮਹਿਤੇ ਜਾਂਦੇ ਹੋ ਤਾਂ ਓਥੇ ਸ਼ਾਂਤੀ ਨਾਲ 6 ਜੂਨ 1984 ਵਾਲਾ ਘਲੂਘਾਰਾ ਮਨਾਇਆ ਜਾਂਦਾ ਹੈ। ਕੀ ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ ਵਾਲੇ ਕਾਰਨਾਮਿਆਂ 'ਤੇ ਕਦੇ ਨਜ਼ਰਸਾਨੀ ਕੀਤੀ ਹੈ? 92-92 ਲੱਖ ਦੇ ਇਸ਼ਤਿਹਾਰ ਸਿੱਖ ਸੰਸਥਾ(ਸ਼੍ਰੋਮਣੀ ਕਮੇਟੀ) ਦੇ ਲੱਗਣ ਕਿ ਸੌਦਾ ਸਾਧ ਤਾਂ ਬਹੁਤ ਵਧੀਆਂ ਬੰਦਾ ਹੈ, ਸਾਡੇ ਵਾਲੇ ਤਾਂ ਐਵੇਂ ਰੌਲ਼ਾਂ ਪਉਂਦੇ ਹਨ। ਅਜੇਹੇ ਇਸ਼ਤਿਹਾਰ ਕਿਸਨੇ ਦਿੱਤੇ ਸਨ? ਕੀ ਇਹ ਬਦਨਾਮੀ ਸ਼੍ਰੋਮਣੀ ਕਮੇਟੀ ਨੇ ਆਪਣੀ ਆਪ ਨਹੀਂ ਕਰਾਈ? ਕੀ ਲੋੜ ਸੀ ਸ਼ਰੋਮਣੀ ਕਮੇਟੀ ਨੂੰ ਅਜੇਹੇ ਇਸ਼ਤਿਹਾਰ ਦੇਣ ਦੀ? ਕੀ ਤੁਸਾਂ ਗੁਰੂ ਦੀ ਗੋਲਕ ਦੀ ਹੋਈ ਦੁਰਵਰਤੋਂ ਸਬੰਧੀ ਕਦੇ ਪੁਛਿਆ ਹੈ? ਸਵਾਲ ਪੁੱਛਣਾ ਬਣਦਾ ਹੈ ਇਸ ਬਦਨਾਮੀ ਦਾ ਕੌਣ ਜ਼ਿੰਮੇਵਾਰ ਹੈ? ਸਾਡਾ ਤਰਕ ਹੈ ਜੱਥੇਦਾਰ ਜੀ ਕਦੇ ਏਧਰ ਵੀ ਵੇਖਣ ਦਾ ਯਤਨ ਕਰਿਆ ਜੇ।

ਜੱਥੇਦਾਰ ਜੀ ਆਓ ਥੋੜਾ ਜੇਹਾ ਕੌਮੀ ਹਿਸਾਬ ਵੀ ਕਰ ਲਈਏ।

ਸਭ ਤੋਂ ਪਹਿਲਾਂ ਤੁਹਾਨੂੰ ਇਹ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਇਹ ਅਹਿਸਾਸ ਕਰਾਉਣਾ ਚਾਹੀਦਾ ਸੀ ਕਿ ਬਾਦਲ ਸਾਹਿਬ! ਅਕਾਲੀ ਦਲ ਨੂੰ

ਪੁਰਾਣੀ ਦਿੱਖ ਦਿਓ ਜਿਹੜਾ ਤੁਸਾਂ 1995 ਨੂੰ ਮੋਗੇ ਵਿਖੇ ਪੰਜਾਬੀ ਪਾਰਟੀ ਨਾਂ ਰੱਖਿਆ ਸੀ ਉਸ ਨੂੰ ਵਾਪਸ ਲਓ ਤੇ ਮੁੜ ਪੰਥਕ ਮੁੱਦਿਆ ਦੀ ਗੱਲ ਕਰਨ ਵਾਲਾ ਅਕਾਲੀ ਦਲ ਪੇਸ਼ ਕਰੋ। ਜਿਸ ਅਕਾਲੀ ਦਲ ਬਾਦਲ ਨੂੰ ਤੁਸੀਂ ਸਥਾਪਿਤ ਕਰ ਰਹੇ ਹੋ ਉਸ ਅਕਾਲੀ ਦਲ ਬਾਦਲ ਦਾ ਪੰਥ ਵਿਰੋਧੀ ਚੇਹਰਾ ਵੀ ਵੇਖ ਲਓ—

1978 ਵਿਚ ਜਦੋਂ ਬਾਦਲ ਪੰਜਾਬ ਦਾ ਮੁੱਖ ਮੰਤ੍ਰੀ ਸੀ ਤਾਂ ਨਕਲੀ ਨਿੰਰਕਾਰੀਆਂ ਵਲੋਂ ਸਿੱਖ ਪੰਥ, ਗੁਰੂ ਗ੍ਰੰਥ ਤੇ ਸਿੱਖ ਵਿਰੋਧੀ ਟਿਪਣੀਆਂ ਕੀਤੀਆਂ ਸਨ ਪਰ ਅਕਾਲੀ ਦਲ ਬਾਦਲ ਦੀ ਸਰਕਾਰ ਸਿੱਖ ਨੁਮਾਇੰਦੇ ਹੋਣ ਦੇ ਨਾਤੇ ਸਿੱਖ ਭਾਵਨਾਵਾਂ ਨੂੰ ਨਹੀਂ ਸਮਝਿਆ। ਨਕਲੀ ਨਿੰਰਕਾਰੀਆਂ ਨੂੰ ਖੁਲ੍ਹਾ ਖੇਡਣ ਦਿੱਤਾ ਗਿਆ। ਨਕਲੀ ਨਿੰਰਕਾਰੀਆਂ ਵਲੋਂ ਸਿੱਖੀ ਸਰੋਕਾਰਾਂ ’ਤੇ ਕੀਤੀਆਂ ਟਿੱਪਣੀਆਂ ਜਿਸਨੂੰ ਕੋਈ ਵੀ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ ਸੀ। ਸਰਕਾਰੀ ਤੰਤਰ ਨਕਲੀ ਨਿੰਰਕਾਰੀਆਂ ਦੇ ਸਮਾਗਮ ਨੂੰ ਰੋਕਣ ਵਿਚ ਨਕਾਮ ਰਿਹਾ।

ਨਿਰੰਕਾਰੀਆਂ ਵਲੋਂ ਵਰਤੀ ਭਦੀ ਸ਼ਬਦਾਵਲੀ ਨੂੰ ਕੋਈ ਵੀ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ। ਇਸ ਬੇਅਦਬੀ ਨੂੰ ਰੋਕਣ ਵਾਲੇ 13 ਸਿੰਘ ਹੀ ਦਿਨ ਦੀਵੀਂ ਸ਼ਹੀਦ ਕਰ ਦਿੱਤੇ। ਤੁਹਾਡੀ ਸਰਕਾਰ ਵੋਟਾਂ ਦੇ ਜੋੜ ਤੋੜ ਵਿਚ ਲੱਗੀ ਰਹੀ, ਤੇ ਤੁਹਾਡੀ ਸਰਕਾਰੀ ਛੱਤਰ-ਛਾਇਆ ਹੇਠ ਨਕਲੀ ਨਿਰੰਕਾਰੀ ਮੁਖੀ ਦਿੱਲੀ ਪਹੁੰਚ ਗਿਆ। ਦਾਨਸ਼ਵਰ ਸਿੱਖਾਂ ਨੂੰ ਤੁਹਾਡੇ ਸਿੱਖ ਵਿਰੋਧੀ ਹੋਣ ਦਾ ਖ਼ਦਸ਼ਾ ਓਦੋਂ ਹੀ ਪੈਦਾ ਹੋ ਗਿਆ ਸੀ। ਤੁਹਾਡੀ ਸਰਕਾਰ ਹੋਣ ਦੇ ਨਾਤੇ ਵੀ ਸਿੱਖਾਂ ਨੂੰ ਇਨਸਾਫ਼ ਨਾ ਮਿਲਿਆ। ਪੰਜਾਬ ਵਿਚ ਨਕਲੀ ਨਿਰੰਕਾਰੀਆਂ ਦੇ ਕੇਸ ਚੱਲ ਰਹੇ ਸਨ ਪਰ ਨਕਲੀ ਨਿਰੰਕਾਰੀਆਂ ਨੇ ਇਹ ਕੇਸ ਕਰਨਾਲ ਅਦਾਲਤ ਵਿਚ ਤਬਦੀਲ ਕਰਾ ਲਏ ਸਨ। ਬਾਦਲ ਹੁਰਾਂ ਤਾਂ ਸੁਖ ਦਾ ਸਾਹ ਲਿਆ ਹੋਣਾ ਕਿ ਸ਼ੁਕਰ ਹੈ ਬਲ਼ਾ ਟਲ਼ ਗਈ।

ਕੇ.ਪੀ.ਐੱਸ ਗਿੱਲ ਦਾ ਨਾਂ ਲਿਖਣਾ ਵੀ ਅਸੀਂ ਗੁਨਾਹ ਸਮਝਦੇ ਹਾਂ ਪਰ ਉਹ ਲਿਖਦਾ ਹੈ ਕਿ ਬਾਦਲ ਦਿਨੇ ਖਾੜਕੂਆਂ ਦੇ ਭੋਗ ਤੇ ਜਾਂਦਾ ਸੀ ਤੇ ਰਾਤ ਨੂੰ ਸਿੱਖ ਵਿਰੋਧੀ ਰੋਲ ਨਿਭਾਉਂਦਾ ਸੀ।

ਪੰਜਾਬ ਦੇ ਮੁੱਦਿਆਂ ਸਬੰਧੀ ਹਮੇਸ਼ਾਂ ਵਿਰੋਧੀ ਰੋਲ ਨਿੰਭਾਹੁੰਣ ਵਾਲੀ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾਉਂਦੇ ਰਹੇ। ਇਹ ਉਹ ਹੀ ਪਾਰਟੀ ਹੈ ਜਿਸ ਦੇ ਕਾਰਕੁੰਨਾ ਨੇ ਦਰਬਾਰ ਸਾਹਿਬ ਦਾ ਮਾਡਲ ਤੋੜਿਆ, ਕਛ, ਕੰਘਾ ਕਿਰਪਾਨ ਭੇਜ ਦਿਆਂਗੇ ਪਾਕਿਸਤਾਨ ਦੇ ਫਿਰਕੂ ਨਾਅਰੇ ਏਸੇ ਪਾਰਟੀ ਦੇ ਲੋਕਾਂ ਨੇ ਲਾਏ ਸਨ। ਭਾਰਤੀ ਜਨਤਾ ਪਾਰਟੀ ਤੁਹਾਡੀ ਸਰਕਾਰ ਵਿਚ ਹਿੱਸੇਦਾਰ ਰਹਿੰਦੀ ਰਹੀ ਹੈ ਤੇ ਕੇਂਦਰ ਵਿਚ ਇਹਨਾਂ ਦੀ ਸਰਕਾਰ ਰਹੀ ਹੈ। ਪਰ ਭਾਰਤੀ ਜਨਤਾ ਪਾਰਟੀ ਤੋਂ ਪੰਜਾਬ ਦੇ ਕਿਸੇ ਵੀ ਮੁੱਦੇ ਨੂੰ ਹੱਲ ਨਹੀਂ ਕਰਾਇਆ। ਤੁਹਾਡੀ ਸਮਰੱਥ ਸਰਕਾਰ ਹੋਣ ’ਤੇ ਵੀ ਤੁਸਾਂ ਕਦੇ ਸਿੱਖ ਮੁਦਿਆਂ ਨੂੰ ਹੱਲ ਨਹੀਂ ਕਰਾਇਆ। ਭਾਰਤੀ ਜਨਤਾ ਪਾਰਟੀ ਨੇ ਕਦੇ ਪੰਜਾਬ ਦੇ ਭਲੇ ਦੀ ਕਦੇ ਗੱਲ ਨਹੀਂ ਕੀਤੀ ਤੇ ਨਾ ਹੀ ਪੰਜਾਬ ਦੀਆਂ ਮੰਗਾਂ ਸਬੰਧੀ ਸੁਹਿਰਦਤਾ ਦਿਖਾਈ ਹੈ।

1978 ਤੋਂ ਲੈ ਕੇ 1997 ਤਕ ਪੰਜਾਬ ਵਿਚ ਹੋਏ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਕਰਾਉਣ ਨੂੰ ਆਪਣੇ ਚੋਣ ਮੈਨੀਫੈਸਟੋ ਵਿਚ ਰੱਖਿਆ, ਤੁਹਾਡੀਆਂ ਸਰਕਾਰਾਂ ਬਣਦੀਆਂ ਰਹੀਆਂ ਤੁਸਾਂ ਕਦੇ ਵੀ ਇਸ ਮੁੱਦੇ ’ਤੇ ਗੱਲ ਨਹੀਂ ਕੀਤੀ। ਅਕਾਲ ਤੱਖਤ ਦੇ ਜੱਥੇਦਾਰ ਜੀ ਅਕਾਲੀ ਦਲ ਬਾਦਲ ਕੋਲੋਂ ਕਦੇ ਇਹ ਵੀ ਪੁੱਛ ਲੈਣਾ ਕਿ ਜਿਹੜੇ ਪੁਲੀਸ ਅਫ਼ਸਰਾਂ ਨੇ ਸਿੱਖ ਨੌਜਵਾਨਾਂ ਨਾਲ ਵਧੀਕੀਆਂ ਕੀਤੀਆਂ ਸਨ ਉਹਨਾਂ ਨੂੰ ਤੁਸੀਂ ਉੱਚ ਅਹੁਦਿਆਂ ’ਤੇ ਕਿਉਂ ਬਿਠਾਇਆ ਹੋਇਆ ਸੀ। ਅਕਾਲੀ ਦਲ ਬਾਦਲ ਦੀ ਕੀ ਮਜ਼ਬੂਰੀ ਸੀ।

1997 ਵਿਚ ਭਨਿਆਰਾ ਸਾਧ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾਂ ਕਰਵਾਈ ਗਈ ਉਸ ਨੂੰ ਬਚਾਉਣ ਲਈ ਉਸ ਦਾ ਕੇਸ ਅੰਬਾਲਾ ਅਦਾਲਤ ਵਿਚ ਤਬਦੀਲ ਨਹੀਂ ਕਰਾਇਆ ਗਿਆ?

5 ਦਸੰਬਰ 2009 ਵਿਚ ਬਾਦਲ ਸਰਕਾਰ ਦੇ ਹੁੰਦਿਆਂ ਸਿੱਖ ਜੱਥੇਬੰਦੀਆਂ ਨੇ ਲੁਧਿਆਨਾ ਵਿੱਚ ਲਾਇਟਾਂ ਵਾਲੇ ਪਾਖੰਡੀ ਸਾਧ ਦਾ ਸਮਾਗਮ ਰੋਕਿਆ ਤੇ ਪੁਲੀਸ ਨੇ ਗੋਲੀ ਚਲਾਈ ਦੋ ਨੌਜਵਾਨ ਸ਼ਹੀਦ ਹੋ ਗਏ, ਕੋਈ ਕਾਰਵਾਈ ਨਹੀਂ ਹੋਈ। ਜੱਥੇਦਾਰ ਜੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪੀਆਂ ਹਿੰਦੀ ਦੀਆਂ ਪੁਸਤਕਾਂ ਵਿਚ ਇਤਿਹਾਸ ਨੂੰ ਤੋੜ ਮਰੋੜ ਕਿ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਉਸ ਦੀ ਜ਼ਿੰਮੇਵਾਰੀ ਕੌਣ ਲਏਗਾ?

2007 ਤੋਂ 2017 ਤਕ ਸ਼੍ਰੋਮਣੀ ਅਕਾਲੀ ਬਾਦਲ ਦੀ ਸਰਕਾਰ ਰਹੀ ਹੈ—ਇਸ ਸਮੇਂ ਦੌਰਾਨ ਪੰਥਕ ਸਰਕਾਰ ’ਤੇ ਚਿੱਟਾ, ਸਮੈਕ, ਹੈਰੋਇਨ, ਰੇਤ ਮਾਫੀਆ, ਗੁੰਡਾਗਰਦੀ, ਜ਼ਮੀਨਾਂ ’ਤੇ ਕਬਜ਼ੇ ਆਦਿ ਦੀਆਂ ਖਬਰਾਂ ਨਸ਼ਰ ਹੁੰਦੀਆਂ ਰਹੀਆਂ ਪਰ ਅਕਾਲ ਤੱਖਤ ਦੇ ਜੱਥੇਦਾਰ ਨੇ ਕੋਈ ਵੀ ਬਿਆਨ ਨਹੀਂ ਦਿੱਤਾ।

ਜਥੇਦਾਰ ਜੀ! ਅਕਾਲੀਆਂ ਦੀ ਸਰਕਾਰ ਸਮੇਂ ਪੰਜਾਬੀਆਂ ਨੂੰ ਛੱਡ ਕਿ ਬਾਹਰਲੇ ਰਾਜਾਂ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਨਹੀਂ ਦਿੱਤੀਆਂ ਗਈਆਂ? ਕੀ ਪੰਜਾਬੀਆਂ ਦੇ ਹੱਕਾਂ ’ਤੇ ਡਾਕਾ ਨਹੀਂ ਸੀ? ਜੱਥੇਦਾਰਾਂ ਨੇ ਜਾਣਦੇ ਹੋਏ ਵੀ ਕਦੇ ਕੋਈ ਬਿਆਨ ਨਹੀਂ ਦਿੱਤਾ।

ਸਿੱਖ ਸਿਧਾਂਤ ਕਿਸੇ ਤਸਵੀਰ ਨੂੰ ਮਾਨਤਾ ਨਹੀਂ ਦਿੰਦਾ ਪਰ ਜਿਹੜੀ ਸੌਦਾ ਸਾਧ ਨੂੰ ਪੁਸ਼ਾਕ ਭੇਜੀ ਗਈ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਦਾ ਨਾਂ ਲੱਗਦਾ ਹੋਵੇ ਉਸ ’ਤੇ ਅਕਾਲ ਤੱਖਤ ਦੇ ਜੱਥੇਦਾਰ ਵਲੋਂ ਕੋਈ ਨੋਟਸ ਨਹੀਂ ਲਿਆ ਗਿਆ, ਕਿਉਂਕਿ ਚੁੱਪ ਰਹਿਣ ਵਿਚ ਹੀ ਤੁਸਾਂ ਭਲਾ ਸਮਝਿਆ। ਪੁਸ਼ਾਕ ਵਾਲਾ ਕੇਸ ਬਠਿੰਡਾ ਅਦਾਲਤ ਵਿਚ ਚਲਦਾ ਸੀ, ਪਰ ਸਿਰ ’ਤੇ ਚੋਣਾਂ ਆ ਗਈਆਂ, ਵੋਟਾਂ ਟੁਟਦੀਆਂ ਦੇਖ ਕੇ ਬਾਦਲ ਸਰਕਾਰ ਨੇ ਸੌਦਾ ਸਾਧ ਦਾ ਕੇਸ ਬਠਿੰਡਾ ਅਦਾਲਤ ਵਿਚੋਂ ਵਾਪਸ ਲੈ ਲਿਆ ਕਿਉਂ, ਕੀ ਜਥੇਦਾਰਾਂ ਦੀ ਕੋਈ ਕੌਮੀ ਜ਼ਿੰਮੇਵਾਰੀ ਨਹੀਂ ਬਣਦੀ ਸੀ? ਕੀ ਤੁਸੀਂ ਦਬਕੇ ਮਾਰਨ ਵਾਸਤੇ ਹੀ ਹੋ?

ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਤੇ ਚਾਰ ਵਾਰ ਗੋਲੀ ਕਾਂਡ ਹੋਏ, ਚਾਰਾਂ ਵਿਚ ਹੀ ਸਿੱਖ ਸ਼ਹੀਦ ਹੁੰਦੇ ਰਹੇ। ਕੌਣ ਜਵਾਬ ਦੇਏਗਾ? ਜੱਥੇਦਾਰ ਜੀ ਤੁਸਾਂ ਤਾਂ ਅਕਾਲੀ ਦਲ ਬਾਦਲ ਹਾਰਨ ’ਤੇ ਸਮੁੱਚੀ ਕੌਮ ਨੂੰ ਬਤਮੀਜ਼ ਵਰਗੇ ਸ਼ਬਦ ਵੀ ਕਹਿਣੋ ਗੁਰੇਜ਼ ਨਹੀਂ ਕੀਤਾ।

ਮੋਦੀ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਬਣਾਏ ਅਕਾਲੀ ਦਲ ਬਾਦਲ ਹੁਬ-ਹੁਬ ਕੇ ਉਹਨਾਂ ਕਾਨੂੰਨਾਂ ਦੇ ਹੱਕ ਵਿਚ ਭੁਗਤਦਾ ਰਿਹਾ। ਬੀਬੀ ਹਰਿ ਸਿਮਰਤ ਕੌਰ ਤਾਂ ਇਹਨਾਂ ਕਾਨੂੰਨਾਂ ਦੀਆਂ ਖੂਬੀਆਂ ਸਮਝਾਉਦੀ ਰਹੀ। ਜਦੋਂ ਤੁਹਾਡੇ ਪੈਰਾਂ ਨੂੰ ਸੇਕ ਲੱਗਿਆ ਤਾਂ ਤੁਸਾਂ ਪਲਟੀ ਮਾਰੀ। ਜੇ ਜੰਮੂ ਕਸ਼ਮੀਰ ਦੀ 370 ਧਾਰਾ ਰੱਦ ਕੀਤੀ ਤਾਂ ਤੁਸਾਂ ਸਰਕਾਰ ਟੁਟਣ ਦੇ ਡਰੋਂ ਉਸ ਦੀ ਪੂਰੀ ਹਮਾਇਤ ਕੀਤੀ। ਸ਼ਰਮ ਵਾਲੀ ਗੱਲ ਹੈ ਕਿ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਦੀ ਕਿਸੇ ਸਮੇਂ ਗੱਲ ਕਰਨ ਵਾਲੀ ਜੱਥੇਬੰਦੀ ਨਿੱਜੀ ਲਾਲਸਾਵਾਂ ਵਿਚ ਡੁੱਬ ਕਿ ਰਹਿ ਗਈ ਹੈ।

ਜੱਥੇਦਾਰ ਜੀ! ਸ਼੍ਰੋਮਣੀ ਅਕਾਲੀ ਦਲ ਬਾਦਲ ਹੀ ਪੰਥ ਨਹੀਂ ਹੈ ਸਗੋਂ ਜਿਹੜਾ ਵੀ ਗੁਰੂ ਆਸ਼ੇ ਅਨੁਸਾਰ ਗੁਰੂ ਗ੍ਰੰਥ ਸਾਹਿਬ ’ਤੇ ਭਰੋਸਾ ਰੱਖਦਾ ਹੈ ਉਹ ਪੰਥ ਦਾ ਨਿਰੋਆ ਹਿੱਸਾ ਹੈ। ਬਰਗਾੜੀ ਮੁਆਮਲਾ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ, ਸ਼ਾਂਤ ਬੈਠੀਆਂ ਸੰਗਤਾਂ ’ਤੇ ਗੋਲੀ ਚਲਣੀ ਸੌਧਾ ਸਾਧ ਦੀ ਫਿਲਮ ਚਲਾਉਣ ਦੀ ਆਗਿਆ ਦੇਣੀ, ਇਹ ਸਾਰੀਆਂ ਗੱਲਾਂ ਇਹਨਾਂ ਦੇ ਖਾਤੇ ਵਿਚ ਹੀ ਪੈਂਦੀਆਂ ਹਨ ਕਿਉਂਕਿ ਬਾਦਲ ਦਲ ਸਰਕਾਰ ਚਲਾ ਰਿਹਾ ਸੀ। ਜੱਥੇਦਾਰ ਜੀ ਕੇਵਲ ਬਾਦਲ ਦਲ ਨੂੰ ਸਥਾਪਿਤ ਕਰਨ ਦੀ ਲੋੜ ਨਹੀਂ ਸਗੋਂ ਸਮੁੱਚੇ ਪੰਥ ਨੂੰ ਏਕਤਾ ਵਿਚ ਪਰੋਣ ਦੀ ਲੋੜ ਹੈ।

ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ ਵਾਲੀ ਵਿਚਾਰ ਵੀ ਕਰ ਲੈਣ ਵਿਚ ਕੋਈ ਹਰਜ ਨਹੀਂ। ਜੱਥੇਦਾਰ ਜੀ ਜਦੋਂ ਸੰਸਥਾ ਗਲਤ ਫੈਸਲੇ ਲਏਗੀ ਤਾਂ ਓਦੋਂ ਉਂਗਲਾਂ ਉਠਣਗੀਆਂ। ਕੀ ਸਿੰਘ ਸਾਹਿਬਾਨ ਤੇ ਚੰਡੀਗੜ੍ਹ ਜਾ ਕੇ ਸੌਦਾ ਸਾਧ ਦੀ ਮੁਆਫੀ ਦੀ ਇਬਾਰਤ ਲਿਖਣ ਦਾ ਦੋਸ਼ ਨਹੀਂ ਲੱਗ ਰਿਹਾ। ਕੀ ਸ਼੍ਰੋਮਣੀ ਕਮੇਟੀ ਦੀ ਬੌਧਿਕ ਜ਼ਿੰਮੇਵਾਰੀ ਨਹੀਂ ਬਣਦੀ ਸੀ ਕਿ ਕਮੇਟੀ ਬਦਨਾਮ ਹੋ ਜਾਏਗੀ? ਓਦੋਂ ਤਾਂ ਕੇਵਲ ਵੋਟਾਂ ਦੀ ਖਾਤਰ ਜਾਂ ਬਾਦਲ ਪਰਵਾਰ ਨੂੰ ਬਚਾਉਣ ਲਈ ਸਿੱਖਾਂ ਦੀ ਸਿਰਮੌਰ ਸੰਸਥਾ ਦਾ 92 ਲੱਖ ਸੰਗਤ ਦੀ ਚੜ੍ਹਤ ਵਿਚੋਂ ਇਸ ਕੰਮ ਲਈ ਲੱਗ ਗਿਆ ਕਿ ਸੌਦਾ ਸਾਧ ਤਾਂ ਬਹੁਤ ਧਰਮੀ ਪੁਰਸ਼ ਹੈ? ਕੀ ਸਾਡੀ ਸੰਸਥਾ ਇਸ

ਦਿਨ ਨੀਵੇਂ ਤਲ ’ਤੇ ਨਹੀਂ ਆ ਗਈ ਸੀ।

ਜੱਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਜੱਥੇਦਾਰ ਬਣਨ ਉਪਰੰਤ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਲਿਖਿਆ ਸੀ ਕਿ ਅਕਾਲ ਤੱਖਤ ਦੇ ਜੱਥੇਦਾਰ ਨੂੰ ਜੱਥੇਦਾਰ ਥਾਪਣ ਲਈ ਤੇ ਅਹੁਦੇ ਤੋਂ ਉਤਾਰਨ ਲਈ ਕੋਈ ਵਿਧੀ ਵਿਧਾਨ ਜ਼ਰੂਰ ਹੋਣਾ ਚਾਹੀਦਾ ਹੈ। ਅਜੇ ਤਕ ਸ਼੍ਰੋਮਣੀ ਕਮੇਟੀ ਨੇ ਅਜੇਹੇ ਸਵਾਲ ਵਲ ਕਦੇ ਤਵੱਜੋਂ ਦਿੱਤੀ? ਅਕਾਲ ਤੱਖਤ ਦੇ ਜੱਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਸਾਧ ਧਨਵੰਤ ਸਿੰਘ ਨੂੰ ਬਲਾਤਕਾਰ ਦੇ ਕੇਸ ਵਿਚ ਕਲੀਨ ਚਿੱਟ ਦਿੰਦੇ ਹਨ ਜਦ ਕਿ ਕੋਰਟ ਏਸੇ ਸਬੰਧ ਵਿਚ ਬਾ-ਮਸ਼ੱਕਤ ਸਜਾ ਸਣਾਉਂਦੀ ਹੈ, ਦੱਸੋ ਸਿੱਖ ਸੰਸਥਾ ਨੂੰ ਕੌਣ ਬਦਨਾਮ ਕਰ ਰਿਹਾ ਹੈ? ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ ਵਾਲੇ ਕਾਰਨਾਮੇ ਤੁਸੀਂ ਖ਼ੁਦ ਕਰੀ ਜਾ ਰਹੇ, ਦੋਸ਼ ਦੂਜਿਆਂ ਸਿਰ ਮੜ੍ਹ ਰਹੇ ਹੋ, ਹੈ ਨਾ ਜੱਗੋਂ ਤੇਰ੍ਹਵੀਂ। ਜੱਥੇਦਾਰ ਜੀ ਚੇਤਾ ਕਰੋ! ਤੁਸੀਂ ਖੁਦ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖਿਆ ਹੈ ਕਿ ਦਰਬਾਰ ਸਾਹਿਬ ਤੋਂ ਹੁੰਦੇ ਪ੍ਰਸਾਰਣ ਸਬੰਧੀ ਕੋਈ ਠੋਸ ਨੀਤੀ ਬਣਾਈ ਜਾਏ, ਕਮੇਟੀ ਆਪਣਾ ਚੈਨਲ ਆਪ ਬਣਾਵੇ, ਕੀ ਸਿੱਖ ਸੰਸਥਾ ਨੇ ਅਮਲ ਕਰ ਲਿਆ ਹੈ? ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ 328 ਪਾਵਨ ਸਰੂਪ ਕਿੱਥੇ? ਕੀ ਕੋਈ ਜ਼ਿੰਮੇਵਾਰੀ ਤਹਿ ਕੀਤੀ ਗਈ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੱਡੇ ਬਾਦਲ ਨੂੰ ਫ਼ਖਰ-ਏ-ਕੌਮ ਦਾ ਸਨਮਾਨ ਦਿੱਤਾ ਗਿਆ ਹੈ। ਜ਼ਰਾ ਦੱਸੋਗੇ ਕਿ ਬਾਦਲ ਨੂੰ ਇਹ ਸਨਮਾਨ ਕਿਉਂ ਦਿੱਤਾ ਗਿਆ। ਬਾਦਲ ਨੇ ਕੌਮ ਲਈ ਜਾਂ ਧਰਮ ਪਰਚਾਰ ਦੇ ਖੇਤਰ ਵਿਚ ਕੀ ਯੋਗਦਾਨ ਪਾਇਆ ਹੈ? ਗੁਰੂ ਨਾਨਕ ਯੂਨੀਵਰਸਟੀ ਵਿਚ ਬਾਬਾ ਰਾਮ ਸਿੰਘ ਨਾਮਧਾਰੀ ਦੇ ਨਾਂ ’ਤੇ ਸਤਿਗੁਰ ਰਾਮ ਸਿੰਘ ਚੇਅਰ ਸਥਾਪਿਤ ਕਰਕੇ ਗੁਰੁ ਸਾਹਿਬ ਦੀ ਬਰਾਬਰੀ ਨਹੀਂ ਕਰਾਈ?

ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਵੇ, ਸੌਧਾ ਸਾਧ ਦੇ ਅੱਗੇ ਹੱਥ ਬੰਨੀ ਖੜਾ ਹੋਵੇ, ਮੱਥੇ ’ਤੇ ਤਿਲਕ ਲਗਾ ਕੇ ਹਵਨ ਕਰਦਾ ਹੋਵੇ, ਸਿੱਖੀ ਸਰੋਕਾਰਾਂ ਵਲੋਂ ਪੂਰੀ ਤਰ੍ਹਾਂ ਮੂੰਹ ਮੋੜਿਆ ਹੋਵੇ—ਅਜੇਹੇ ਕਾਰਨਾਮਿਆਂ ਸਬੰਧੀ ਕਦੋਂ ਪੁੱਛ ਪੜਤਾਲ ਕਰੋਗੇ?

ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਸਿੱਖ ਸਿਧਾਂਤ ਤੋਂ ਉਲਟ ਕਰਮਾਂ ਦੀ ਸੂਚੀ ਬਹੁਤ ਲੰਬੀ ਹੈ। ਸਮਝਿਆ ਜਾ ਸਕਦਾ ਹੈ ਕਿ ਬਾਦਲ ਅਕਾਲੀ ਦਲ ਵਲੋਂ ਕੀਤੇ ਕੰਮਾਂ ’ਤੇ ਤੁਹਾਡੀ ਸਹਿਮਤੀ ਰਹੀ ਹੈ। ਜੇ ਅਜੇਹਾ ਨਹੀਂ ਸੀ ਤਾਂ ਤੁਹਾਨੂੰ ਸਮੇਂ ਸਿਰ ਜ਼ਰੂਰ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਚਾਹੀਦਾ ਸੀ। ਤੁਸੀਂ ਮੂਕ ਦਰਸ਼ਕ ਬਣੇ ਰਹੇ ਹੋ ਕਿਉਂ ਕਿ ਤੁਸੀਂ ਉਹਨਾਂ ਦੇ ਰਹਿਮੋ ਕਰਮ ’ਤੇ ਹੀ ਇਸ ਅਹੁਦੇ ’ਤੇ ਬਿਰਾਜਮਾਨ ਹੋ।

ਜੱਥੇਦਾਰ ਜੀ ਅਕਾਲੀਆਂ ਦੀ ਸਰਕਾਰ ਹੋਵੇ, ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਹੋਵੇ, ਤੁਸੀਂ ਦੱਸ ਦਿਓ ਜ਼ਿੰਮੇਵਾਰੀ ਕਿਸਦੀ ਹੈ? ਹੁਣ ਅਦਾਲਤ ਵਿਚ ਕੇਸ ਦਰਜ ਹੋਇਆ ਕਿ ਬਾਦਲ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਤਥਾਂ ਨੂੰ ਲੁਕਾਇਆ ਗਿਆ ਹੈ ਅਤੇ ਜਾਣ ਬੁਝ ਕਿ ਜਾਂਚ ਨੂੰ ਹੋਰ ਪਾਸੇ ਲਿਜਾਣ ਦਾ ਯਤਨ ਕੀਤਾ ਹੈ। ਇਹ ਸਾਰਾ ਮਸਲਾ ਸਿੱਖ ਕੌਮ ਦੇ ਸਰੋਕਾਰਾਂ ਨਾਲ ਜੁੜਿਆ ਹੈ, ਕੀ ਅਕਾਲ ਤੱਖਤ ਵਲੋਂ ਕੋਈ ਕਾਰਵਾਈ ਕੀਤੀ ਗਈ? ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਬਰਗਾੜੀ ਮੋਰਚਾ ਲੱਗਿਆ ਹੈ ਕੀ ਆਪ ਜੀ ਕਦੇ ਓੱਥੇ ਗਏ ਹੋ। ਜੇ ਨਹੀਂ ਗਏ ਤਾਂ ਇਸ ਦਾ ਜੁਆਬ ਕੌਣ ਦੇਏਗਾ?

ਦਿਨ ਦੀ ਚਿੱਟੀ ਧੁੱਪ ਵਾਂਗ ਇਹ ਸੱਚ ਹੈ ਕਿ ਬੰਦੀ ਸਿੰਘਾਂ ਸਬੰਧੀ ਬਾਦਲ ਦਲ ਦੀ ਸਰਕਾਰ ਨੇ ਅੜਿਕਾ ਹੀ ਖੜਾ ਕੀਤਾ ਹੈ ਸਗੋਂ ਲੋਕ ਸਭਾ ਰਾਜ ਸਭਾ ਜਾਂ ਵਿਧਾਨ ਸਭਾ ਵਿਚ ਇਹਨਾਂ ਨੂੰ ਕਿੰਨੇ ਮੌਕੇ ਮਿਲੇ ਹਨ ਇਹਨਾਂ ਨੇ ਕਦੇ ਜ਼ਬਾਨ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਹਾਅ ਦਾ ਨਾਅਰਾ ਨਹੀਂ ਮਾਰਿਆ। ਤੁਸੀਂ ਏਨਾ ਕੁ ਪੁਛ ਸਕਦੇ ਹੋ ਕਿ ਤੁਸੀਂ ਪੰਥ ਦੇ ਭਲੇ ਲਈ ਕਿਹੜਾ ਕੰਮ ਕੀਤਾ ਜੇ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੋਈ ਨਹੀਂ ਤੋੜ ਸਕਦਾ ਪਰ ਇਸ ਦੀ ਅਰੰਭਤਾ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਨਾਲ ਹੀ ਮੁੱਢ ਬੱਝ ਗਿਆ ਸੀ। ਫਿਰ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦਾ ਪ੍ਰਬੰਧ ਸਹੀ ਕਰਨ ਲਈ ਓੱਥੇ ਰਹਿ ਰਹੇ ਸਿੱਖ ਭਾਈਚਾਰੇ ਤੇ ਹੋਰ ਬਾਹਰਲੇ ਦੇਸ਼ਾਂ ਦੀ ਸਹਾਇਤਾ ਨਾਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ। ਹੁਣ ਹਰਿਆਣਾ ਵਿਚਲੇ ਗੁਰਦੁਆਰਿਆਂ ਦਾ ਪ੍ਰਬੰਧ ਹਰਿਆਣੇ ਦੇ ਸਿੱਖਾਂ ਨੇ ਆਪ ਕਰਨ ਦਾ ਯਤਨ ਕੀਤਾ ਹੈ ਤਾਂ ਰੋਸ ਕਿਸ ਗੱਲ ਦਾ? ਸ਼੍ਰੋਮਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਾਂ ਇਹ ਹਾਲ ਸੀ ਕਿ ਜੇ ਕਿਸੇ ਮੁਲਾਜ਼ਮ ਨੂੰ ਸਜਾ ਦੇਣੀ ਹੁੰਦੀ ਸੀ ਤਾਂ ਉਸ ਨੂੰ ਹਰਿਆਣੇ ਦੇ ਕਿਸੇ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ ਜਾਂਦਾ ਰਿਹਾ ਹੈ। ਜੇਹਾ ਭਾਈ ਗੁਰਮੁਖ ਸਿੰਘ ਨੇ ਜਦੋਂ ਚੰਡੀਗੜ੍ਹ ਵਾਲਾ ਸੱਚ ਲੋਕਾਂ ਸਾਹਮਣੇ ਰੱਖਿਆ ਤਾਂ ਉਸ ਦੀ ਬਦਲੀ ਵੀ ਹਰਿਆਣੇ ਦੇ ਗੁਰਦੁਆਰਾ ਵਿਚ ਹੀ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਹਰਿਆਣੇ ਦੇ ਗੁਰਦੁਆਰਿਆਂ ਨੂੰ ਏਦਾਂ ਸਮਝਿਆ ਹੋਇਆ ਸੀ ਜਿਵੇਂ ਕਾਲੇਪਾਣੀ ਦੀ ਸਜਾ ਦੇਣੀ ਹੋਵੇ।

ਸ਼੍ਰੋਮਣੀ ਕਮੇਟੀ ਨੂੰ ਕੋਈ ਨਹੀਂ ਤੋੜ ਸਕਦਾ ਸਿਰਫ ਹਰਿਆਣੇ ਵਿਚੋਂ ਬਾਦਲ ਦਾ ਦਬਦਬਾ ਹੀ ਖਤਮ ਹੋਇਆ ਹੈ ਗੁਰਦੁਆਰਿਆਂ ਦਾ ਪ੍ਰਬੰਧ ਤਾਂ ਓਦਾਂ ਹੀ ਚਲ ਰਿਹਾ ਹੈ। ਜੇ ਹਰਿਆਣੇ ਦੇ ਗਰੁਦੁਆਰਿਆਂ ਵਿਚ ਸਿੱਖ ਰਹਿਤ ਮਰਿਯਾਦਾ ਲਾਗੂ ਹੈ ਫਿਰ ਕੀ ਸਮੱਸਿਆ ਹੈ?

ਜੱਥੇਦਾਰ ਜੀ ਚੌਥਾ ਨੁਕਤਾ ਜਿਹੜਾ ਤੁਸਾਂ ਕਹਿਆ ਹੈ ਕਿ ਜਿਸ ਤਰ੍ਹਾਂ ਸ਼ਰੋਮਣੀ ਕਮੇਟੀ ਤੋੜੀ ਹੈ ਏਸੇ ਤਰ੍ਹਾਂ ਭਾਰਤ ਦੀ ਪਾਰਲੀਮੈਂਟ ਵੀ ਟੁੱਟੇਗੀ? ਕੀ ਇਸ ਤਰਕ ਵਿਚ ਕੋਈ ਬੋਧਿਕਤਾ ਦਿਖਾਈ ਦਿੰਦੀ ਹੈ? ਇਹ ਤਾਂ ਹਾਰੀਆਂ ਹੋਈਆਂ ਕੌਮਾਂ ਦੇ ਤਰਲੇ ਹਨ। ਏਦਾਂ ਦਾ ਵਰਤਾਰਾ ਗੁਰੂ ਨਾਨਕ ਸਾਹਿਬ ਜੀ ਦੇ ਵੀ ਸਾਹਮਣੇ ਸੀ ਜਦੋਂ ਭਾਰਤ ਦੇ ਪਾਖੰਡੀ ਸਾਧੂ ਰਾਜਿਆਂ ਨੂੰ ਇਹ ਕਹਿੰਦੇ ਸੀ ਕਿ ਤੁਸੀਂ ਸਾਡੀ ਸੇਵਾ ਪਾਣੀ ਜਾਰੀ ਰੱਖੋ ਅਸੀਂ ਨਾਮ ਜਪਾਂਗੇ, ਜਦੋਂ ਵੀ ਤੁਹਾਡੇ ’ਤੇ ਮੁਸੀਬਤ ਬਣੇਗੀ ਅਸੀਂ ਗੈਬੀ ਸ਼ਕਤੀਆਂ ਨਾਲ ਮੰਤ੍ਰ ਫੂਕਾਂਗੇ ਜਿਸ ਨਾਲ ਹਮਲਾਵਰ ਅੰਨ੍ਹੇ ਹੋ ਜਾਣਗੇ, ਤੁਸਾਂ ਫਿਰ ਕਬਜ਼ਾ ਕਰ ਲੈਣਾ। ਅਜੇਹੇ ਪਾਖੰਡ ਦਾ ਗੁਰੂ ਨਾਨਕ ਸਾਹਿਬ ਜੀ ਨੇ ਪਰਦਾ ਚੁੱਕ ਦਿੱਤਾ—

ਕੋਈ ਮੁਗਲ ਨ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ॥ ਪੰਨਾ 417

ਸਤਿਕਾਰ ਯੋਗ ਜੱਥੇਦਾਰ ਜੀ ਕੌਮ ਨੂੰ ਡੇਰਾਵਾਦ ਦੀ ਅਮਰਵੇਲ ਚੰਬੜੀ ਹੋਈ ਹੈ, ਰਾਜਨੀਤਿਕ ਪੱਖ ਸਿੱਖੀ ਸਿਧਾਂਤ ਦੀਆਂ ਲੀਹਾਂ ਤੋਂ ਲੱਥਿਆ ਹੋਇਆ ਹੈ, ਸਿੱਖ ਰਾਇਫ੍ਰੈਂਸ ਲਾਇਬ੍ਰੇਰੀ ਦਾ ਮਸਲਾ ਹੱਲ ਕਰਨ ਲਈ ਕਮੇਟੀ ਬਣਾਈ ਸੀ ਪਰ ਨਿਤਾਰਾ ਕੋਈ ਨਹੀਂ ਹੋਇਆ। ਸਰਕਾਰ ਆਖਦੀ ਹੈ ਸਾਰੀਆਂ ਪੁਸਤਕਾਂ ਵਾਪਸ ਕਰ ਦਿੱਤੀਆਂ,ਪਰ ਸ਼੍ਰੋਮਣੀ ਕਮੇਟੀ ਆਖਦੀ ਹੈ ਕਿ ਪੁਸਤਕ ਵਾਪਸ ਕੋਈ ਨਹੀਂ ਆਈ। ਇਸ ਦਾ ਨਿਪਟਾਰਾ ਕੌਣ ਕਰੇਗਾ? ਇਹ ਜ਼ਿੰਮੇਵਾਰੀ ਕਿਸਦੀ ਹੈ? ਸਭ ਤੋਂ ਵੱਡਾ ਦੁਖਾਂਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਮੇਂ ਸਿਰ ਚੋਣਾਂ ਹੀ ਨਹੀਂ ਹੁੰਦੀਆਂ, ਇਸ ਸਬੰਧੀ ਕੋਈ ਕੌਮੀ ਰਾਇ ਪੈਦਾ ਕਰਨ ਲਈ ਠੋਸ ਉਪਰਾਲਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਅੱਜ ਕੀ ਕਾਰਨ ਹੈ ਕਿ ਕੌਮ ਦਾ ਜੱਥੇਦਾਰ ਬੰਦ ਗੱਡੀਆਂ ਵਿਚ ਆਉਂਦਾ ਜਾਂਦਾ ਹੈ ਜਾਂ ਗਿਣਤੀ ਮਿਣਤੀ ਦੇ ਗੁਰਦੁਆਰਿਆਂ ਵਿੱਚ ਹੀ ਜਾਂਦਾ ਹੈ। ਅਜ਼ਾਦੀ ਨਾਲ ਕਿਉਂ ਨਹੀਂ ਸਿੱਖੀ ਦੇ ਪ੍ਰਚਾਰ ਵਿਚ ਯੋਗਦਾਨ ਪਾ ਰਹੇ। 2003 ਵਾਲਾ ਕੈਲੰਡਰ ਲਾਗੂ ਕਰਨ ਵਿਚ ਕੀ ਦਿੱਕਤ ਹੈ? ਜਿਹੜੇ ਕੰਮ ਤੁਹਾਡੇ ਕਰਨ ਵਾਲੇ ਹਨ ਘੱਟੋ ਘੱਟ ਉਹ ਤਾਂ ਤੁਸੀਂ ਕਰ ਲਓ। ਸਤਿਕਾਰ ਯੋਗ ਜੱਥੇਦਾਰ ਜੀ ਤੁਸੀਂ ਇਕ ਧਿਰ ਦੇ ਜੱਥੇਦਾਰ ਨਹੀਂ ਹੋ ਤੁਸੀਂ ਸਮੁੱਚੇ ਪੰਥ ਨਾਲ ਸਬੰਧ ਰੱਖਦੇ ਹੋ।

ਪਰ ਲੱਗਦਾ ਹੈ ਕਿ ਤੁਹਾਨੂੰ ਡੇਰਿਆਂ ਤੋਂ ਹੀ ਵੇਹਲ ਨਹੀਂ ਹੈ। ਜਿਹੜੇ ਡੇਰੇਦਾਰ ਆਪੋ ਆਪਣੀ ਮਰਯਾਦਾ ਚਲਾ ਰਹੇ ਹਨ, ਗੁਰੁ ਗ੍ਰੰਥ ਸਾਹਿਬ ਜੀ ਦੀ ਸਿਰਮੋਰਤਾ ਨੂੰ ਚਣੌਤੀ ਦੇ ਰਹੇ ਹਨ, ਉਨ੍ਹਾਂ ਦੀ ਸਲਾਹ ਨਾਲ ਚੱਲਣਾ ਹੀ ਤੁਹਾਡਾ ਧਰਮ ਬਣਿਆ ਹੋਇਆ ਹੈ। ਸਪੱਸ਼ਟ ਕਾਰਨ ਹੈ ਕਿ ਡੇਰਿਆਂ ਦੀਆਂ ਵੋਟਾਂ ਅਕਾਲੀ ਦਲ ਬਾਦਲ ਨੂੰ ਚਾਹੀਦੀਆਂ ਹਨ ਤੇ ਤੁਸੀਂ ਅਕਾਲੀ ਦਲ ਬਾਦਲ ਦੀ ਲਕੀਰ ਤੋਂ ਪਾਸੇ ਹੋਣ ਦੀ ਸੋਚ ਵੀ ਨਹੀਂ ਸਕਦੇ।

ਜੱਥੇਦਾਰ ਜੀ ਦੋਸ਼ ਦੂਜਿਆਂ ’ਤੇ ਲਾਉਣ ਨਾਲ ਕੁਝ ਨਹੀਂ ਹੋਣਾ, ਕਿਉਂਕਿ ਲੋਕ ਜਾਣਦੇ ਹਨ ਕਿ ਸਾਰੀ ਡਰਾਮੇਬਾਜ਼ੀ ਅਕਾਲੀ **ਬਾਕੀ ਸਫਾ 21 ’ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**ਸਵਾਲ—ਗੁਰਬਾਣੀ ਵਿਚ ਪਸ਼ੂ ਕਿਸ ਨੂੰ ਕਿਹਾ ਗਿਆ ਹੈ?**

**ਜਵਾਬ**—ਜੋ ਬਿਬੇਕ ਬੁੱਧੀ ਤੋਂ ਰਹਿਤ, ਸਵੈ ਸਤਿਕਾਰ ਹੀਨ, ਉਪਕਾਰ ਦੇ ਤਿਆਗੀ, ਕਰਤਾਰ ਤੋਂ ਵਿਮੁੱਖ ਲ਼ੋਕ ਹਨ, ਉਹਨਾਂ ਦੀ ਪਸ਼ੂ ਸੰਗਿਆ ਹੈ—ਜੇਹਾ ਕਿ ਗੁਰਬਾਣੀ ਵਾਕ ਹੈ—

**ਕਰਤੂਤਿ ਪਸੂ ਕੀ ਮਾਨਸ ਜਾਤਿ ॥**
**ਲੋਕ ਪਚਾਰਾ ਕਰੈ ਦਿਨੁ ਰਾਤਿ ॥ (267)**

ਬਿਬੇਕ ਹੀਣ ਲੋਕਾਂ ਨਾਲੋਂ ਤਾਂ ਪਸ਼ੂ ਚੰਗੇ ਹਨ ਜਿਹੜੇ ਘਾਹ ਖਾਹ ਕੇ ਮਿੱਟਾ ਦੁੱਧ ਦਿੰਦੇ ਹਨ—

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥**
**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ (489)**

**ਸਵਾਲ—ਪਸ਼ਚਾਤਾਪ ਤੋਂ ਕੀ ਭਾਵ ਹੈ?**

**ਜਵਾਬ**—ਕੁਕਰਮ ਕਰਨ ਪਿੱਛੋਂ ਮਨ ਅੰਦਰ ਸੰਤਾਪ ਹੋਣਾ ਅਤੇ ਅੱਗੇ ਨੂੰ ਤੋਬਾ ਕਰ ਕੇ ਕਰਤਾਰ ਦੀ ਸ਼ਰਨ ਲੈਣੀ ਅਰ ਵਿਕਾਰਾਂ ਦਾ ਤਿਆਗ ਕਰਨਾ ਗੁਰਮੁਖਤਾ ਦਾ ਸਾਧਨ ਹੈ—

**ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ (598)**

**ਸਵਾਲ—ਪਤਿਤ ਤੋਂ ਕੀ ਭਾਵ ਹੈ?**

**ਜਵਾਬ**—ਜੋ ਆਪਣੀ ਪਦਵੀ ਤੋਂ ਪਤਨ ਹੋ ਗਿਆ ਭਾਵ ਡਿੱਗ ਪਿਆ, ਉਸ ਨੂੰ ਪਤਿਤ ਆਖੀਦਾ ਹੈ। ਖਾਲਸੇ ਦੇ ਸੰਕੇਤ ਅਨੁਸਾਰ ਚਾਰ ਤਨਖਾਹਾਂ ਵਿਚੋਂ ਕਿਸੇ ਦੇ ਕਰਨ ਵਾਲਾ ਪਤਿਤ ਹੋ ਜਾਂਦਾ ਹੈ। ਜਿਸ ਤਰ੍ਹਾਂ ਕੇਸਾਂ ਦੀ ਬੇ-ਅਦਬੀ, ਕੁੱਠਾ ਖਾਣ ਵਾਲਾ, ਜਗਤ ਝੂਠ ਤੰਮਾਕੂ ਦੀ ਵਰਤੋਂ ਕਰਨ ਵਾਲਾ ਤੇ ਪਰ-ਇਸਤ੍ਰੀ ਜਾਂ ਪਰ ਪੁਰਸ਼ ਗ਼ਾਮੀ ਚਾਰ ਬੱਜਰ ਕੁਰਹਿਤਾਂ ਹਨ। ਪਤਿਤ ਨੂੰ ਨਵੇਂ ਸਿਰੇ ਤੋਂ ਅੰਮ੍ਰਿਤ ਛੱਕ ਕੇ ਸ਼ੁੱਧ ਕੀਤਾ ਜਾਂਦਾ ਹੈ।

**ਸਵਾਲ—ਪਾਖੰਡ ਤੋਂ ਕੀ ਭਾਵ ਹੈ?**

**ਜਵਾਬ**—ਮਾਨ ਅਤੇ ਪਦਾਰਥਾਂ ਦੇ ਲਾਲਚ ਵਿੱਚ ਫਸ ਕੇ ਆਪਣੀ ਰਹਿਣੀ ਵਿਰੁੱਧ ਦਿਖਾਵੇ ਮਾਤ੍ਰ ਕਰਮ ਕਰਨੇ ਅਤੇ ਲਿਬਾਸ ਤਥਾ ਚਿੰਨ੍ਹ ਭਲੇ ਲੋਕਾਂ ਦੇ ਬਣਾਉਣੇ ਪਾਖੰਡ ਅਰ ਭੇਖ ਹੈ—

**ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥**
**ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥ (26)**

**ਸਵਾਲ— 'ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ॥ ' ਤੁਕ ਤੋਂ ਕੀ ਭਾਵ ਹੈ?**

**ਜਵਾਬ**— ਭਾਰਤ ਵਿੱਚ ਧਰਮ ਦੀ ਦੁਨੀਆਂ ਅੰਦਰ ਅਜੀਬ ਕਿਸਮ ਦੇ ਪਾਖੰਡ ਚਲਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਬਾਰ੍ਹਾਂ ਪੂਰਬੀਏ ਤੇਰ੍ਹਾਂ ਚੁੱਲੇ- ਉਪਰੋਕਤ ਅੱਧੀ ਤੁੱਕ ਭਗਤ ਕਬੀਰ ਸਾਹਿਬ ਜੀ ਦੀ ਹੈ ਇਹ ਪੂਰੀਆਂ ਤੋਂ ਤੁਕਾਂ ਹਨ—

**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**
**ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥ (476)**

ਸਬਜ਼ੀ ਜਾਂ ਰੋਟੀ ਪਕਾਉਣ ਲਈ ਵੱਖੋ ਵੱਖਰੇ ਚੁੱਲ੍ਹੇ ਬਣਾਏ ਜਾਂਦੇ ਹਨ। ਕਰਮ ਕਾਂਡੀ ਇਹ ਮੰਨਦੇ ਹਨ ਕਿ ਇਕ ਵਾਰ ਅੱਗ ਬਾਲ਼ ਕੇ ਇਕੋ ਵਸਤੂ ਬਣਾਉਣੀ ਚਾਹੀਦੀ ਹੈ। ਜੇ ਦੂਜੀ ਕੋਈ ਵਸਤੂ ਤਿਆਰ ਕਰਨੀ ਹੋਵੇ ਤਾਂ ਨਵਾਂ ਚੁੱਲਾ ਲੇਪਨ ਕਰਕੇ ਤਿਆਰ ਕਰਨਾ ਚਾਹੀਏ।

**ਸਵਾਲ—ਪੂਜਨ ਜਾਂ ਪੂਜਾ ਤੋਂ ਭਾਵ ਹੈ?**

**ਜਵਾਬ**—ਕਿਸੇ ਖ਼ਾਸ ਸਥਾਨ ਅਤੇ ਖਾਸ ਸਮੱਗ੍ਰੀ ਨਾਲ ਸਰਬ-ਵਿਆਪੀ ਕਰਤਾਰ ਦਾ ਪੂਜਨ ਜਾਂ ਪੂਜਾ ਕਰਨੀ ਸਿੱਖ ਧਰਮ ਵਿਚ ਨਿਸ਼ੇਧ ਕੀਤਾ ਗਿਆ ਹੈ। ਪਰਮ ਪਿਤਾ ਵਾਹਿਗੁਰੂ ਦੀ ਪੂਜਾ ਦਾ ਪਰਕਾਰ ਗੁਰੂ ਸਾਹਿਬ ਇਸ ਤਰ੍ਹਾਂ ਉਪਦੇਸ਼ ਕਰਦੇ ਹਨ—

**ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥**
**ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥1॥**
**ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥1॥ ਰਹਾਉ॥**
**ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥**
**ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥2॥ (489)**

**ਅੱਖਰੀਂ ਅਰਥ**-- (ਹੇ ਪ੍ਰਭੂ!) ਜੇ ਮੈਂ ਤੇਰੇ ਨਾਮ (ਦੀ ਯਾਦ) ਨੂੰ ਚੰਨਣ ਦੀ ਲੱਕੜੀ ਬਣਾ ਲਵਾਂ, ਜੇ ਮੇਰਾ ਮਨ (ਉਸ ਚੰਦਨ ਦੀ ਲੱਕੜੀ ਨੂੰ ਘਸਾਣ ਵਾਸਤੇ) ਸਿਲ ਬਣ ਜਾਏ, ਜੇ ਮੇਰਾ ਉੱਚਾ ਆਚਰਨ (ਇਹਨਾਂ ਦੇ ਨਾਲ) ਕੇਸਰ (ਬਣ ਕੇ) ਰਲ ਜਾਏ, ਤਾਂ ਤੇਰੀ ਪੂਜਾ ਮੇਰੇ ਹਿਰਦੇ ਦੇ ਅੰਦਰ ਹੀ ਪਈ ਹੋਵੇਗੀ।1।

(ਹੇ ਭਾਈ!) ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ, ਇਹੀ ਪੂਜਾ ਕਰਨੀ ਚਾਹੀਦੀ ਹੈ। ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਪੂਜਾ (ਐਸੀ) ਨਹੀਂ (ਜੋ ਪਰਵਾਨ ਹੋ ਸਕੇ)।1। ਰਹਾਉ।

ਜਿਵੇਂ ਬਾਹਰ ਦੇਵ-ਮੂਰਤੀਆਂ ਦੇ ਇਸ਼ਨਾਨ ਕਰਾਈਦੇ ਹਨ, ਤਿਵੇਂ ਜੇ ਕੋਈ ਮਨੁੱਖ ਆਪਣੇ ਮਨ ਨੂੰ (ਨਾਮ-ਸਿਮਰਨ ਨਾਲ) ਧੋਵੇ, ਤਾਂ ਉਸ ਦੇ ਮਨ ਦੀ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ, ਉਸ ਦੀ ਜਿੰਦ ਸੁੱਧ-ਪਵਿਤ੍ਰ ਹੋ ਜਾਂਦੀ ਹੈ, ਉਸ ਦਾ ਜੀਵਨ-ਸਫ਼ਰ ਵਿਕਾਰਾਂ ਤੋਂ ਆਜ਼ਾਦ ਹੋ ਜਾਂਦਾ ਹੈ।2।

**ਸਵਾਲ—ਪੂਜਾ ਦੇ ਧਾਨ ਤੋਂ ਕੀ ਭਾਵ ਹੈ?**

**ਜਵਾਬ**—ਜਿਸ ਤਰ੍ਹਾਂ ਅੱਗ ਦਾ ਕੁੰਡ ਬ਼ਲਦਾ ਹੋਵੇ ਤੇ ਇਕ ਛੰਨਾ ਪਾਣੀ ਦਾ ਉਸ ਵਿਚ ਪਾ ਦਈਏ ਤਾਂ ਉਹ ਛੰਨਾ ਪਾਣੀ ਦਾ ਅੱਗ ਦੇ ਨਾਲ ਹੀ ਖਤਮ ਹੋ ਜਾਂਦਾ ਹੈ ਪਰ ਜੇ ਅੱਗ ਥੋੜੀ ਹੋਵੇ ਤਾਂ ਉਹ ਪਾਣੀ ਅੱਗ ਬੁਝਾ ਦਿੰਦਾ ਹੈ। ਇਹ ਦਿਸ਼ਟਾਂਤ ਸਾਨੂੰ ਸਮਝਾਉਂਦਾ ਹੈ ਕਿ ਸ਼ੁਭ ਗੁਣਾਂ ਨੂੰ ਅੱਗ ਆਖਿਆ ਹੈ ਤੇ ਪੂਜਾ ਦੇ ਧਾਨ ਨੂੰ ਪਾਣੀ ਆਖਿਆ ਹੈ। ਜੇ ਸ਼ੁਭ ਗੁਣਾਂ ਦੀ ਅਗਨੀ ਤੇਜ਼ ਹੈ ਤਾਂ ਥੋੜਾ ਪੂਜਾ ਦਾ ਧਾਨ ਨੁਕਸਾਨ ਨਹੀਂ ਕਰਦਾ ਜੇ ਸ਼ੁਭ ਗੁਣਾਂ ਦੀ ਅੱਗ ਘੱਟ ਹੈ ਤਾਂ ਪੂਜਾ ਦਾ ਧਾਨ ਜ਼ਿਆਦਾ ਹੈ ਤਾਂ ਸ਼ੁਭ ਗੁਣ ਖਤਮ ਹੁੰਦਿਆਂ ਦੇਰ ਨਹੀਂ ਲਗਦੀ। ਮੁਕਦੀ ਗੱਲ ਪੂਜਾ ਦਾ ਕੋਈ ਮਾੜਾ ਨਹੀਂ ਜਿਹੜਾ ਮਿਹਨਤ ਦਾ ਫਲ਼ ਹਰੇਕ ਨੂੰ ਮਿਲਣਾ ਚਾਹੀਦਾ ਹੈ। ਹਾਂ ਧਾਰਮਿਕ ਅਸਥਾਨਾਂ 'ਤੇ ਪਰਜਾ ਲਈ ਆਈ ਸੇਵਾ ਨੂੰ ਨਿੱਜੀ ਗ਼ਰਜ਼ਾਂ ਲਈ ਵਰਤਣਾ ਅਸਲ ਪੂਜਾ ਦਾ ਧਾਨ ਖਾਣਾ ਹੈ।

ਦਰਅਸਲ ਕਿਸੇ ਵੀ ਮਹਿਕਮੇ ਵਿਚ ਕੋਈ ਵੀ ਮੁਲਾਜ਼ਮ ਜੇ ਉਹ ਇਮਾਨਦਾਰੀ ਨਾਲ ਆਪਣਾ ਕੰਮ ਨਹੀਂ ਕਰਦਾ ਤਾਂ ਉਹ ਪੂਜਾ ਦਾ ਦਾਨ ਹੀ ਖਾ ਰਿਹਾ ਹੈ।

**ਸਵਾਲ--ਪੈਰੀਂ ਪੈਣ ਤੋਂ ਕੀ ਭਾਵ ਹੈ?**

**ਜਵਾਬ**—ਗੁਰਮੁਖਾਂ ਗੁਰਸਿੱਖਾਂ ਦੇ ਚਰਣ ਸਪਰਸ਼ ਕਰਨੇ, ਨਿਮ੍ਰਤਾ ਨਾਲ ਬਜ਼ੁਰਗਾਂ ਦਾ ਸਨਮਾਨ ਕਰਨਾ ਗੁਰਘਰ ਦੀ ਮੁੱਢ ਦੀ ਰੀਤੀ ਚਲੀ ਆ ਰਹੀ ਹੈ। ਹਉਮੈ ਵਿਚ ਗ੍ਰਸੇ ਹੋਏ ਮਨੁੱਖਾਂ ਦੇ ਜਾਂ ਆਪਣੇ ਤੋਂ ਛੋਟੀ ਉਮਰ ਕਿਸੇ ਵਿਅਕਤੀ ਦੇ ਆਪਣੀ ਗ਼ਰਜ਼ ਪੂਰੀ ਕਰਨ ਹਿੱਤ ਚਰਣ ਛੂਹਣੇ ਰਹਿਤ ਵਿਰੁੱਧ ਹੈ। ਦੇਹ ਧਾਰੀ ਬਣੇ ਗੁਰੂਆਂ ਜਾਂ ਸਾਧਾਂ ਦੇ ਪੈਰੀਂ ਪੈਣਾ ਗੁਰ-ਮਰਿਯਾਦਾ ਨਹੀਂ ਹੈ।

ਭਾਈ ਗੁਰਦਾਸ ਜੀ ਦਾ ਵਾਕ ਹੈ—

**ਪੈਰੀ ਪਵਣਾ ਸਤਿਗੁਰੂ ਗੁਰ ਸਿਖਾ ਰਹਰਾਸਿ ਸਰੇਖੀ॥**
**ਰਾਜਾ ਰੰਕੁ ਬਰਾਬਰੀ ਬਾਲਕ ਬਿਰਧਿ ਨ ਭੇਦੁ ਨਿਮੇਖੀ॥**

**(ਵਾਰ-23, ਪਉੜੀ-20)**



# ਸ਼ਬਦ ਵਿਚਾਰ

## ਸਾਕਤ ਤੋਂ ਸੂਝਵਾਨ

**ਇਹ** ਬੰਦਾ ਰੱਬ ਤੋਂ ਟੁੱਟਿਆ ਹੋਇਆ ਤੇ ਇਹ ਰੱਬ ਨਾਲ ਜੁੜਿਆ ਹੋਇਆ ਅਕਸਰ ਦੋ ਰਾਏ ਆਮ ਚਲਦੀਆਂ ਰਹਿੰਦੀਆਂ ਹਨ। ਰੱਬ ਨਾਲੋਂ ਟੁੱਟਣ ਦਾ ਅਰਥ ਵਿਕਾਰੀ, ਅਯਾਸ਼, ਬੇਈਮਾਨ, ਹੰਕਾਰੀ, ਕਿਸੇ ਦਾ ਕੋਈ ਵੀ ਨੁਕਸਾਨ ਕਰ ਦੇਣ ਵਾਲੀ ਬਿਰਤੀ ਨੂੰ ਕਹਿਆ ਗਇਆ ਹੈ। ਰੱਬ ਨਾਲ ਜੁੜੇ ਹੋਏ ਤੋਂ ਭਾਵ ਇਮਾਨਦਾਰੀ, ਕਿਸੇ ਦੇ ਕੰਮ ਆ ਸਕਣ ਦੀ ਭਾਵਨਾ ਤੇ ਖੁਦਗਰਜ਼ੀ ਤੋਂ ਉੱਪਰ ਉੱਠਣ ਵਾਲੇ ਨੂੰ ਕਿਹਾ ਗਿਆ ਹੈ।

ਮਨੁੱਖ ਦੀ ਬਹੁਤ ਵੱਡੀ ਮਾਨਸਿਕ ਕਮਜ਼ੋਰੀ ਰਹੀ ਹੈ ਕਿ ਇਹ ਆਪਣੇ ਤੋਂ ਅੱਗੇ ਜਾਂਦੇ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਦੂਜਾ ਇਹ ਦੂਜਿਆਂ ਦੇ ਬੇ-ਲੋੜੇ ਐਬ ਫੋਲ ਕੇ ਆਪਣੇ ਮਨ ਨੂੰ ਝੂਠੀ ਤਸੱਲੀ ਦੇਂਦਾ ਰਹਿੰਦਾ ਹੈ ਕਿ ਮੇਰੇ ਵਰਗਾ ਹੋਰ ਕੋਈ ਵੀ ਨਹੀਂ ਹੈ। ਆਪਣੇ ਆਪ ਨੂੰ ਬਹੁਤ ਹੀ ਸਿਆਣਾ ਸਾਬਤ ਕਰਨ ਲਈ ਦੂਜਿਆਂ ਨਾਲ ਵਲ਼-ਫਰੇਬ ਕਰਨ ਤੋਂ ਵੀ ਕੰਨੀ ਨਹੀਂ ਕਤਰਾਉਂਦਾ। ਮਨੁੱਖ ਨੂੰ ਸਭ ਤੋਂ ਵੱਧ ਤਸੱਲੀ ਓਦੋਂ ਮਹਿਸੂਸ ਹੁੰਦੀ ਹੈ ਜਦੋਂ ਇਸ ਦੇ ਕੋਲ ਗਵਾਢੀਆਂ ਦੀ ਵਧਾ ਚੜ੍ਹਾ ਕੇ ਕੋਈ ਨਿੰਦਿਆ ਕਰਦਾ ਹੋਵੇ ਜਿਸ ਨਾਲ ਇਸ ਨੂੰ ਬਹੁਤ ਰਸ ਮਿਲਦਾ ਹੈ। ਇਸ ਦੇ ਨਾਲ ਹੀ ਜਦੋਂ ਇਸ ਦੀ ਕੋਈ ਤਾਰੀਫ਼ ਕਰਦਾ ਹੈ ਤਾਂ ਇਸ ਨੂੰ ਵੀ ਇਹ ਮਾਨਸਿਕ ਤ੍ਰਿਪਤੀ ਸਮਝਦਾ ਹੈ।

ਸਾਡੇ ਸਮਾਜ ਵਿੱਚ ਸਾਕਤ ਮਨੁੱਖ ਨੂੰ ਲਾਹਣਤੀਆ ਵੀ ਆਖਿਆ ਜਾਂਦਾ ਹੈ। ਜ਼ਿੰਦਗੀ ਦੇ ਹਰ ਪੜਾਅ ਵਿੱਚ ਦੂਜਿਆਂ ਦੇ ਐਬ ਲੱਭਣੇ, ਉਹਨਾਂ ਨੂੰ ਭੰਡਣਾ, ਆਪਣਾ ਕਾਰਜ ਛੱਡ ਕੇ ਵੀ ਦੂਜਿਆਂ ਦੇ ਕੰਮ ਵਿੱਚ ਲੱਤ ਅੜਾਉਣ ਵਾਲਾ ਜਿੱਥੇ ਆਪ ਤਰੱਕੀ ਦੇ ਆਪਣੇ ਰਾਹ ਰੋਕਦਾ ਹੈ ਓੱਥੇ ਉਹ ਦੂਜੇ ਨੂੰ ਵੀ ਪੂਰਾ ਨੁਕਸਾਨ ਪਹੁੰਚਾਉਣ ਦਾ ਕੰਮ ਕਰਦਾ ਹੈ।

ਰੱਬ ਨਾਲੋਂ ਟੁੱਟਿਆ ਹੋਇਆ ਮਨੁੱਖ ਜੇ ਥੋੜ੍ਹਾ ਜਿਹਾ ਵੀ ਸਮਝਣ ਦਾ ਯਤਨ ਕਰੇ ਤਾਂ ਨਿਰਸੰਦੇਹ ਆਪਣੇ ਆਪ ਨੂੰ ਨਹੀਂ ਸਗੋਂ ਸਮਾਜ ਨੂੰ ਵੀ ਬਦਲਨ ਦੀ ਸਮਰੱਥਾ ਰੱਖਦਾ ਹੈ---

**ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥ ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ ॥ ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ ॥ ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ ॥ ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ** ॥੪੨॥ (੧੩੫੭)

**ਅੱਖਰੀਂ ਅਰਥ--** (ਦੂਜਿਆਂ ਨੂੰ) ਧੋਖਾ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


(ਦੇਣਾ), (ਕਿਸੇ ਦੇ) ਐਬ (ਫਰੋਲਣੇ), (ਹੋਰਨਾਂ ਦੇ ਰਸਤੇ ਵਿੱਚ) ਕ੍ਰੋੜਾਂ ਰੁਕਾਵਟਾਂ (ਪਾਣੀਆਂ), ਵਿਕਾਰ, ਪਾਪ, ਭਟਕਣਾ, ਮੋਹ, ਆਦਰ, ਨਿਰਾਦਰੀ, ਅਹੰਕਾਰ— (ਜਿਨ੍ਹਾਂ ਲੋਕਾਂ ਨੂੰ ਇਹਨਾਂ ਤਰੀਕਿਆਂ ਨਾਲ) ਮਾਇਆ ਆਪਣੇ ਦਬਾਉ ਹੇਠ ਰੱਖਦੀ ਹੈ, ਉਹ ਜਨਮ ਮਰਨ ਵਿੱਚ ਭਟਕਦੇ ਰਹਿੰਦੇ ਹਨ, ਨਰਕ ਭੋਗਦੇ ਰਹਿੰਦੇ ਹਨ। ਅਨੇਕਾਂ ਉਪਾਵ ਕਰਨ ਨਾਲ ਭੀ (ਇਹਨਾਂ ਦੁੱਖਾਂ ਤੋਂ ਨਿਕਲਣ ਵਿੱਚ ਕਾਮਯਾਬ ਨਹੀਂ ਹੁੰਦੇ।

ਹੇ ਨਾਨਕ! ਜੋ ਮਨੁੱਖ ਸਦਾ ਸਾਧ ਸੰਗਤਿ ਵਿੱਚ ਰਹਿ ਕੇ ਪਰਮਾਤਮਾ ਦਾ ਨਾਮ ਜਪਦੇ ਹਨ, ਸਦਾ ਗੋਬਿੰਦ ਦੇ ਗੁਣ ਗਾਂਦੇ ਹਨ, ਉਹ ਪਵਿੱਤਰ (ਜੀਵਨ) ਹੋ ਜਾਂਦੇ ਹਨ।

**ਵਿਚਾਰ ਚਰਚਾ—**

1. ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ ਉਸ ਸਮਾਜ ਵਿੱਚ ਵੱਖ-ਵੱਖ ਪ੍ਰਕਾਰ ਦੇ ਸੁਭਾਵਾਂ ਵਾਲੇ ਮਨੁੱਖਾਂ ਨਾਲ ਸਾਡਾ ਵਾਹ ਵਾਸਤਾ ਪੈਂਦਾ ਹੀ ਰਹਿੰਦਾ ਹੈ।

2. ਕਈਆਂ ਦੀ ਇਹ ਆਦਤ ਹੀ ਬਣ ਜਾਂਦੀ ਹੈ ਦੂਜਿਆਂ ਨੂੰ ਧੋਖਾ ਦੇਣਾ ਜਾਂ ਉਹਨਾਂ ਦੇ ਐਬ ਫੋਲਣੇ ਹੀ ਹਨ।

3. ਸਭ ਤੋਂ ਵੱਧ ਧੋਖਾ ਧਰਮ ਦੀ ਦੁਨੀਆਂ ਵਿੱਚ ਪੁਜਾਰੀਆਂ ਵਲੋਂ ਦਿੱਤਾ ਜਾਂਦਾ ਹੈ।

4. ਕੀ ਸਿੱਖ ਧਰਮ ਵਿੱਚ ਅੱਜ ਝੂਠੀਆਂ ਪੁੱਤਰਾਂ ਦੀਆਂ ਦਾਤਾਂ ਲਈ ਅਰਦਾਸਾਂ ਨਹੀਂ ਕੀਤੀਆਂ ਜਾਂਦੀਆਂ? ਜੇ ਕੀਤੀਆਂ ਜਾਂਦੀਆਂ ਤਾਂ ਇਸ ਨੂੰ ਧੋਖਾ ਨਹੀਂ ਕਿਹਾ ਜਾ ਸਕਦਾ?

5. ਮਨੁੱਖ ਆਪਣੀਆਂ ਗਲਤੀਆਂ ਛੁਪਾਉਣ ਲਈ ਦੂਜਿਆਂ ਦੇ ਐਬ ਲੱਭਦਾ ਰਹਿੰਦਾ ਹੈ। ਇਸ ਦਾ ਮਕਸਦ ਇਕੋ ਹੀ ਹੰਦਾ ਹੈ ਕਿ ਮੈਂ ਲੋਕਾਂ ਦੀ ਨਿਗਾਹ ਵਿੱਚ ਚੰਗਾ ਦਿਸਦਾ ਰਹਾਂ।

6. ਮਲੀਨ ਸੋਚ ਦਾ ਨਾਂ ਪਾਪ ਹੈ ਤੇ ਜਦੋਂ ਮਲੀਨ ਸੋਚ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ ਤਾਂ ਉਹ ਅਪਰਾਧ ਬਣ ਜਾਂਦਾ ਹੈ।

7. ਪੁਜਾਰੀਆਂ ਦਾ ਨਿਰਧਾਰਤ ਕੀਤਾ ਹੋਇਆ ਅਕਾਸ਼ ਵਿੱਚ ਕੋਈ ਨਰਕ ਨਹੀਂ ਬਣਿਆ ਹੋਇਆ ਹੈ ਇਹ ਤੇ ਮਨੁੱਖ ਆਪਣੇ ਘਟੀਆਂ ਸੁਭਾਅ ਕਰਕੇ ਹੀ ਏਸੇ ਜੀਵਨ ਵਿੱਚ ਭੋਗਦਾ ਹੈ।

8. ਬੁਰੇ ਵਿਚਾਰ ਉਸ ਆਦਮੀ ਵਿੱਚ ਪਰਵੇਸ਼ ਨਹੀਂ ਕਰ ਸਕਦੇ ਜਿਸ ਦੇ ਹਿਰਦੇ ਵਿੱਚ ਪ੍ਰਮਾਤਮਾ ਦੇ ਵਿਚਾਰ ਪਹਿਰਦਾਰੀ ਕਰਦੇ ਹੋਣ।

9. ਜੇ ਮਨ ਕਰਕੇ ਗੁਰ-ਗਿਆਨ ਦੀ ਵਿਚਾਰ ਨੂੰ ਸਮਝਣ ਦਾ ਯਤਨ ਕਰਦਾ ਹੈ ਤਾਂ ਨਿਰਸੰਦੇਹ ਨਰਕ ਵਾਲੀ ਜ਼ਿੰਦਗੀ ਤੋਂ ਇਸ ਦਾ ਬਚਾ ਹੋ ਸਕਦਾ ਹੈ।

10. ਜ਼ਿੰਦਗੀ ਦੇ ਕਿਸੇ ਵੀ ਪੜਾਅ ਤੇ ਸਜਣ ਵਾਂਗ ਆਪਣਾ ਜੀਵਨ ਬਦਲ ਸਕਣ ਦੀ ਸਮਰੱਥਾ ਰੱਖਦਾ ਹੈ ਬ-ਸ਼ਰਤੇ ਇਹ ਮਨੋ ਮੰਨਣ ਲਈ ਤਿਆਰ ਹੋਵੇ।

**ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥ (੮੬੧)** -0-


## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...



ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

2 ਮਈ (19 ਵਿਸਾਖ) ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਪੰਚਮ ਪਾਤਿਸ਼ਾਹ ਦੇ ਪਰਉਪਕਾਰ ਤੇ ਹੋਰ ਅਣਗਿਣਤ ਕਾਰਜ

-ਕੈਪਟਨ ਅਵਤਾਰ ਸਿੰਘ 97819-90206

ਸਤਿਗੁਰੂ ਨਾਨਕ ਸਾਹਿਬ ਜੀ ਨੂੰ ਜੋ ਅਕਾਲ ਪੁਰਖ ਵੱਲੋਂ ਮਨੁੱਖਤਾ ਦੇ ਕਲਿਆਣ ਲਈ ਸੇਵਾ ਸੌਂਪ ਕੇ ਭੇਜਿਆ ਗਿਆ, ਉਹ ਕਾਰਜ ਬੜੀ ਲਾਸਾਨੀ, ਦੂਰਗਾਮੀ ਅਤੇ ਕ੍ਰਾਂਤੀਕਾਰੀ ਸੀ। ਆਪਣੀ 70 ਕੁ ਸਾਲ ਦੀ ਸਰੀਰੀ ਉਮਰ ਵਿਚ ਕੰਮ ਕੀਤੇ, ਉਹ ਸਦੀਆਂ ਵਿਚ ਭੀ ਹੋਣੇ ਸੰਭਵ ਨਹੀਂ ਸਨ। ਆਪਣੇ ਪਰਚਾਰੇ ਅਤੇ ਲਿਖੇ ਵਿਚਾਰਾਂ ਨੂੰ ਇਕੋ ਜੀਵਨ ਵਿਚ ਲਾਗੂ ਕੀਤਾ ਜਾਣਾ ਸੰਭਵ ਨਹੀਂ ਸੀ ਕਿਉਂਕਿ ਰੋਗ ਏਨਾ ਭਿਆਨਕ ਸੀ ਕਿ ਜੇ ਇਸ ਭਾਰਤੀ ਕੌਮ ਦੀ ਤਬਾਹਕੁੰਨ ਅਵੱਸਥਾ ਨੂੰ ਪੁਜਦਿਆਂ ਕਈ ਹਜ਼ਾਰ ਸਾਲ ਲੱਗੇ ਸਨ ਤਾਂ ਅਰੋਗ ਹੋਣ ਵਾਸਤੇ ਭੀ ਸਦੀਆਂ ਦੀ ਭਵਿੱਖ ਮੁਖੀ ਰੂਪ-ਰੇਖਾ ਉਲੀਕਣੀ ਪੈਣੀ ਸੀ। ਗੁਰੂ ਨਾਨਕ ਸਾਹਿਬ ਜੀ ਨੇ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਭਰਪੂਰ ਚਾਨਣਾ ਪਾਇਆ ਹੈ। ਉਨ੍ਹਾਂ ਆਪਣੇ ਸਰਬੱਤ ਦੇ ਭਲੇ ਵਾਲੇ ਸਿਧਾਂਤ, ਗੁਰਬਾਣੀ ਰਾਹੀਂ ਸੰਭਾਲ ਕੇ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੇ। ਹੋਰ ਅਜਿਹੇ ਬਹੁਤ ਸਾਰੇ ਕੰਮ ਭੀ ਹੋਣਗੇ, ਜਿਨ੍ਹਾਂ ਨੂੰ ਲਿਖਤ ਵਿਚ ਲਿਆਉਣਾ ਜ਼ਰੂਰੀ ਨਹੀਂ ਸਮਝਿਆ ਗਿਆ, ਉਹ ਜ਼ਬਾਨੀ ਸਮਝਾ ਦਿੱਤੇ ਗਏ। ਇਹ ਯਾਦ ਰਹੇ ਕਿ 'ਅਜ਼ਾਦੀ' ਸ਼ਬਦ ਤੋਂ ਸਮੇਂ ਦੀ ਹਰ ਸਰਕਾਰ ਤ੍ਰਹਿੰਦੀ ਹੈ। ਕੋਈ ਕੌਮ ਮਨੁੱਖਾਂ ਦਾ ਸਮੂਹ, ਪਿੰਡ-ਸ਼ਹਿਰ ਜੇਕਰ ਕਹਿ ਦੇਵੇ ਕਿ, 'ਅਸੀਂ ਹਰ ਹਾਲਤ ਵਿੱਚ ਆਜ਼ਾਦੀ ਪ੍ਰਾਪਤ ਕਰ ਕੇ ਰਹਾਂਗੇ।' ਸਮੇਂ ਦੀ ਹਕੂਮਤ (ਰਾਜ ਸ਼ਕਤੀ) ਉਸ ਉੱਠ ਰਹੀ ਆਵਾਜ਼ ਨੂੰ ਸਾਰੀ ਤਾਕਤ ਲਾ ਕੇ ਕੁਚਲ ਦੇਵੇਗੀ। ਵੱਡੇ ਤੋਂ ਵੱਡਾ ਜ਼ਬਰ ਢਾਹੁਣਾ ਪਵੇ ਤਾਂ ਭੀ ਸੰਕੋਚ ਨਹੀਂ ਕਰੇਗੀ। ਸਥਾਪਤ ਧਰਮਾਂ ਵਿਚ ਆਈ ਗਿਰਾਵਟ ਨੂੰ ਜੇ ਕੋਈ ਵੰਗਾਰੇ ਤਾਂ ਸਮੇਂ ਦੇ ਧਰਮ ਮੁਖੀਆਂ ਨੂੰ ਕਦੇ ਭੀ ਪ੍ਰਵਾਨ ਨਹੀਂ ਹੋਵੇਗਾ। ਪੁਜਾਰੀ ਲੋਕ ਭੋਲੇ ਲੋਕਾਂ ਦੀ ਲੁੱਟ ਕਰ ਕੇ ਹੀ 'ਸੁੱਖਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹੁੰਦੇ ਹਨ।' ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਉਨ੍ਹਾਂ ਵੱਲੋਂ ਕੀਤੇ ਜਾ ਰਹੇ 'ਧਾਰਮਿਕ' ਕੰਮਾਂ ਨੂੰ ਕੋਈ ਗ਼ਲਤ ਆਖੇ। ਆਪਣੀ ਸਾਰੀ 'ਧਰਮ ਸ਼ਕਤੀ' ਵਰਤ ਕੇ ਇਹ ਬਾਹਰੋਂ ਨਿਰੇ ਗਊ ਨਜ਼ਰ ਆਉਂਦੇ ਲੋਕ, ਜ਼ਰਾ ਕੁ ਹੱਥ ਲਾਉਣ ਤੇ ਭੂਤਰੇ ਹੋਏ ਸਾਨ੍ਹ ਵਾਂਗ ਖੌਰੂ ਪਾਉਂਦੇ ਹਨ। ਸਿੰਗਾਂ 'ਤੇ ਚੁੱਕ ਲੈਂਦੇ ਹਨ, ਪੈਰਾਂ ਹੇਠ ਲਿਤਾੜ ਸੁੱਟਦੇ ਹਨ। ਵਿਚਾਰੀ ਭੋਲੀ-ਭਾਲੀ ਜਨਤਾ ਇਨ੍ਹਾਂ ਨੂੰ ਵੇਖਦਿਆਂ ਹੀ ਲੰਮਿਆਂ ਪੈ ਕੇ ਡੰਡਉਤ ਬੰਦਨਾ ਦੀ ਮੁੱਦਰਾ ਵਿਚ ਚਲੀ ਜਾਂਦੀ ਹੈ।' ਗੁਰੂ ਨਾਨਕ ਸਾਹਿਬ ਜੀ ਨੇ ਜਿਥੇ ਪਾਵਨ ਬਾਣੀ ਰਾਹੀਂ ਲਿਖਤੀ ਉਪਦੇਸ਼ ਦਿੱਤੇ, ਕ੍ਰਾਂਤੀਕਾਰੀ ਭਗਤਾਂ ਦੀ ਬਾਣੀ ਨੂੰ ਸੰਭਾਲ ਕੇ ਆਪਣੇ ਨਾਲ ਸ਼ਾਮਲ ਕੀਤਾ, ਉਥੇ ਬਹੁਤ ਸਾਰੇ ਜ਼ਬਾਨੀ ਉਪਦੇਸ਼ ਭੀ ਦਿੱਤੇ ਸਨ, ਉਹ ਇਸ ਲਈ ਕਿ ਕਿਤੇ 'ਪਰਜਾ ਪਾਲਕ ਬਾਦਸ਼ਾਹ' ਨਾਲ ਸਿੱਧੀ ਟੱਕਰ ਨਾ ਹੋ ਜਾਵੇ। ਕਿਤੇ ਕਿਸੇ ਧਰਮਾਤਮਾ ਪੁਰਸ਼ ਨੂੰ ਪ੍ਰੇਸ਼ਾਨੀ ਨਾ ਹੋ ਜਾਵੇ। ਸੰਕੋਚ ਕਰਨ ਦੇ ਬਾਵਜੂਦ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਕੁਝ ਸੱਚੋ ਸੱਚ ਕਹਿ ਦਿੱਤਾ ਸੀ।



ਕੈਪਟਨ ਅਵਤਾਰ ਸਿੰਘ
97819-90206

ਗੁਰੂ ਅੰਗਦ ਸਾਹਿਬ ਜੀ ਨੇ ਉਸੇ ਕਾਰਜ ਨੂੰ ਸ਼ਿੱਦਤ ਨਾਲ ਅੱਗੇ ਵਧਾਇਆ। ਗੁਰੂ ਅਮਰਦਾਸ ਜੀ ਨੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦਿਆਂ ਇਸ ਲਹਿਰ ਨੂੰ ਹੋਰ ਪ੍ਰਚੰਡ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਨੇ ਖਿਲਰੇ ਬਿਖਰੇ ਸਮਾਜ ਨੂੰ ਜੋੜਨ ਵਾਸਤੇ ਹੋਰ ਬਹੁਤ ਸਾਰੇ ਕਲਿਆਣਕਾਰੀ ਕੰਮ ਕੀਤੇ। ਉਥੇ ਨਾਲ ਹੀ ਸਿੱਖਾਂ ਲਈ ਰਾਜਧਾਨੀ ਚੱਕ ਰਾਮਦਾਸ (ਅੰਮ੍ਰਿਤਸਰ) ਭੀ ਕਾਇਮ ਕੀਤੇ। ਚੌਹਾਂ ਗੁਰੂਆਂ ਅਤੇ ਪਰਉਪਕਾਰੀ ਭਗਤਾਂ ਦਾ ਸਾਰਾ ਵਿਰਸਾ, ਸਤਿਗੁਰੂ ਅਰਜਨ ਸਾਹਿਬ ਜੀ ਨੂੰ ਪ੍ਰਾਪਤ ਹੋਇਆ। ਇਸ ਖਜ਼ਾਨੇ ਨੂੰ ਉਨ੍ਹਾਂ ਯੋਗ ਤਰੀਕੇ ਨਾਲ ਵਰਤਣਾ ਭੀ ਸੀ ਅਤੇ ਇਸ ਵਿਚ ਹੋਰ ਬਹੁਤ ਸਾਰਾ ਵਾਧਾ ਭੀ ਕਰਨਾ ਸੀ। ਸਮਾਂ ਬੀਤਣ ਨਾਲ ਜਿੰਨਾ ਗਿਆਨ ਵੱਧਦਾ ਜਾਵੇਗਾ, ਇਤਿਹਾਸ ਦੇ ਛੁਪੇ (ਜਾਂ ਜਾਣ ਬੁੱਝ ਕੇ ਛੁਪਾਏ) ਤੱਥ ਸਾਹਮਣੇ ਆਉਣਗੇ ਤਾਂ ਸਤਿਗੁਰੂ ਜੀ ਦੀ ਸਖਸ਼ੀਅਤ ਹੋਰ ਸਤਿਕਾਰ ਪ੍ਰਾਪਤ ਕਰੇਗੀ। ਜਿਉਂ-ਜਿਉਂ ਗੁਰਬਾਣੀ ਵਿਚਲੇ ਕ੍ਰਾਂਤੀਕਾਰੀ ਤੱਤਾਂ ਦੀ ਵਿਗਿਆਨਕ ਨਜ਼ਰੀਏ ਤੋਂ ਅੱਜ ਦੇ ਹਾਲਾਤ ਨੂੰ ਸਾਹਮਣੇ ਰੱਖ ਕੇ, ਅਰਥ ਵਿਆਖਿਆ ਕੀਤੀ ਜਾਵੇਗੀ, ਤਦੋਂ ਸਤਿਗੁਰੂ ਜੀ ਦੇ ਚਰਨਾਂ 'ਤੇ ਹੋਰ ਸਤਿਕਾਰ ਨਾਲ ਸਿਰ ਝੁਕੇਗਾ। ਜਿਵੇਂ-ਜਿਵੇਂ ਇਤਿਹਾਸਕਾਰ ਇਸ ਲਾਸਾਨੀ ਸ਼ਹੀਦੀ ਦੇ ਕਾਰਨ ਪਰਖਣਗੇ, ਉਹ ਸਤਿਗੁਰੂ ਜੀ ਦੀ ਜੈ-ਜੈ ਕਾਰ ਕਰਨੋਂ ਰਹਿ ਨਹੀਂ ਸਕਣਗੇ। ਕਿਸੇ ਵਕਤ ਲਿਖਾਰੀਆਂ, ਪ੍ਰਚਾਰਕਾਂ ਨੂੰ ਸ਼ਰਮਸਾਰ ਭੀ ਹੋਣਾ ਪੈ ਸਕਦਾ ਹੈ ਕਿ ਜੋ ਕੁਝ ਉਹ ਸਤਿਗੁਰੂ ਜੀ ਨੂੰ ਸਮਝਦੇ ਰਹੇ ਹਨ, ਉਹ ਤਾਂ ਉਹਨਾਂ ਦੀ ਜ਼ਿੰਦਗੀ ਦਾ ਇੱਕ ਛੋਟਾ ਜਿਹਾ ਅੰਗ ਸੀ। ਸਤਿਗੁਰੂ ਜੀ ਤਾਂ ਇਸ ਤੋਂ ਬਹੁਤ ਮਹਾਨ ਸਨ।

ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਗੋਇੰਦਵਾਲ ਸਾਹਿਬ 15 ਅਪ੍ਰੈਲ 1563 ਈ. ਨੂੰ ਗੁਰੂ ਰਾਮਦਾਸ ਜੀ ਦੇ ਗ੍ਰਿਹ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਬਚਪਨ ਗੁਰੂ ਅਮਰਦਾਸ ਜੀ ਦੀ ਛਤਰਛਾਇਆ ਹੇਠ ਬੀਤਿਆ। ਆਪ ਜੀ ਨੇ ਬਾਬਾ ਬੁੱਢਾ ਜੀ ਤੋਂ ਸ਼ਸਤਰ ਵਿਦਿਆ, ਗੁਰੂ ਅਮਰਦਾਸ ਜੀ ਤੋਂ ਗੁਰਮੁਖੀ, ਪੰਡਿਤ ਬੈਣੀ ਤੋਂ ਸੰਸਕ੍ਰਿਤ ਅਤੇ ਆਪਣੇ ਮਾਮਾ ਮੋਹਰੀ ਜੀ ਤੋਂ ਗਣਿਤ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਸੰਗਤਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦੇ ਸਨ।

ਆਪ ਜੀ ਦਾ ਵਿਆਹ 1579 ਈ. ਪਿੰਡ ਮੌ, ਜ਼ਿਲ੍ਹਾ ਜਲੰਧਰ ਦੇ ਕਿਸ਼ਨ ਚੰਦ ਦੀ ਬੇਟੀ ਮਾਤਾ ਗੰਗਾ ਜੀ ਨਾਲ ਹੋਇਆ। ਆਪ ਜੀ ਦੇ ਪੁੱਤਰ (ਗੁਰੂ) ਹਰਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਬਣੇ। 1581 ਈ. ਵਿਚ ਆਪ ਜੀ ਨੂੰ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਬਖਸ਼ ਕੇ ਸਿੱਖਾਂ ਦੇ 5ਵੇਂ ਗੁਰੂ ਬਣਾ ਦਿੱਤਾ। ਗੁਰੂ ਸਾਹਿਬ ਜੀ ਨੇ ਲੋਕਾਂ ਦੇ ਭਲੇ ਲਈ ਬਹੁਤ ਕੰਮ ਕੀਤੇ ਜਿਵੇਂ ਖੂਹ ਲਵਾਉਣੇ, ਤਰਨਤਾਰਨ ਸ਼ਹਿਰ ਵਸਾਉਣਾ, ਕੋਹੜੀਆਂ ਵਾਸਤੇ ਹਸਪਤਾਲ ਖੋਲ੍ਹਣਾ ਆਦਿ। ਗੁਰੂ ਸਾਹਿਬ ਆਪਣੇ ਹੱਥੀਂ ਰੋਗੀਆਂ ਦੀ ਸੇਵਾ ਕਰਦੇ ਰਹੇ। ਆਪ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਉਸਾਰੀ ਕਰਵਾ ਕੇ ਸਿੱਖਾਂ ਦਾ ਕੇਂਦਰੀ ਅਸਥਾਨ ਬਣਾਇਆ, ਜਿਸਦੀ ਅੱਜ ਦੁਨੀਆਂ ਵਿਚ ਵੱਖਰੀ ਪਹਿਚਾਣ ਹੈ। ਆਪ ਜੀ ਨੇ 1604 ਈ. ਵਿਚ ਸਾਰੇ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀ ਬਾਣੀ ਇਕੱਠੀ ਕਰਕੇ ਆਦਿ ਗ੍ਰੰਥ ਦੀ ਸਥਾਪਨਾ ਕੀਤੀ।

ਗੁਰੂ ਅਰਜਨ ਸਾਹਿਬ ਜੀ ਕੇਵਲ 25 ਕੁ ਸਾਲ ਗੁਰਗੱਦੀ ਦੀ ਸੇਵਾ 'ਤੇ ਰਹੇ। ਏਨੇ ਥੋੜੇ ਸਮੇਂ ਵਿੱਚ ਏਨੇ ਵਡੇਰੇ ਕਾਰਜ ਕਰਨੇ, ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ। ਮਾਨੋ ਉਨ੍ਹਾਂ ਭਾਰਤੀ ਕੌਮ ਦੀ ਨਵ-ਸਿਰਜਣਾ ਕਰਨ ਦਾ ਮੁਕੰਮਲ ਬਾਨਣੂੰ ਬੰਨ੍ਹ ਦਿੱਤਾ। ਭਗਤਾਂ ਦੀ ਬਾਣੀ ਆਪਣੇ ਲੰਮੇ ਕ੍ਰਾਂਤੀਕਾਰੀ ਪ੍ਰਚਾਰ ਦੌਰਿਆਂ ਵਕਤ, ਸਤਿਗੁਰੂ ਨਾਨਕ ਸਾਹਿਬ ਜੀ ਨੇ ਖ਼ੁਦ ਇਕੱਤਰ ਕਰ ਲਈ ਸੀ। ਉਸ ਨੂੰ ਛਾਂਟੀ ਕਰਕੇ ਸੋਧ ਲਿਆ ਸੀ। ਆਪਣੇ ਹੱਥੀਂ, ਆਪਣੀ ਬਾਣੀ ਸਮੇਤ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੀ ਸੀ। ਗੁਰੂ ਅੰਗਦ ਸਾਹਿਬ ਤੋਂ ਗੁਰੂ ਅਮਰਦਾਸ ਤੇ ਇਸੇ ਤਰ੍ਹਾਂ ਪੰਜਵੇਂ ਸਤਿਗੁਰੂ ਕੋਲ ਸਾਰੀ ਬਾਣੀ ਪਹੁੰਚ ਗਈ। ਉਨ੍ਹਾਂ ਖ਼ੁਦ ਬਹੁਤ ਸਾਰੀ ਬਾਣੀ ਲਿਖੀ, ਸਾਰੇ ਪੱਖਾਂ ਬਾਰੇ। ਸਾਰੀ ਬਾਣੀ ਨੂੰ ਸੰਪਾਦਨਾ ਤਰਤੀਬ ਲਈ ਵਿਦਵਾਨ ਪੁਰਖ, ਗੁਰਬਾਣੀ ਗਿਆਨ ਨੂੰ ਚੰਗੀ

ਤਰ੍ਹਾਂ ਜਾਣਨ ਵਾਲੇ, ਭਾਈ ਗੁਰਦਾਸ ਜੀ ਦੇ ਸਪੁਰਦ ਕਰ ਦਿੱਤਾ। ਜਦੋਂ ਸਾਰੀ ਬਾਣੀ ਤਰਤੀਬ ਦੇ ਕੇ ਲਿਖ ਲਈ ਤਾਂ ਇੱਕ ਥਾਂ ਕਰਕੇ ਜਿਲਦ ਬਣਵਾ ਲਈ ਗਈ। ਇਸ ਦਾ ਨਾਮ ਹੋ ਗਿਆ 'ਪੋਥੀ ਸਾਹਿਬ'। ਸ਼ਾਇਦ ਇਹ ਪੰਗਤੀ ਇਸ ਪਰਥਾਏ ਹੀ ਹੋਵੇ:-

**ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ਰਹਾਉ ॥ (1226)**

ਪੂਰੀ ਤਰ੍ਹਾਂ ਤਿਆਰੀ ਤੋਂ ਬਾਅਦ 'ਸ਼ਬਦ ਗੁਰੂ' ਦੀ ਮਹਾਨਤਾ ਦਰਸਾਉਣ ਲਈ ਸਤਿਗੁਰੂ ਜੀ ਨੇ ਦੂਰੋਂ ਨੇੜਿਓਂ ਸੰਗਤ ਨੂੰ ਹੁੰਮ-ਹੁੰਮਾ ਕੇ ਪਹਿਲੀ ਸਤੰਬਰ, 1604 ਨੂੰ ਵਕਤ ਸਿਰ ਪੁੱਜਣ ਲਈ ਆਖਿਆ। ਵੱਡੀ ਗਿਣਤੀ ਵਿਚ ਗੁਰਸਿੱਖ ਉਤਸ਼ਾਹ ਨਾਲ ਆਏ। ਇਹ ਸਾਰੇ ਕਾਫ਼ਲਾ ਬਣਾ ਕੇ ਸਤਿਗੁਰੂ ਜੀ ਦੀ ਨਿਗਰਾਨੀ ਵਿਚ, ਰਾਮਸਰ ਤੋਂ ਚੱਲ ਕੇ ਦਰਬਾਰ ਸਾਹਿਬ ਵਿਖੇ ਪਹੁੰਚ ਗਏ।ਨਵੇਂ ਬਣੇ ਸੁੰਦਰ ਦਰਬਾਰ ਵਿਚ 'ਪੋਥੀ ਸਾਹਿਬ' ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਗੁਰਬਾਣੀ ਗੁਰੂ ਦਾ ਪਹਿਲਾ ਪ੍ਰਕਾਸ਼ ਉਸ ਥਾਵੇਂ ਕੀਤਾ ਗਿਆ, ਜਿੱਥੇ ਕਿਸੇ ਗੁਰ ਵਿਅਕਤੀ ਨੇ ਸਰੀਰਕ ਜਨਮ ਨਹੀਂ ਸੀ ਲਿਆ। ਹੋ ਸਕਦਾ ਹੈ ਅਣਜਾਣ ਸਿੱਖ ਸਰੀਰੀ ਜਾਮੇ ਵਾਲੇ ਸਥਾਨ ਨੂੰ ਜ਼ਿਆਦਾ 'ਪਵਿੱਤਰ' ਸਮਝ ਲੈਣ। ਜੀ ਨਹੀਂ! ਸਰੀਰ ਦਾ ਸਤਿਕਾਰ ਭੀ ਸ਼ਬਦ ਗਿਆਨ ਕਾਰਨ ਸੀ। ਹੁਣ ਉਹ ਸ਼ਬਦ ਗਿਆਨ ਪੋਥੀ ਵਿਚ ਮੌਜੂਦ ਹੈ, ਇਸ ਦਾ ਸਤਿਕਾਰ ਹੈ। ਸਤਿਗੁਰੂ ਅਰਜਨ ਸਾਹਿਬ ਜੀ ਸਰੀਰ ਕਰ ਕੇ ਕਿਸੇ ਇੱਕ ਥਾਂ ਸੰਗਤ ਨੂੰ ਉਪਦੇਸ਼ ਦਿਆ ਕਰਦੇ ਸਨ। ਗੁਰਬਾਣੀ ਦੇ ਉਤਾਰੇ ਹੋ ਕੇ ਸੰਗਤ ਦੀ ਮੰਗ 'ਤੇ ਹਰ ਥਾਂ ਪੁਚਾਏ ਜਾਣ ਲੱਗ ਪਏ। ਗੁਰਬਾਣੀ ਹਰ ਥਾਵੇਂ ਸੰਗਤ ਨੂੰ ਇਕੋ ਜਿਹਾ ਨਿੱਗਰ ਉਪਦੇਸ਼ ਦੇ ਰਹੀ ਸੀ। ਗੁਰੂ ਘਰ ਦੇ ਵਿਰੋਧੀ ਤਾਂ ਪਹਿਲਾਂ ਹੀ ਬੜੇ ਔਖੇ ਸਨ। ਪੋਥੀ ਦਾ ਪ੍ਰਕਾਸ਼ ਤੇ ਸੰਪੂਰਨਤਾ ਤਾਂ ਉਨ੍ਹਾਂ ਲਈ ਇੱਕ ਵੱਡੀ ਚੋਟ ਸੀ ਕਿਉਂਕਿ ਜਦੋਂ ਕਿਸੇ ਧਰਮ ਦੇ ਲੋਕਾਂ ਕੋਲ ਲਿਖਤ ਰੂਪ ਵਿਚ ਚੰਗੇ ਅਸੂਲ ਉਪਦੇਸ਼ ਹੋਣ ਤਾਂ ਮਾਨੋ ਉਹ ਧਰਮ ਪੱਕੇ ਪੈਰੀਂ ਹੋ ਗਿਆ। ਉਸਦੇ ਪੈਰੋਕਾਰ ਆਪਣੇ ਧਰਮ ਗ੍ਰੰਥ ਵਿਚੋਂ ਆਪਣੇ ਜੀਵਨ ਲਈ ਰਸਤਾ ਨਿਰਧਾਰਤ ਕਰਨਗੇ। ਜੇ ਕਦੀ ਪ੍ਰਚਾਰ ਦੀ ਕਮੀ ਕਾਰਨ ਸੇਵਕ ਕੁਰਾਹੇ ਪੈ ਭੀ ਜਾਣ ਤਾਂ ਠੀਕ ਅਤੇ ਗ਼ਲਤ ਦਾ ਫ਼ੈਸਲਾ ਕਰਨ ਲਈ ਧਰਮ ਗ੍ਰੰਥ ਦੀ ਅਗਵਾਈ ਸਦਾ ਮੌਜੂਦ ਹੁੰਦੀ ਹੈ, ਗ਼ਲਤੀ ਨੂੰ ਸੋਧਿਆ ਜਾ ਸਕਦਾ ਹੈ। ਇਸ ਗੱਲੋਂ ਪ੍ਰੇਸ਼ਾਨ ਬ੍ਰਾਹਮਣਾਂ ਅਤੇ ਮੌਲਾਣਿਆਂ ਨੇ, ਗੁਰੂ ਘਰ ਦੇ ਵਿਰੁੱਧ ਹਮਲੇ ਤੇਜ਼ ਕਰ ਦਿੱਤੇ।

ਗੁਰੂ ਸਾਹਿਬ ਵਲੋਂ ਲੁਕਾਈ ਦੀ ਸੇਵਾ ਅਤੇ ਪਰਉਪਕਾਰ ਦੇ ਕੰਮਾਂ ਨੂੰ ਵੇਖ ਕੇ ਗੁਰੂ ਘਰ ਦੇ ਵਿਰੋਧੀਆਂ ਦੀ ਲਾਬੀ ਇਕੱਠੀ ਹੋਣ ਲੱਗੀ ਅਤੇ ਉਨ੍ਹਾਂ ਨੇ ਵੱਖਰੇ ਵੱਖਰੇ ਤਰੀਕਿਆਂ ਨਾਲ ਗੁਰੂ ਜੀ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ। ਇਨ੍ਹਾਂ ਵਿਰੋਧੀਆਂ ਵਿਚ ਮੁਗ਼ਲਾਂ ਦੇ ਨਾਲ ਨਾਲ ਹਿੰਦੂਤਵੀ ਅਤੇ ਗੁਰੂ ਸਾਹਿਬ ਦੇ ਵੱਡੇ ਭਰਾ ਬਾਬਾ ਪ੍ਰਿਥਵੀ ਚੰਦ ਵੀ ਮੋਹਰੀ ਰਹੇ। ਬਹੁਤ ਸਾਰੇ ਕਾਰਨ ਗੁਰੂ ਜੀ ਦੀ ਸ਼ਹੀਦੀ ਦੇ ਸਬੱਬ ਬਣ ਗਏ ਪਰ ਆਮ ਲੋਕ ਚੰਦੂ ਬ੍ਰਾਹਮਣ ਨੂੰ ਹੀ ਦੋਸ਼ੀ ਸਮਝਦੇ ਰਹੇ। ਬਾਕੀ ਕਾਰਨਾਂ ਵੱਲ ਵੀ ਝਾਤੀ ਮਾਰਨ ਦੀ ਲੋੜ ਹੈ।

**ਸ਼ਹੀਦੀ ਦੇ ਕਾਰਨ:-**

**1. ਚੰਦੂ ਸ਼ਾਹ:-** ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਕਾਰਨ ਕੀ ਸੱਚਮੁੱਚ ਇਕ ਮਾਮੂਲੀ ਜਿਹਾ ਇਨਸਾਨ ਚੰਦੂ ਹੀ ਸੀ ? ਇਹ ਸ਼ਹੀਦੀ ਘਰੇਲੂ ਰੰਜਿਸ਼ ਕਾਰਨ ਹੋਈ ਮੰਨੀ ਜਾ ਸਕਦੀ ਹੈ ? ਕੀ ਚੰਦੂ ਸੱਚਮੁੱਚ ਏਨਾ ਤਾਕਤਵਰ ਅਫ਼ਸਰ ਸੀ ਕਿ ਉਸ ਦੇ ਆਖੇ ਸਤਿਗੁਰੂ ਜੀ ਨੂੰ ਤਸੀਹੇ ਦਿੱਤੇ ਜਾ ਸਕਣ ਤੇ ਮੌਤ ਦੇ ਘਾਟ ਉਤਾਰਿਆ ਜਾ ਸਕੇ? ਬੱਚਿਆਂ ਦੇ ਰਿਸ਼ਤੇ ਆਮ ਹੀ ਬਣਦੇ- ਟੁੱਟਦੇ ਰਹਿੰਦੇ ਹਨ। ਜਿਥੇ ਰਿਸ਼ਤਾ ਟੁੱਟ ਜਾਵੇ ਤਾਂ ਇਸ ਤਰ੍ਹਾਂ ਮਸਲਾ ਮਰਨ-ਮਾਰਨ ਤੱਕ ਪੁੱਜ ਜਾਂਦਾ ਹੈ? ਆਉ, ਠੰਡੇ ਦਿਮਾਗ ਨਾਲ ਸੋਚੀਏ! ਵੱਡੇ ਦਬਦਬੇ ਵਾਲੀ ਤਾਕਤਵਰ ਮੁਗ਼ਲ ਹਕੂਮਤ ਵਿੱਚ, ਸਰਕਾਰ ਦਾ ਇੱਕ ਮਾਮੂਲੀ ਜਿਹਾ ਕਰਮਚਾਰੀ ਚੰਦੂ ਲਾਲ, ਕੀ ਉਸ ਕੋਲ ਏਨੇ ਅਧਿਕਾਰ ਹੋ ਸਕਦੇ ਸਨ ਕਿ ਸਤਿਗੁਰੂ ਜੀ ਨੂੰ ਅਕਹਿ ਤਸੀਹੇ ਦੇਵੇ? ਅਸਲ ਗੱਲ ਤਾਂ ਇਹ ਸੀ ਕਿ ਚੰਦੂ ਲਾਲ ਸਰਕਾਰ ਦਾ ਹੱਥ ਠੋਕਾ ਤੇ ਮਾਮੂਲੀ ਨੌਕਰ ਸੀ। ਸਰਕਾਰ ਵੱਲੋਂ ਜੋ ਹੁਕਮ ਦਿੱਤਾ ਗਿਆ, ਚੰਦੂ ਤਾਂ ਉਸੇ ਨੂੰ ਪੂਰਾ ਕਰ ਰਿਹਾ ਸੀ। ਉਸ ਦੀ ਨਿੱਜੀ ਰੰਜਿਸ਼ (ਰਿਸ਼ਤਾ ਟੁੱਟਣ ਦੀ) ਨੂੰ ਸਰਕਾਰ ਵੱਲੋਂ ਹਵਾ ਦਿੱਤੀ ਗਈ। ਉਹ ਇਸ ਕਰਕੇ ਕਿ ਬਦਨਾਮੀ ਦੀ ਕਾਲਖ ਚੰਦੂ ਦੇ ਮੱਥੇ ਤੇ ਲਾ ਦਿੱਤੀ ਜਾਵੇ, ਆਮ ਲੋਕੀਂ ਮੁਗਲਸ਼ਾਹੀ ਨੂੰ ਬੇਕਸੂਰ ਮੰਨਦੇ ਰਹਿਣ। ਹਾਂ ਇਹ ਵੀ ਠੀਕ ਹੈ ਕਿ ਚੰਡਾਲ ਚੌਕੜੀ ਦਾ ਟੂਲ (ਹੱਥ ਠੋਕਾ) ਬਣ ਕੇ ਚੰਦੂ ਨੇ ਲਗਦੀ ਵਾਹ ਵੱਡਾ ਜ਼ੁਲਮ ਕਮਾਇਆ ਸੀ। ਜਹਾਂਗੀਰ ਦੇ ਅਫ਼ਸਰਾਂ ਨੇ, ਹਿੰਦੂ-ਸਿੱਖਾਂ ਵਿੱਚ ਨਫ਼ਰਤ ਭਰਨ ਵਾਸਤੇ ਇਹ ਚਾਲ ਚੱਲੀ ਸੀ, ਜਿਸ ਵਿਚ ਉਹ ਬਹੁਤ ਹੱਦ ਤੱਕ ਸਫ਼ਲ ਰਿਹਾ।ਭਾਈ ਸੰਤੋਖ ਸਿੰਘ ਦੇ ਸੂਰਜ ਪ੍ਰਕਾਸ਼ ਦੀ ਕਥਾ ਗੁਰਦੁਵਾਰਿਆਂ ਵਿਚ ਹੋਣ ਲੱਗ ਪਈ। ਉਸਦੇ ਹਵਾਲੇ ਨਾਲ ਬਸ ਇਕ ਚੰਦੂ ਲਾਲ ਸਵਾਹੀ, ਆਪੇ ਜੱਜ, ਆਪੇ ਪੁਲਿਸ ਵਾਲਾ ਤੇ ਖ਼ੁਦ ਹੀ ਜਲਾਦ ਬਣ ਕੇ ਉਭਰ ਪਿਆ, ਜਦੋਂ ਕਿ ਇਹ ਸਾਰਾ ਘਟਨਾ ਚੱਕਰ ਸੱਚਾਈ ਦਾ ਛੋਟਾ ਜਿਹਾ ਹਿੱਸਾ ਹੈ, ਪੂਰੀ ਸੱਚਾਈ ਨਹੀਂ ਹੈ।

**2. ਖੁਸਰੋ ਦੀ ਬਗ਼ਾਵਤ:-** ਸਤਿਗੁਰੂ ਜੀ ਦੀ ਸ਼ਹੀਦੀ ਦਾ ਦੂਜਾ ਕਾਰਨ ਸੀ ਜਹਾਂਗੀਰ ਦੇ ਪੁੱਤਰ, ਖੁਸਰੋ ਦੀ ਬਗ਼ਾਵਤ। ਇੱਕ ਸਮੇਂ ਜਹਾਂਗੀਰ ਦੀਆਂ ਮਨ-ਆਈਆਂ ਤੋਂ ਤੰਗ ਆ ਕੇ ਅਕਬਰ ਨੇ ਰਾਜ ਪ੍ਰਮੁੱਖ ਦੀ ਵਾਗ ਡੋਰ ਆਪਣੇ ਪੋਤਰੇ ਖੁਸਰੋ ਨੂੰ ਦੇਣ ਦਾ ਮਨ ਬਣਾ ਲਿਆ ਸੀ। ਇਸ ਤੋਂ ਮਗਰੋਂ ਜਹਾਂਗੀਰ ਨੇ ਮੌਲਵੀਆਂ ਅਤੇ ਹੋਰ ਕੱਟੜ ਮੁਸਲਮਾਨਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਪਿਤਾ ਜੀ ਵਾਲੀ ਨਰਮ ਨੀਤੀ ਹਿੰਦੂਆਂ ਪ੍ਰਤੀ ਨਹੀਂ ਵਰਤੀ ਜਾਵੇਗੀ। ਕਮਜ਼ੋਰ ਜਿਹਨੀਅਤ ਦੇ ਮਾਲਕ ਜਹਾਂਗੀਰ ਨੂੰ ਬੜੀ ਮੁਸ਼ਕਿਲ ਨਾਲ ਰਾਜ ਪ੍ਰਾਪਤ ਹੋਇਆ ਸੀ। ਇਸੇ ਲਈ ਉਸ ਨੇ ਸ਼ੱਕ ਪੈਣ 'ਤੇ ਆਪਣੇ ਵਿਰੋਧੀਆਂ ਨੂੰ ਕਠੋਰ ਸਜ਼ਾਵਾਂ ਦਿੱਤੀਆਂ।ਜਹਾਂਗੀਰ ਨੂੰ ਰਾਜ ਗੱਦੀ 'ਤੇ ਬੈਠਿਆਂ ਕਰੀਬ ਇੱਕ ਮਹੀਨਾ ਹੋ ਗਿਆ ਸੀ, ਤਦੋਂ, ਖੁਸਰੋ ਬਾਰੇ ਜਹਾਂਗੀਰ ਅੱਗੇ ਸ਼ਿਕਾਇਤ ਪੇਸ਼ ਹੋਈ। ਅਖੇ, 'ਜਦੋਂ ਰਾਜ ਕੁਮਾਰ ਖੁਸਰੋ ਲਾਹੌਰ 'ਤੇ ਕਬਜ਼ਾ ਕਰਨ ਲਈ ਆਇਆ ਤਾਂ ਗੋਇੰਦਵਾਲ ਵਿਖੇ ਗੁਰੂ ਅਰਜਨ ਸਾਹਿਬ ਨੂੰ ਮਿਲਿਆ। ਲਿਖੇ ਮੁਤਾਬਿਕ ਸਤਿਗੁਰੂ ਜੀ ਨੇ ਸਾਰਿਆਂ ਨੂੰ ਲੰਗਰ ਛਕਾਇਆ। ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਸ਼ੀਰਵਾਦ ਦਿੱਤਾ, ਮੱਥੇ 'ਤੇ ਟਿੱਕਾ ਲਾਇਆ।

ਖੁਸਰੋ ਦੀ ਸਹਾਇਤਾ ਕਰਨ ਦਾ ਇਲਜ਼ਾਮ, ਗੁਰੂ ਅਰਜਨ ਸਾਹਿਬ 'ਤੇ ਲਾਇਆ ਗਿਆ। ਸਾਰੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਇੱਕ ਮਹੀਨਾ ਬੀਤ ਚੁੱਕਾ ਸੀ।ਖੁਸਰੋ ਨੂੰ ਸਾਥੀਆਂ ਸਮੇਤ ਸਜ਼ਾ ਦਿੱਤੀ ਜਾ ਚੁੱਕੀ ਸੀ। ਮੌਲਾਣਿਆਂ ਨੇ ਇਸ ਵਕਤ ਦੀ ਨਜ਼ਾਕਤ ਨੂੰ ਭਾਂਪਦਿਆਂ, ਗੁਰੂ ਅਰਜਨ ਸਾਹਿਬ ਵਿਰੁੱਧ ਭੀ ਸ਼ਿਕਾਇਤ ਕਰ ਦਿੱਤੀ। ਅਖੇ, 'ਇਨ੍ਹਾਂ ਨੇ ਖੁਸਰੋ ਦੀ ਕਈ ਤਰੀਕਿਆਂ ਨਾਲ ਮਦਦ ਕੀਤੀ ਸੀ।' ਜਹਾਂਗੀਰ ਨੇ ਆਪਣੀ ਰਾਜਨੀਤਿਕ ਹੁਕਮਾਂ ਵਾਲੀ ਡਾਇਰੀ ਵਿੱਚ ਸਪੱਸ਼ਟ ਲਿਖਿਆ ਸੀ ਕਿ, '(ਗੁਰੂ) ਅਰਜਨ ਨਾਮ ਦਾ ਇੱਕ ਕਾਫ਼ਰ, ਬਿਆਸ ਦੇ ਕੰਢੇ ਟਿਕਿਆ ਹੋਇਆ ਸੀ। ਉਹ ਆਪਣੇ ਆਪ ਨੂੰ ਵਲੀ ਔਲੀਆ ਅਖਵਾਂਦਾ । ਬਹੁਤ ਸਾਰੇ ਹਿੰਦੂ ਤੇ ਨਾ ਸਮਝ ਮੁਸਲਮਾਨ, ਉਸ ਦੇ ਪੈਰੋਕਾਰ ਬਣ ਰਹੇ ਸਨ। ਇਹਨਾਂ ਦੀ ਇਹ ਝੂਠ ਦੀ ਦੁਕਾਨ ਚਾਰ-ਪੰਜ ਪੀੜ੍ਹੀਆਂ ਤੋਂ ਚੱਲਦੀ ਆ ਰਹੀ ਸੀ। ਮੈਂ ਦੇਰ ਤੋਂ ਸੋਚ ਰਿਹਾ ਸਾਂ ਕਿ ਕਿਸੇ ਭੀ ਤਰੀਕੇ ਇਹ ਝੂਠ ਦੀ ਦੁਕਾਨ ਬੰਦ ਕਰਵਾਈ ਜਾਵੇ ਜਾਂ ਫਿਰ ਉਸ ਨੂੰ ਆਪਣੇ ਧਰਮ ਵਿਚ ਲਿਆਂਦਾ ਜਾਵੇ। ਜਦੋਂ ਮੈਨੂੰ ਸ਼ਿਕਾਇਤ ਮਿਲੀ ਕਿ ਇਸ ਨੇ ਖੁਸਰੋ ਲਈ ਦੁਆ (ਅਰਦਾਸ) ਕੀਤੀ ਹੈ ਤਾਂ ਮੈਂ ਇਸ ਨੂੰ 'ਯਾਸਾ ਵਾ ਸਿਆਸਤ' ਦੇ ਕਾਨੂੰਨ ਅਨੁਸਾਰ ਕਤਲ ਕਰ ਦੇਣ ਦਾ ਹੁਕਮ ਦਿੱਤਾ। ਇਸ ਦੇ ਮਾਲ ਅਸਬਾਬ ਅਤੇ ਬਾਲ ਬੱਚਿਆਂ ਨੂੰ ਮੁਰਤਜਾ ਖ਼ਾਨ (ਅਸਲ ਨਾਮ ਸ਼ੇਖ਼ ਫ਼ਰੀਦ ਬੁਖ਼ਾਰੀ ਲਾਹੌਰ ਦਾ ਗਵਰਨਰ) ਦੇ ਹਵਾਲੇ ਕਰਨ ਦਾ ਹੁਕਮ ਦਿੱਤਾ।'

ਪਹਿਲੀ ਗੱਲ ਤਾਂ ਇਹ ਸਿੱਧ ਹੋ ਚੁੱਕੀ ਹੈ ਕਿ ਜਦੋਂ ਖੁਸਰੋ ਗੋਇੰਦਵਾਲ ਦੇ ਪੱਤਣ ਤੋਂ ਲੰਘਿਆ ਸੀ, ਤਦੋਂ ਗੁਰੂ ਅਰਜਨ ਸਾਹਿਬ ਤਰਨ ਤਾਰਨ ਵਿਖੇ ਸਸ਼ੋਭਤ ਸਨ। ਅਰਦਾਸ ਕਰਨ ਜਾਂ ਟਿੱਕਾ ਲਾਉਣ ਦੀ ਗੱਲ ਦਾ ਸਵਾਲ ਹੀ ਮੁੱਕ ਜਾਂਦਾ ਹੈ। ਲੰਗਰ ਗੁਰੂ ਘਰ ਵਿੱਚ ਕੋਈ ਭੀ ਛਕ ਜਾਵੇ, ਕਿਸੇ ਨੂੰ ਰੋਕ ਨਹੀਂ ਹੈ। ਇਹ ਪੜਤਾਲ ਕਰਨੀ ਸੰਭਵ ਹੀ ਨਹੀਂ ਹੈ ਕਿ ਕੌਣ ਚੋਰ ਤੇ ਕੌਣ ਭਲਾ ਇਨਸਾਨ

ਹੈ? ਫਿਰ ਕਈ ਸਾਲ ਪਹਿਲਾਂ ਤੀਜੇ ਪਾਤਸ਼ਾਹ ਵਕਤ ਅਕਬਰ ਭੀ ਗੁਰੂ ਦਰਬਾਰ ਵਿੱਚ ਆਇਆ ਸੀ। ਉਸ ਨੇ ਆਪਣੇ ਸਾਰੇ ਸੇਵਕਾਂ ਸਮੇਤ ਲੰਗਰ ਛਕਿਆ ਸੀ। ਜੇ ਖੁਸਰੋ ਦੇ ਸਾਥੀਆਂ ਨੇ ਲੰਗਰ ਛਕ ਲਿਆ ਤਾਂ ਕੋਈ ਪਰਲੋ ਨਹੀਂ ਆ ਗਈ ਸੀ। ਇਹ ਬਹਾਨੇ ਤਾਂ ਪੈਦਾ ਕੀਤੇ ਗਏ ਸਨ। ਇਸ ਦੀ ਅਸਲੀਅਤ ਦੀਆਂ ਜੜ੍ਹਾਂ ਤਾਂ ਸਰਹੰਦ ਨਿਵਾਸੀ, ਕੱਟੜ ਧਰਮ ਮੁਖੀ ਨਕਸ਼ਬੰਦੀ ਇਸਲਾਮਿਕ, ਅਖਾੜੇ ਦਾ ਆਗੂ ਸ਼ੇਖ਼ ਅਹਿਮਦ ਸਰਹੰਦੀ ਮੁਜ਼ਦਦ ਅਲਫ਼ਸਾਨੀ ਦੀ ਲਿਖਤ ਵਿਚੋਂ ਮਿਲਦੀਆਂ ਹਨ। ਆਪਣੀ ਚਿੱਠੀ ਨੰਬਰ 47 ਤੇ 193 ਵਿਚ ਉਹ ਆਪਣੇ ਅੰਦਰ ਦੀ ਨਫ਼ਰਤ ਅਤੇ ਤੁਅੱਸਬ ਨੂੰ ਖੁੱਲ੍ਹ ਕੇ ਪਰਗਟ ਕਰਦਾ ਹੈ। ਇਨ੍ਹਾਂ ਚਿੱਠੀਆਂ ਵਿਚ ਸ਼ੇਖ ਅਹਿਮਦ ਸਾਫ਼ ਲਿਖਦਾ ਹੈ ਕਿ ਇਸ ਬੰਦੇ (ਗੁਰੂ ਅਰਜਨ) ਨੂੰ ਕਿਸੇ ਬਹਾਨੇ, ਕਿਸੇ ਤਰੀਕੇ ਖ਼ਤਮ ਕੀਤਾ ਜਾਵੇ, ਇਸੇ ਵਿੱਚ ਇਸਲਾਮ ਧਰਮ ਦਾ ਭਲਾ ਹੈ। ਜਹਾਂਗੀਰ ਨੇ ਉਹੀ ਕੀਤਾ ਜੋ ਇਸ ਨੇ ਕਰਵਾਇਆ। ਜਹਾਂਗੀਰ ਨੂੰ ਇਸ ਕੁਕਰਮ ਤੋਂ ਕਿਸੇ ਤਰੀਕੇ ਬਰੀ ਨਹੀਂ ਕੀਤਾ ਜਾ ਸਕਦਾ। ਭਾਵੇਂ ਭੜਕਾਹਟ ਜਾਂ ਸ਼ਿਕਾਇਤ ਕਿਸੇ ਨੇ ਕੀਤੀ, ਪਰ ਫ਼ੈਸਲਾ ਕਰਨਾ, ਪੜਤਾਲ ਕਰਾਉਣੀ ਬਾਦਸ਼ਾਹ ਦੀ ਜ਼ਿੰਮੇਵਾਰੀ ਸੀ, ਜੋ ਉਸ ਨੇ ਪੂਰੀ ਨਹੀਂ ਕੀਤੀ। ਸ਼ਾਂਤੀ ਦੇ ਪੁੰਜ ਮਹਾਨ ਪਰਉਪਕਾਰੀ ਸਤਿਗੁਰੂ ਨੂੰ ਅਤਿਅੰਤ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**3. ਸ਼ਹੀਦੀ ਦੇ ਕੁਝ ਹੋਰ ਕਾਰਨ:–** ਸੰਨ 1585 ਵਿਚ ਮਹੇਸ਼ ਦਾਸ ਭਾਟ ਬ੍ਰਾਹਮਣ, ਜੋ ਅਕਬਰ ਬਾਦਸ਼ਾਹ ਦਾ ਚਹੇਤਾ ਬਣ ਗਿਆ ਸੀ, ਨੂੰ ਅਕਬਰ ਨੇ ਪੰਜ ਹਜ਼ਾਰੀ ਦਾ ਖ਼ਿਤਾਬ ਅਤੇ ਰਾਜਾ ਦੀ ਉਪਾਧੀ ਭੀ ਦੇ ਰੱਖੀ ਸੀ। ਕਸ਼ਮੀਰ ਦੀ ਮੁਹਿੰਮ ਦਬਾਉਣ ਵਾਸਤੇ ਫ਼ੌਜ ਲੈ ਕੇ ਚੱਲਿਆ। ਰਸਤੇ ਵਿਚ ਅੰਮ੍ਰਿਤਸਰ ਦੇ ਬਾਹਰਵਾਰ ਫ਼ੌਜ ਨੇ ਪੜਾਅ ਕੀਤਾ। ਮਹੇਸ਼ ਦਾਸ (ਪ੍ਰਚਲਿਤ ਨਾਮ ਬੀਰਬਲ) ਨੇ ਸਤਿਗੁਰੂ ਜੀ ਨੂੰ ਹੁਕਮ ਭੇਜਿਆ ਕਿ ਫ਼ੌਜ ਦੀ ਹਰ ਤਰ੍ਹਾਂ ਸੇਵਾ ਕੀਤੀ ਜਾਵੇ ਅਤੇ ਰਸਤੇ ਵਿਚ ਖ਼ਰਚੇ ਲਈ ਘੱਟੋ-ਘੱਟ 5000 ਰੁਪਏ ਦਿੱਤੇ ਜਾਣ। ਸਤਿਗੁਰੂ ਜੀ ਨੇ ਮੋੜਵਾਂ ਉਤਰ ਭੇਜਿਆ ਕਿ ਜਿਸ ਕਿਸੇ ਨੇ ਸਤਿਕਾਰ ਸਹਿਤ ਲੰਗਰ ਵਿਚੋਂ ਰੁੱਖਾ-ਮਿੱਸਾ ਪ੍ਰਸ਼ਾਦਾ ਛਕਣਾ ਹੈ, ਖ਼ੁਸ਼ੀਨਾਲ ਛਕੇ। ਵਗਾਰ ਰੂਪ ਵਿਚ ਜਾਂ ਵੱਡੀ ਰਕਮ ਟੈਕਸ ਰੂਪ ਵਿਚ ਅਸੀਂ ਨਹੀਂ ਦੇਵਾਂਗੇ। ਉਸ ਵਕਤ ਤਾਂ ਬੀਰਬਲ ਦੰਦੀਆਂ ਕਰੀਚਦਾ ਚਲਾ ਗਿਆ ਅਤੇ ਆਖ ਗਿਆ ਕਿ, "ਮੈਂ ਜੰਗ ਜਿੱਤ ਕੇ ਵਾਪਸ ਮੁੜਦਿਆਂ ਤੁਹਾਨੂੰ ਵੇਖਾਂਗਾ...।" ਕਰਨੀ ਰੱਬ ਦੀ ਸੰਨ 1586 ਵਿਚ ਬੀਰਬਲ, ਜੰਗ ਵਿੱਚ ਹੀ ਮਾਰਿਆ ਗਿਆ। ਗੁਰੂ ਘਰ ਨੂੰ ਮਜ਼ਾ ਚਖਾਉਣ ਦੀ ਤਮੰਨਾ ਉਹ ਪੂਰੀ ਨਾ ਕਰ ਸਕਿਆ।

ਇਸੇ ਤਰ੍ਹਾਂ ਕੁਝ ਕਵੀ ਲੋਕ ਆਪਣੀਆਂ ਕਵਿਤਾਵਾਂ ਲੈ ਕੇ, ਗੁਰੂ ਜੀ ਕੋਲ ਪੁੱਜੇ। ਇਹ ਸਨ ਕਾਹਨਾ, ਪੀਲੂ, ਛੱਜੂ ਤੇ ਸ਼ਾਹ ਹੁਸੈਨ। ਸਤਿਗੁਰੂ ਜੀ ਨੇ ਇਹਨਾਂ ਦੀਆਂ ਰਚਨਾਵਾਂ ਵਿਚੋਂ ਕੁਝ ਪੰਨੇ 'ਤੇ ਵਾਪਸ ਮੋੜ ਦਿੱਤੇ ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨਾਲ ਇਕਸੁਰ ਨਹੀਂ ਸਨ। ਇਨ੍ਹਾਂ ਲੋਕਾਂ ਨੂੰ ਭੀ ਗੁੱਸਾ ਆਉਣਾ ਹੀ ਸੀ। ਇਨ੍ਹਾਂ ਨੇ ਵਧਾ-ਚੜ੍ਹਾ ਕੇ ਲਾਹੌਰੀ ਹਾਕਮਾਂ ਅੱਗੇ ਗੁਰੂ ਘਰ ਦੀਆਂ ਸ਼ਿਕਾਇਤਾਂ ਕੀਤੀਆਂ, ਪਰ ਹਾਲੀ ਰਾਜ ਗੱਦੀ 'ਤੇ ਅਕਬਰ ਬੈਠਾ ਸੀ, ਜੋ ਕਾਫ਼ੀ ਉਦਾਰਵਾਦੀ ਸੀ। ਦੂਜੇ ਪਾਸੇ ਸਤਿਗੁਰੂ ਬ੍ਰਾਹਮਣੀ ਕਰਮ-ਕਾਂਡਾਂ ਦੇ ਬਖੀਏ ਉਧੇੜ ਰਹੇ ਸਨ। ਕੁੱਲ ਮਨੁੱਖਤਾ ਨੂੰ, ਏਕੇ ਦੇ ਸੂਤਰ ਵਿੱਚ ਪਰੋ ਰਹੇ ਸਨ।

ਸਿੱਖ ਹਰ ਤਰ੍ਹਾਂ ਦੇ ਵਪਾਰ ਦੇ ਨਾਲ-ਨਾਲ, ਘੋੜਿਆਂ ਦਾ ਵਪਾਰ ਭੀ ਕਰਨ ਲੱਗੇ। ਕਾਬਲ-ਕੰਧਾਰ ਤੋਂ ਸਿੱਖ ਘੋੜੇ ਖ਼ਰੀਦ ਕੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਲਿਜਾ ਕੇ ਵੇਚਦੇ। ਇਸੇ ਕਾਰਨ ਸਿੱਖ ਚੰਗੇ ਘੋੜ ਸਵਾਰ ਬਣਦੇ ਗਏ। ਪੈਸੇ ਪੱਖੋਂ ਮਜ਼ਬੂਤ ਹੁੰਦੇ ਚਲੇ ਗਏ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਮਿਲਣ ਕਰ ਕਰ ਤਜ਼ਰਬੇਕਾਰ ਬਣਦੇ ਗਏ। ਰਾਹ ਦੀਆਂ ਮੁਸ਼ਕਲਾਂ ਝੱਲਦਿਆਂ ਸਰੀਰਕ ਪੱਖੋਂ ਮਜ਼ਬੂਤ ਦੇ ਦਿਲੋ-ਦਿਮਾਗ਼ ਪੱਖੋਂ ਤਕੜੇ ਹੁੰਦੇ ਗਏ। ਆਉਣ ਵਾਲੇ ਜੰਗਾਂ-ਯੁੱਧਾਂ ਵਿਚ ਇਹਨਾਂ ਹੀ ਸ਼ਾਹ ਸਵਾਰਾਂ ਨੇ ਤੇਗਾਂ ਵਾਹੁਣੀਆਂ ਸਨ।ਦੱਬੇ-ਕੁਚਲੇ ਅਤੇ ਆਰਥਿਕ ਪੱਖੋਂ ਕਮਜ਼ੋਰ ਲੋਕ, ਗ਼ੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਲੋਕ, ਧਾਰਮਿਕ ਤੌਰ 'ਤੇ ਬੁੱਧਹੀਣ ਬਣਾ ਕੇ ਲੁੱਟੇ ਜਾ ਰਹੇ ਲੋਕਾਂ ਨੂੰ ਗੁਰੂ ਨਾਨਕ ਵਿਚਾਰਧਾਰਾ ਨੂੰ ਪਹਿਲ ਦੇ ਕੇ ਅਪਣਾਇਆ। ਸਤਿਗੁਰੂ ਅਰਜਨ ਸਾਹਿਬ ਨੇ ਥਾਉਂ-ਥਾਈਂ ਲੋੜਵੰਦਾਂ ਵਾਸਤੇ ਲੰਗਰ ਚਲਾਏ ਧਰਮਸ਼ਾਲਾ ਬਣਵਾਈਆਂ, ਉਥੇ ਇਲਾਜ ਲਈ ਸਫ਼ਾਖ਼ਾਨੇ (ਹਸਪਤਾਲ) ਭੀ ਖੋਲ੍ਹੇ। ਤਰਨ ਤਾਰਨ ਵਿਖੇ ਕੁਸ਼ਟ ਰੋਗੀਆਂ ਲਈ ਖੋਲ੍ਹਿਆ ਹਸਪਤਾਲ, ਇਸ ਦੀ ਉਘੜਵੀਂ ਮਿਸਾਲ ਸੀ। ਸੰਨ 1596 ਵਿਚ ਜਦੋਂ ਲਾਹੌਰ ਵਿਚ ਚੇਚਕ ਦੀ ਭਿਆਨਕ ਬਿਮਾਰੀ ਫੈਲ ਗਈ ਤਾਂ ਮੁਕਾਮੀ ਹਾਕਮਾਂ (ਸਰਕਾਰੀ ਮਹਿਕਮੇ) ਨੇ ਬਿਮਾਰਾਂ ਦੇ ਇਲਾਜ ਦਾ ਕੋਈ ਪ੍ਰਬੰਧ ਨਾ ਕੀਤਾ। ਬਿਮਾਰੀ ਅੱਗੇ ਤੋਂ ਅੱਗੇ ਫੈਲਦੀ ਗਈ। ਹਰ ਗਲ਼ੀ-ਮੁਹੱਲੇ ਵਿਚੋਂ, ਰੋਜ਼ਾਨਾ ਕਈ-ਕਈ ਅਰਥੀਆਂ ਉੱਠਣ ਲੱਗੀਆਂ। ਅਜਿਹੇ ਬਿਖੜੇ ਹਾਲਾਤ ਵਿਚ ਸਤਿਗੁਰੂ ਅਰਜਨ ਸਾਹਿਬ ਆਪਣੇ ਸੇਵਕਾਂ ਦੇ ਵੱਡੇ ਕਾਫ਼ਲੇ ਸਮੇਤ, ਲਾਹੌਰ ਪੁੱਜ ਗਏ।

ਜਿੰਨਾ ਅੰਨ-ਦਾਣਾ ਦਸਵੰਧ ਰੂਪ ਵਿਚ ਆ ਰਿਹਾ ਸੀ, ਹੋਰ ਸਾਰੇ ਖ਼ਰਚੇ ਰੋਕ ਕੇ, ਬਿਮਾਰਾਂ ਦੀ ਸੰਭਾਲ ਵਾਸਤੇ, ਵਰਤਣਾ ਸ਼ੁਰੂ ਕਰ ਦਿੱਤਾ।ਮੁਰਦਿਆਂ ਨੂੰ ਠਿਕਾਣੇ ਲਾਉਣਾ, ਬਿਮਾਰਾਂ ਨੂੰ ਦਵਾਈਆਂ ਦੇਣੀਆਂ, ਤੰਦਰੁਸਤਾਂ ਨੂੰ ਲੋੜਵੰਦਾਂ ਦੀ ਸੇਵਾ ਵਾਸਤੇ ਪ੍ਰੇਰਨਾ, ਇਹ ਸਾਰੇ ਕੰਮ ਸਤਿਗੁਰੂ ਜੀ ਨੇ ਆਪਣੀ ਨਿਗਰਾਨੀ ਵਿਚ, ਆਰੰਭ ਕਰਵਾ ਦਿੱਤੇ। ਲੰਗਰ ਅਤੇ ਸਾਫ਼ ਪਾਣੀ ਚੌਵੀ ਘੰਟੇ ਮੁਹੱਈਆ ਕਰਵਾਇਆ ਜਾਣ ਲੱਗਾ। ਲਾਹੌਰ ਦੇ ਗਵਰਨਰ ਅਤੇ ਸਮਰਾਟ ਅਕਬਰ ਨੂੰ ਭੀ ਗੁਰੂ ਘਰ ਦੀ ਪ੍ਰਸ਼ੰਸਾ ਕਰਨੀ ਪਈ ਕਿ, 'ਜੋ ਸੇਵਾ ਸਰਕਾਰ ਵੱਲੋਂ ਕਰਨੀ ਬਣਦੀ ਸੀ, ਉਹ ਗੁਰੂ ਅਰਜਨ ਸਾਹਿਬ ਜੀ ਨੇ ਕੀਤੀ।'

ਲਾਹੌਰ ਵਿਚ ਸਤਿਗੁਰੂ ਜੀ ਨੇ ਰੋਗੀਆਂ ਦੀ ਲਗਪਗ 8 ਮਹੀਨੇ ਤੱਕ ਲਗਾਤਾਰ ਸੇਵਾ-ਸੰਭਾਲ ਕੀਤੀ।

ਸਤਿਗੁਰੂ ਜੀ ਜਿਥੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਰਥਿਕ ਮਦਦ ਕਰਦੇ ਸਨ, ਮਨੁੱਖਤਾ ਵਿਚ ਬਰਾਬਰਤਾ ਲਿਆਉਣਾ ਚਾਹੁੰਦੇ ਸਨ, ਉਥੇ ਨਾਲ ਹੀ ਸਾਰਿਆਂ ਨੂੰ ਗਿਆਨਵਾਨ ਤੇ ਦਲੇਰ ਬਣਾਉਣ ਲਈ ਵੀ ਪੂਰੀ ਵਾਹ ਲਾ ਰਹੇ ਸਨ। ਇਸੇ ਕੜੀ ਤਹਿਤ ਉਨ੍ਹਾਂ ਨੇ ਸਿੱਖਾਂ ਲਈ ਪੰਜਾਬ ਦੀ ਧੁੰਨੀ ਵਿਚ, ਪੰਜਾਬ ਦੀ ਸਦੀਆਂ ਤੋਂ ਸਥਾਪਤ ਰਾਜਧਾਨੀ ਲਾਹੌਰ ਤੋਂ ਕੇਵਲ 28 ਮੀਲ ਦੇ ਫ਼ਾਸਲੇ 'ਤੇ, ਸਿੱਖਾਂ ਦੀ ਰਾਜਸੀ ਅਤੇ ਧਾਰਮਿਕ ਰਾਜਧਾਨੀ ਭਰ ਜੋਬਨ 'ਤੇ ਪਹੁੰਚਾ ਦਿੱਤੀ। ਅੰਮ੍ਰਿਤਸਰ ਸ਼ਹਿਰ ਤਾਂ ਹਰ ਪੱਖੋਂ ਸੰਪੂਰਨ ਕੀਤਾ ਹੀ, ਸਗੋਂ ਸਿੱਖਾਂ ਲਈ ਸਦੀਵੀ ਮਿਲ ਬੈਠਨ ਲਈ, ਹਰ ਤਰ੍ਹਾਂ ਦੀ ਅਗਵਾਈ ਲੈਣ ਲਈ, ਭਵਿੱਖ ਮੁਖੀ ਫ਼ੈਸਲੇ ਲੈਣ ਸ਼ਾਨਦਾਰ ਕੇਂਦਰ ਸਥਾਪਿਤ ਕਰ ਦਿੱਤਾ ਤਾਂ ਕਿ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਫ਼ੈਸਲੇ ਖ਼ੁਦ ਕਰਨ ਦੀ ਜਾਚ ਅਤੇ ਯੋਗਤਾ ਆ ਜਾਵੇ। ਦਰਬਾਰ ਸਾਹਿਬ ਦੀ ਚੌਂਹ ਮੁਖੀ ਇਮਾਰਤ ਬਣ ਚੁੱਕਣ ਤੋਂ ਬਾਅਦ, ਛੇਹਰਟਾ ਨਗਰ 'ਤੇ ਖੂਹ, ਤਰਨ ਤਾਰਨ ਸਰੋਵਰ, ਦਰਬਾਰ ਤੇ ਨਗਰ, ਕਰਤਾਰਪੁਰ (ਜਲੰਧਰ) ਅਤੇ ਹਰਿਗੋਬਿੰਦਪੁਰ ਦੇ ਖ਼ਾਸ ਥਾਵਾਂ ਦੀ ਉਸਾਰੀ ਕਰਵਾਈ। ਗੁਰੂ ਅਮਰਦਾਸ ਜੀ ਨੇ ਜੋ ਮੰਜੀਆਂ ਸਥਾਪਿਤ ਕੀਤੀਆਂ ਸਨ, ਉਹ ਦੇਸ਼-ਵਿਦੇਸ਼ ਵਿੱਚੋਂ ਦਿਲੋ ਜਾਨ ਨਾਲ ਸਿੱਖੀ ਨੂੰ ਪ੍ਰਫੁੱਲਤ ਕਰ ਰਹੇ ਸਨ। ਉਨ੍ਹਾਂ ਵਿਚ ਹੋਰ ਸੁਧਾਰ ਕਰ ਕੇ ਪੰਜਵੇਂ ਸਤਿਗੁਰਾਂ ਨੇ ਉਸ ਨੂੰ ਹੋਰ ਪੱਕੇ ਪੈਰੀਂ ਕੀਤਾ। ਸਮਕਾਲੀ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ "ਸਰਕਾਰੀ ਮਾਲੀਆ ਵਕਤ ਸਿਰ ਜਮ੍ਹਾਂ ਨਹੀਂ ਹੁੰਦਾ।ਕਈ ਵਾਰ ਸਰਕਾਰ ਨੂੰ ਜ਼ਬਰਦਸਤੀ ਉਗਰਾਹੀ ਕਰਨੀ ਪੈਂਦੀ ਹੈ। ਬਹੁਤ ਸਾਰੇ ਸਰਕਾਰੀ ਕੰਮ ਇਸੇ ਕਾਰਨ ਰੁਕ ਜਾਂਦੇ ਹਨ। ਦੂਜੇ ਪਾਸੇ ਗੁਰੂ ਘਰ ਦੀ ਆਮਦਨ ਪੂਰੀ ਤਰ੍ਹਾਂ ਵਿਸ਼ਵਾਸਯੋਗ ਤਰੀਕੇ ਨਾਲ ਜਮ੍ਹਾਂ ਹੋ ਜਾਂਦੀ ਹੈ। ਇਸੇ ਲਈ ਸਤਿਗੁਰੂ ਜੀ, ਆਪਣੇ ਸਾਰੇ ਕਾਰਨਾਂ ਦੀ ਰੂਪ ਰੇਖਾ, ਠੀਕ ਤਰੀਕੇ ਉਲੀਕ ਲੈਂਦੇ ਹਨ। ਸਮੇਂ ਸਿਰ ਉਲੀਕੇ ਕੰਮ ਪੂਰੇ ਹੋ ਜਾਂਦੇ ਹਨ।"

ਗੁਰੂ ਘਰ ਦੀ ਨਿੱਤ ਵਧਦੀ ਲੋਕ ਪ੍ਰਿਅਤਾ ਤੋਂ ਘਬਰਾ ਦੇ ਵਿਰੋਧੀਆਂ ਨੇ ਬੜੀਆਂ ਸਾਜ਼ਿਸ਼ਾਂ ਰਚੀਆਂ। ਘਰ ਵਿਚੋਂ ਇਕ ਕਮਜ਼ੋਰ ਕੜੀ ਪ੍ਰਿਥੀ ਚੰਦ ਨੂੰ ਹੱਥ ਠੋਕਾ ਬਣਾ ਕੇ, ਗੁਰੂ ਅਰਜਨ ਸਾਹਿਬ ਜੀ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਗਿਆ। ਕਾਮਯਾਬੀ ਨਾ ਮਿਲਦੀ ਵੇਖ ਕੇ ਪ੍ਰਿਥੀ ਚੰਦ ਭਾਰੀ ਰਕਮ ਦੇਣੀ ਕਰ ਕੇ ਇੱਕ ਛੋਟੇ ਅਫ਼ਸਰ ਸੁਲਹੀ ਖ਼ਾਨ ਨੂੰ ਗੁਰੂ ਘਰ 'ਤੇ ਹਮਲਾ ਕਰਾਉਣ ਦੀ ਨੀਅਤ ਨਾਲ ਚੜ੍ਹਾ ਲਿਆਇਆ, ਪਰ ਯੋਜਨਾ ਸਿਰੇ ਨਾ ਚੜ੍ਹੀ, ਸੁਲਹੀ ਖ਼ਾਨ

ਦਾ ਘੋੜਾ ਤ੍ਰਬਕ ਕੇ ਪ੍ਰਿਥੀ ਚੰਦ ਦੇ ਬਲ ਰਹੇ ਇੱਟਾਂ ਵਾਲੇ ਭੱਠੇ ਵਿਚ ਜਾ ਵੜਿਆ ਤੇ ਸਵਾਰ ਸਮੇਤ ਸੜ ਕੇ ਖਾਕ ਹੋ ਗਿਆ। ਇਹ ਵਾਰ ਖਾਲੀ ਚਲਾ ਗਿਆ। ਪ੍ਰਿਥੀ ਚੰਦ ਦਾ ਬੇਟਾ ਮੇਹਰਵਾਨ, ਨਾਨਕ ਨਾਮ ਹੇਠ ਕਵਿਤਾਵਾਂ ਲਿਖ ਕੇ ਆਪਣੇ ਆਪ ਨੂੰ ਗੁਰੂ ਜਤਾਉਣ ਕਰਨ ਲੱਗ ਪਿਆ। ਬਾਲਕ ਹਰਿਗੋਬਿੰਦ ਜੀ 'ਤੇ ਪ੍ਰਿਥੀ ਨੇ ਕਈ ਜਾਨਲੇਵਾ ਹਮਲੇ ਕਰਵਾਏ, ਪਰ ਕਾਮਯਾਬੀ ਨਾ ਮਿਲੀ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਬਾਕੀ ਬਾਣੀ ਬਾਰੇ ਅਣਗਿਣਤ ਭਰਮ-ਭੁਲੇਖੇ ਵਾਲੀਆਂ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ ਜਿਵੇਂ ਕਿ ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਬਾਣੀ ਪੰਜਵੇਂ ਪਾਤਸ਼ਾਹ ਕੋਲ ਪਹੁੰਚੀ। ਜਿੰਨੀ ਕੁ ਪਹੁੰਚੀ ਹੈ, ਇਸ ਵਿਚ ਕਈ ਸਾਰੀਆਂ ਮਿਲਾਵਟਾਂ ਹੋ ਗਈਆਂ ਹਨ......... ਆਦਿ । ਇੱਕ ਪਾਸੇ ਜਨੂੰਨੀ ਬ੍ਰਾਹਮਣ ਤੇ ਦੂਜੇ ਪਾਸੇ ਕੱਟੜ ਮੌਲਾਣੇ ਤੇ ਤੀਜੇ, ਕਮਜ਼ੋਰ ਜਹਿਨੀਅਤ ਵਾਲਾ ਜਹਾਂਗੀਰ ਬਾਦਸ਼ਾਹ।

**4. ਪੋਥੀ ਸਾਹਿਬ ਦੀ ਸੰਪਾਦਨਾ:-**

ਬ੍ਰਾਹਮਣਾਂ ਲਈ ਵੱਡੀ ਧਿਰ ਮਹੇਸ਼ ਦਾਸ (ਬੀਰਬਲ) ਮਰ ਚੁੱਕਾ ਸੀ। ਅਕਬਰ ਉਨ੍ਹਾਂ ਦੀ ਗੱਲ ਸੁਣ ਕੇ ਕਈ ਵਾਰ ਰੱਦ ਕਰ ਚੁੱਕਾ ਸੀ। ਫਿਰ ਭੀ ਇਹ ਪਖੰਡੀ ਲੋਕ ਨਿੱਤ ਨਵੀਆਂ ਚਾਲਾਂ ਚੱਲਦੇ ਰਹਿੰਦੇ ਸਨ।ਜਿਵੇਂ ਇਹ ਗੱਲਾਂ ਉਭਾਰੀਆਂ ਗਈਆਂ, "ਦੇਖੋ ਜੀ, ਸਿੱਖ ਸਾਰੀਆਂ ਪੁਰਾਤਨ ਧਾਰਮਿਕ ਰਸਮਾਂ ਤੋੜ ਰਹੇ ਹਨ। ਭਗਵਾਨ ਦੀਆਂ ਮੂਰਤੀਆਂ ਨੂੰ ਮੱਥਾ ਨਹੀਂ ਟੇਕਦੇ। ਤੀਰਥ ਯਾਤਰਾ ਨੂੰ ਫ਼ਜ਼ੂਲ ਦੱਸਦੇ ਹਨ। ਬ੍ਰਾਹਮਣਾਂ ਨੂੰ ਆਪਣਾ ਗੁਰੂ ਸਵੀਕਾਰ ਨਹੀਂ ਕਰਦੇ। ਸ਼ਰਾਧ, ਵਰਤ, ਦੇਵੀ-ਦੇਵਤੇ ਆਦਿ ਨੂੰ ਨਹੀਂ ਮੰਨਦੇ। ਵੇਦਾਂ, ਪੁਰਾਣਾਂ, ਰਮਾਇਣ, ਮਹਾਂਭਾਰਤ ਨੂੰ ਟਿੱਚਰਾਂ ਕਰਦੇ ਹਨ। ਜ਼ਾਤ-ਪਾਤੀ ਪ੍ਰਬੰਧ ਨੂੰ ਤੋੜ ਦਿੱਤਾ ਹੈ, ਸਾਰੇ ਇਕੱਠੇ ਪ੍ਰਸ਼ਾਦਾ ਛਕਦੇ ਹਨ.........। ਇਨ੍ਹਾਂ ਰੀਤਾਂ ਰਸਮਾਂ ਨੂੰ ਤਿਆਗਣ ਦਾ ਮਤਲਬ ਹੈ ਹਿੰਦੂ ਧਰਮ (ਵੈਦਿਕ ਧਰਮ ਜਾਂ ਸਨਾਤਨ ਧਰਮ) ਤੋਂ ਬਾਗ਼ੀ ਹੋਣਾ। ਇਨ੍ਹਾਂ ਬਾਗ਼ੀਆਂ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।"

ਇਸੇ ਤਰ੍ਹਾਂ ਕੱਟੜ ਮੌਲਵੀ ਨਵਾਬਾਂ-ਬਾਦਸ਼ਾਹਾਂ ਨੂੰ ਚੁੱਕਣਾ ਦੇ ਰਹੇ ਸਨ, "ਦੇਖੋ ਹਜ਼ੂਰ! ਇਨ੍ਹਾਂ ਕਾਫ਼ਰਾਂ ਨੇ ਹੁਣ ਇੱਕ ਕਿਤਾਬ ਭੀ ਤਿਆਰ ਕਰ ਲਈ ਹੈ। ਇਹ ਸਾਡੀਆਂ ਸਾਰੀਆਂ ਸ਼ਰ੍ਹਾ ਦੀਆਂ ਪਾਬੰਦੀਆਂ ਤੋੜ ਰਹੇ ਹਨ। ਇਹ ਲੋਕ ਵੱਡੀ ਤਾਕਤ ਬਣਦੇ ਜਾ ਰਹੇ ਹਨ। ਕਿਸੇ ਵੇਲੇ ਭੀ ਇਹ ਬਾਗ਼ੀ ਟੋਲਾ ਇਸਲਾਮ ਧਰਮ ਵਾਸਤੇ ਅਤੇ ਮੁਗ਼ਲ ਰਾਜ ਵਾਸਤੇ ਖ਼ਤਰਾ ਬਣ ਸਕਦੇ ਹਨ। ਹੁਣੇ ਤੋਂ ਇਨ੍ਹਾਂ ਨੂੰ ਨੱਥ ਪਾਈ ਜਾਵੇ ਵਰਨਾ ਬਹੁਤ ਦੇਰ ਹੋ ਚੁੱਕੀ ਹੋਵੇਗੀ।"

ਇਸ ਪਰਥਾਏ ਸ਼ੇਖ਼ ਅਹਿਮਦ ਸਰਹੰਦੀ ਮੁਜੱਦਦ ਅਲਫ਼ਸਾਨੀ ਦੀ ਲਿਖਤ 'ਮਕਤੂਬਾਤ ਇਮਾਮ-ਏ-ਰੱਬਾਨੀ' ਸਬੂਤ ਵਾਸਤੇ ਪੜ੍ਹੀ ਜਾ ਸਕਦੀ ਹੈ। ਪਹਿਲਾਂ ਉਹ ਜਹਾਂਗੀਰ ਨੂੰ ਇਸ ਪਰਥਾਏ ਖ਼ਤ ਲਿਖਦਾ ਹੈ ਕਿ 'ਕਿਸੇ ਭੀ ਬਹਾਨੇ ਸਿੱਖਾਂ ਦੇ ਗੁਰੂ ਨੂੰ ਮਾਰ ਦਿੱਤਾ ਜਾਵੇ। ਮੁੜ ਇਨ੍ਹਾਂ ਕਾਫ਼ਰ ਸਿੱਖਾਂ ਨੂੰ ਜਥੇਬੰਦ ਨਾ ਹੋਣ ਦਿੱਤਾ ਜਾਵੇ। ਜਦੋਂ ਉਸ ਦੀ ਇੱਛਾ ਪੂਰੀ ਹੋ ਗਈ ਤਾਂ ਉਸ ਨੇ ਅਥਾਹ ਖ਼ੁਸ਼ੀ ਮਨਾਈ। ਵਧਾਈ ਵਾਲੀਆਂ ਚਿੱਠੀਆਂ ਆਪਣੇ ਦੋਸਤਾਂ-ਮਿੱਤਰਾਂ ਅਤੇ ਜਹਾਂਗੀਰ ਨੂੰ ਭੀ ਲਿਖੀਆਂ (ਵੇਰਵੇ ਲਈ ਵੇਖੋ ਸਾਚੀ ਸਾਖੀ-ਸ੍ਰ.ਕਪੂਰ ਸਿੰਘ, ਸਿੱਖ ਇਤਿਹਾਸ-ਡਾ.ਗੰਡਾ ਸਿੰਘ)

ਵਿਰੋਧੀਆਂ ਵੱਲੋਂ ਗੁਰਬਾਣੀ ਬਾਰੇ ਬੇ-ਸਿਰ ਪੈਰ ਦੀਆਂ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ। ਗੁਰੂ ਘਰ ਦੇ ਵਿਰੋਧੀਆਂ ਦੇ ਹਮਲੇ ਤੇਜ਼ ਹੁੰਦੇ ਗਏ ਤੇ ਪੰਜਵੇਂ ਪਾਤਸ਼ਾਹ ਜੀ ਸਮੇਂ ਪੋਥੀ ਸਾਹਿਬ ਦੀ ਸੰਪੂਰਨਤਾ ਤੋਂ ਮਗਰੋਂ ਇਹ ਜਨੂੰਨ ਸਿਖਰਾਂ 'ਤੇ ਪੁੱਜ ਗਿਆ। ਵਿਰੋਧੀਆਂ ਨੇ ਸਤਿਗੁਰੂ ਜੀ ਨੂੰ ਬੇਓੜਕ ਪ੍ਰੇਸ਼ਾਨ ਕੀਤਾ, ਕਦਮ-ਕਦਮ 'ਤੇ ਰੁਕਾਵਟਾਂ ਪਾਈਆਂ। ਸਤਿਗੁਰੂ ਜੀ ਕੁੱਲ ਮਨੁੱਖ ਮਾਤਰ ਦਾ ਭਲਾ ਕਰਨਾ ਲੋਚਦੇ ਸਨ। ਖ਼ੁਦਗਰਜ਼ ਲੋਕਾਂ ਨੂੰ ਇਹ ਨਹੀਂ ਸੀ ਭਾਉਂਦਾ। ਜਿਥੇ ਪਰਉਪਕਾਰ ਦੇ ਹੋਰ ਅਣਗਿਣਤ ਕਾਰਜ ਪੰਚਮ ਪਾਤਿਸ਼ਾਹ ਨੇ ਕੀਤੇ, ਉਥੇ ਉਨ੍ਹਾਂ ਦਾ ਮਹਾਨ ਕਾਰਜ ਸੀ ਬਗ਼ੈਰ ਮਿਲਾਵਟ ਤੋਂ ਸਦਾ ਲਈ ਅਗਵਾਈ ਦਾ ਸੋਮਾ ਪੋਥੀ ਸਾਹਿਬ ਨੂੰ ਤਿਆਰ ਕਰਕੇ ਆਪਣੀ ਨਿਰਮਲ ਵਿਚਾਰਧਾਰਾ ਨੂੰ ਮਲੀਨ ਹੋਣ ਤੋਂ ਬਚਾ ਲੈਣਾ। ਸ਼ਬਦ ਗੁਰੂ ਦੇ ਅਸੂਲ ਨੂੰ ਪੱਕੇ ਪੈਰੀਂ ਸੰਸਾਰ ਸਨਮੁੱਖ ਰੱਖ ਦੇਣਾ।

ਲੰਮੇ ਸਮੇਂ ਤੱਕ ਅਨੇਕ ਸਾਜ਼ਿਸ਼ਾਂ ਰਚਦਿਆਂ ਅੰਤ ਨੂੰ ਇਹ ਜਨੂੰਨੀ ਲੋਕ ਸਤਿਗੁਰੂ ਜੀ ਵਿਰੁੱਧ ਹਕੂਮਤ ਨੂੰ ਭੜਕਾਉਣ ਵਿਚ ਕਾਮਯਾਬ ਹੋ ਗਏ। ਪੰਜਵੇਂ ਪਾਤਿਸ਼ਾਹ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਲਿਜਾ ਕੇ ਤਸੀਹੇ ਦਿੱਤੇ ਜਾਣ ਲੱਗੇ। ਇੱਕ ਵੱਡੀ ਰਕਮ ਜੁਰਮਾਨੇ ਦੇ ਰੂਪ ਵਿਚ ਅਦਾ ਕਰਨ ਲਈ ਕਿਹਾ ਗਿਆ। ਨਾਂਹ ਕਰਨ 'ਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ। ਸਤਿਗੁਰੂ ਜੀ ਵੱਲੋਂ ਇਨਕਾਰ ਕਰਨ 'ਤੇ ਫ਼ਤਵਾ ਜਾਰੀ ਕਰ ਦਿੱਤਾ ਗਿਆ। ਕਾਨੂੰਨ ਲਾਗੂ ਕੀਤੇ ਗਏ 'ਯਾਸਾ ਅਤੇ ਸਿਆਸਤ'। ਇਨ੍ਹਾਂ ਚੰਗੇਜ਼ੀ ਸਜ਼ਾਵਾਂ ਵਿੱਚ ਇਹ ਜ਼ਾਲਮਪੁਣਾ ਲਾਗੂ ਕੀਤਾ ਹੁੰਦਾ ਹੈ ਕਿ ਸਜ਼ਾ ਯਾਫ਼ਤਾ ਬੰਦੇ ਨੂੰ ਅੱਗ ਵਿੱਚ ਸਾੜ ਕੇ, ਪਾਣੀ ਵਿੱਚ ਉਬਾਲ ਕੇ, ਧਰਤੀ ਵਿੱਚ ਜਿਉਂਦਿਆਂ ਦਬਾ ਕੇ ਜਾਂ ਪਾਣੀ ਵਿੱਚ ਡੋਬ ਕੇ ਮਾਰਿਆ ਜਾਵੇ। ਇਨ੍ਹਾਂ ਸਾਰੀਆਂ ਸਜ਼ਾਵਾਂ ਨਾਲ ਸਰੀਰ ਵਿਚੋਂ ਖ਼ੂਨ ਦਾ ਕਤਰਾ ਬਾਹਰ ਨਹੀਂ ਨਿਕਲਦਾ, ਪਰ ਤੜਫਦਿਆਂ ਇਨਸਾਨ ਦੀ ਮੌਤ ਹੋ ਜਾਂਦੀ ਹੈ। ਇਹੀ ਵਹਿਸ਼ੀਆਨਾ ਧਾਰਾ ਸਤਿਗੁਰੂ ਜੀ 'ਤੇ ਲਾਗੂ ਕੀਤੀ ਗਈ। ਪਹਿਲੇ ਦਿਨ ਤੱਤੀ ਤਵੀ 'ਤੇ ਬਿਠਾਇਆ ਗਿਆ। ਸਰੀਰ ਛਲਣੀ-ਛਲਣੀ ਹੋ ਗਿਆ, ਪਰ ਜ਼ਾਲਮਾਂ ਨੂੰ ਰਤਾ ਤਰਸ ਨਾ ਆਇਆ। ਰਾਤ ਨੂੰ ਕਾਲ ਕੋਠੜੀ ਵਿੱਚ ਬੰਦ ਕੀਤਾ ਗਿਆ। ਸਵੇਰ ਨੂੰ ਮੁਰਤਜ਼ਾਖਾਨ ਅਤੇ ਸਾਈਂ ਮੀਆਂ ਮੀਰ ਆਏ। ਮੀਆਂ ਮੀਰ ਨੇ ਹਕੂਮਤ ਪ੍ਰਤੀ ਘੋਰ ਗੁੱਸਾ ਪ੍ਰਗਟ ਕੀਤਾ, ਪਰ ਆਪਣੇ ਆਪ ਨੂੰ ਬੇਵੱਸ ਪਾਇਆ ਕਿਉਂਕਿ ਜਨੂੰਨੀ ਲੋਕ ਜਹਾਂਗੀਰ ਤੋਂ ਇਹ ਪਾਪ ਕਾਰਾ ਕਰਵਾ ਚੁੱਕੇ ਸਨ। ਜਹਾਂਗੀਰ ਤੋਂ ਬਗ਼ੈਰ ਹੋਰ ਕੋਈ ਇਸ ਹੁਕਮ ਨੂੰ ਪਲਟ ਨਹੀਂ ਸੀ ਸਕਦਾ। ਮੁਰਤਜਾ ਖ਼ਾਨ ਦੀ ਫਿਰ ਇਸਲਾਮ ਧਾਰਨ ਕਰ ਲੈਣ ਤੇ ਜਾਨ ਬਖ਼ਸ਼ੀ ਦੀ ਪੇਸ਼ਕਸ਼ ਠੁਕਰਾ ਦਿੱਤੀ। ਗੁਰੂ ਅਰਜਨ ਸਾਹਿਬ ਜੀ ਦੇ ਆਪਣੇ ਬਚਨ ਹਨ:-

**ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥**
**ਡਰਿ ਡਰਿ ਪਚੇ ਮਨਮੁਖ ਵੇਚਾਰੇ॥੧॥ ਰਹਾਉ ॥**

**(677)**

ਦੂਜੇ ਦਿਨ ਸਤਿਗੁਰੂ ਜੀ ਨੂੰ ਧੁੱਪੇ ਤਪਦੇ ਰੇਤ ਉਪਰ ਬਿਠਾਇਆ ਤੇ ਲਿਟਾਇਆ ਗਿਆ। ਨਾਲ ਹੀ ਸਰੀਰ ਉਪਰ ਗਰਮ ਰੇਤ ਲਗਾਤਾਰ ਪਾਇਆ ਗਿਆ। ਜਦੋਂ ਹਾਕਮ ਜੁੰਡਲੀ ਤਸੀਹੇ ਦੇ ਕੇ ਸਤਿਗੁਰੂ ਜੀ ਨੂੰ ਝੁਕਾਉਣ ਤੋਂ ਅਸਮਰੱਥ ਹੋ ਗਈ ਤਾਂ ਫ਼ੈਸਲਾ ਹੋਇਆ ਕਿ ਰਾਵੀ ਦੇ ਕਿਨਾਰੇ ਲਿਜਾਇਆ ਜਾਵੇ। ਉਸ ਵਕਤ ਇਸ ਪਾਪ ਕਾਰੇ ਦੇ ਮੁਖੀ ਨੇ ਹੁਕਮ ਦਿੱਤਾ ਕਿ 'ਸਰੀਰ ਨਾਲ ਭਾਰੇ ਪੱਥਰ ਬੰਨ੍ਹ ਕੇ ਦਰਿਆ ਵਿਚ ਰੋੜ੍ਹ ਦਿਉ। ਹੁਣ ਬਹੁਤ ਤਸੀਹੇ ਦਿੱਤੇ ਜਾ ਚੁੱਕੇ ਹਨ। ਸਾਡੀ ਇੱਕ ਭੀ ਸ਼ਰਤ ਇਨ੍ਹਾਂ ਵੱਲੋਂ ਪਰਵਾਨ ਨਹੀਂ ਕੀਤੀ ਗਈ। ਗੱਲ ਖ਼ਤਮ ਕਰ ਦਿਉ।' ਇਸੇ ਤਰ੍ਹਾਂ ਕੀਤਾ ਗਿਆ। ਸਰੀਰ ਨਾਲ ਪੱਥਰ ਬੰਨ੍ਹ ਕੇ ਗੁਰੂ ਜੀ ਦਰਿਆ ਵਿੱਚ ਰੋੜ੍ਹ ਦਿੱਤੇ ਗਏ। ਇਸ ਤਰ੍ਹਾਂ ਲੰਮਾ ਸਮਾਂ ਤਸੀਹੇ ਝੱਲ ਕੇ ਅਸੂਲਾਂ ਤੇ ਅਡੋਲ ਰਹਿ ਕੇ ਸਤਿਗੁਰੂ ਜੀ ਬਹਾਦਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਗਏ। ਹਕੂਮਤ ਵੱਲੋਂ ਇਹ ਝੂਠਾ ਪ੍ਰਚਾਰ ਕੀਤਾ ਗਿਆ ਕਿ ਸਤਿਗੁਰੂ ਜੀ ਇਸ਼ਨਾਨ ਕਰਨ ਗਏ ਸੀ, ਵਾਪਸ ਪਰਤ ਕੇ ਨਹੀਂ ਆਏ। ਨਾ ਸਮਝ ਸਿੱਖ ਇਸ ਝੂਠ ਨੂੰ ਅੱਜ ਤੱਕ ਸੱਚ ਮੰਨੀ ਜਾ ਰਹੇ ਹਨ। ਅਖੇ, 'ਜੀ, ਗੁਰੂ ਅਰਜਨ ਸਾਹਿਬ ਸਰੀਰ ਸਮੇਤ ਸੱਚਖੰਡ ਚਲੇ ਗਏ।'

ਐ ਲਕੀਰ ਦੇ ਫ਼ਕੀਰੋ! ਜੇ ਸਤਿਗੁਰੂ ਜੀ ਨੇ ਕਰਾਮਾਤੀ ਢੰਗ ਨਾਲ 'ਸੱਚਖੰਡ' ਜਾਣਾ ਸੀ ਤਾਂ ਪੰਜ ਦਿਨਾਂ ਤੱਕ ਘੋਰ ਤਸੀਹੇ ਝੱਲਣ ਦੀ ਕੀ ਲੋੜ ਸੀ? ਦੁੱਖ ਭੋਗਣੇ ਕੋਈ ਸ਼ੌਂਕ ਸੀ ਉਨ੍ਹਾਂ ਦਾ? ਜੇ ਕਰਾਮਾਤ ਕਰਨੀ ਹੀ ਸੀ ਤਾਂ ਜ਼ਾਲਮ ਹਾਕਮਾਂ ਨੂੰ ਬਣਦੀ ਸਜ਼ਾ ਦਿੰਦੇ ਜਾਂ ਕਰਾਮਾਤ ਨਾਲ ਉਨ੍ਹਾਂ ਦਾ ਮਨ ਹੀ ਬਦਲ ਦਿੰਦੇ। ਜੇਕਰ ਅਜਿਹੀਆਂ ਕਰਾਮਾਤਾਂ ਨਾਲ ਕੁਝ ਸੰਵਰਨਾ ਹੁੰਦਾ ਤਾਂ ਦੁੱਖ ਭੋਗਣ, ਤਸੀਹੇ ਝੱਲਣ ਜਾਂ ਜੰਗ ਲੜਨ ਦੀ ਫਿਰ ਕੀ ਲੋੜ ਸੀ? ਸਤਿਗੁਰੂ ਨੇ ਸ਼ਹਾਦਤ ਦੇ ਨਵੇਂ ਪੂਰਨੇ ਪਾਏ। ਐ ਸੰਸਾਰ ਦੇ ਲੋਕੋ! ਜੇ ਗੁਰੂ ਘਰ ਨੇ ਜੀਵਨ ਜਾਚ ਦੱਸੀ ਹੈ ਤਾਂ ਗੁਰੂ ਘਰ ਮਰਨ ਦੀ ਜਾਚ ਵੀ ਦੱਸ ਰਿਹਾ ਹੈ। ਮੈਂ ਮੋਹਰੀ ਹੋ ਕੇ ਗੁਰੂ ਅਰਜਨ ਸਾਹਿਬ ਜੀ ਦੀ ਮੌਤ ਨੂੰ ਕਬੂਲ ਕਰ ਰਿਹਾ ਹਾਂ। ਜ਼ਿੰਦਗੀ ਵੱਡੀ ਨਹੀਂ ਹੈ, ਸਗੋਂ ਜ਼ਿੰਦਗੀ ਨਾਲੋਂ ਅਸੂਲ ਜ਼ਿਆਦਾ ਵੱਡਾ ਹੈ। -0-

ਦਿਵਸੁ ਰਾਤਿ ਦੁਇ ਦਾਈ ਦਾਇਆ...

# ਸਮੇਂ ਦੀ ਸੰਭਾਲ ਅਤੇ ਮਨੁੱਖ

**-ਰਣਜੀਤ ਸਿੰਘ # 99155-15436** ਸਟੇਟ ਤੇ ਨੈਸ਼ਨਲ ਅਵਾਰਡੀ ਹੈੱਡਮਾਸਟਰ (ਸੇਵਾ ਮੁਕਤ)



**ਪ੍ਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਵਿੱਚ ਇੱਕ ਹੋਰ ਗੁੱਝਾ ਭੇਦ ਇਹ ਵੀ ਹੈ ਕਿ ਕੁੱਝ ਥਾਵਾਂ ਅਜਿਹੀਆਂ ਵੀ ਹਨ ਜਿੱਥੇ ਕਈ ਕਈ ਦਿਨ ਲਗਾਤਾਰ ਸੂਰਜ ਚੜ੍ਹਿਆ ਰਹਿੰਦਾ ਹੈ ਜਾਂ ਰਾਤ ਹੀ ਰਹਿੰਦੀ ਹੈ, ਵਿਗਿਆਨੀਆਂ ਨੇ ਇਸ ਨੂੰ ਪੋਲਰ ਦਾ ਨਾਂ ਦਿੱਤਾ ਹੈ। ਜਿੱਥੇ ਕਈ ਦਿਨ ਲਗਾਤਾਰ ਸੂਰਜ ਚੜ੍ਹਿਆ ਰਹਿੰਦਾ ਹੈ ਉਸ ਨੂੰ ਪੋਲਰ ਦਿਵਸ ਅਤੇ ਜਿੱਥੇ ਲਗਾਤਾਰ ਹਨੇਰਾ ਛਾਇਆ ਰਹਿੰਦਾ ਹੈ ਉਸ ਨੂੰ ਪੋਲਰ ਰਾਤ ਕਿਹਾ ਜਾਂਦਾ ਹੈ। ਰੂਸ ਦੇ ਉਤਰੀ ਭਾਗ ਦੇ ਇਲਾਕੇ ਵਿੱਚ 2 ਦਸੰਬਰ ਤੋਂ 11 ਜਨਵਰੀ ਤੱਕ ਲਗਾਤਾਰ 40 ਦਿਨ ਰਾਤ ਹੀ ਰਹਿੰਦੀ ਹੈ ਅਤੇ 22 ਮਈ ਤੋਂ 23 ਜੁਲਾਈ ਤੱਕ ਦੋ ਮਹੀਨੇ ਦਿਨ ਹੀ ਰਹਿੰਦਾ ਹੈ ਅਤੇ ਸੂਰਜ ਚਮਕਦਾ ਰਹਿੰਦਾ ਹੈ। ਇਸੇ ਤਰ੍ਹਾਂ ਨਾਰਵੇ ਵਿੱਚ ਮਈ ਤੋਂ ਜੁਲਾਈ ਤੱਕ ਲੱਗਭੱਗ 70 ਦਿਨ ਹਨੇਰਾ ਛਾਇਆ ਰਹਿੰਦਾ ਹੈ ਅਤੇ 10 ਅਪ੍ਰੈਲ ਤੋਂ 23 ਅਗਸਤ ਤੱਕ ਸੂਰਜ ਚੜ੍ਹਿਆ ਰਹਿੰਦਾ ਹੈ। ਸਵੀਡਨ ਵਿੱਚ ਮਈ ਦੇ ਅਰੰਭ ਤੋਂ ਅਗਸਤ ਦੇ ਅਖੀਰ ਤੱਕ ਸੂਰਜ 12 ਵਜੇ ਛੁਪਦਾ ਹੈ ਅਤੇ ਸਾਢੇ ਚਾਰ ਵਜੇ ਫਿਰ ਨਿੱਕਲ ਆਉਂਦਾ ਹੈ। ਫਿਨਲੈਂਡ ਵਿੱਚ ਵੀ ਸੂਰਜ ਕਈ ਦਿਨ ਚਮਕਦਾ ਰਹਿੰਦਾ ਹੈ ਅਤੇ ਸਰਦੀਆਂ ਵਿੱਚ ਕਈ ਦਿਨ ਚੜ੍ਹਦਾ ਹੀ ਨਹੀਂ।**

ਅਕਾਲ ਪੁਰਖ ਦੇ ਸਾਜੇ ਬ੍ਰਹਮੰਡ ਵਿੱਚ ਜਿੱਥੇ ਲੱਖਾਂ ਹੀ ਸੂਰਜ, ਧਰਤੀਆਂ, ਚੰਦਰਮਾ ਤੇ ਅਕਾਸ਼ ਹਨ ਉਥੇ ਇਸ ਧਰਤੀ ਤੇ ਰਹਿਣ ਵਾਲੇ ਜੀਵਾਂ ਦਾ ਸਬੰਧ ਕੇਵਲ ਇੱਕ ਦਿਖਾਈ ਦੇਣ ਵਾਲੇ ਸੂਰਜ ਤੇ ਚੰਦਰਮਾ ਨਾਲ ਹੈ। ਬ੍ਰਹਮੰਡ ਦੀ ਇਸ ਰਚਨਾ ਤੋਂ ਪਹਿਲਾਂ ਜਾਂ ਇਹ ਕਹਿ ਲਈਏ ਕਿ ਅਰਬਾਂ ਸਾਲ ਪਹਿਲਾਂ ਇੱਥੇ ਘੁੱਪ ਹਨ੍ਹੇਰਾ ਸੀ ਕਿਉਂਕਿ ਉਸ ਸਮੇਂ ਨਾਂ ਸੂਰਜ ਸੀ, ਨਾ ਚੰਦ, ਨਾਂ ਧਰਤੀ ਤੇ ਨਾਂ ਹੀ ਕੁੱਝ ਹੋਰ। ਮਾਰੂ ਰਾਗ ਵਿੱਚ ਨਾਨਕ ਦੇਵ ਜੀ ਫੁਰਮਾਉਂਦੇ ਹਨ-

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥ (1035)

ਪ੍ਰਮਾਤਮਾ ਦੇ ਇੱਕ ਫੁਰਨੇ ਨਾਲ ਹੀ ਬ੍ਰਹਮੰਡ ਦੀ ਸਿਰਜਨਾ ਅਰੰਭ ਹੋ ਗਈ। ਸੂਰਜ, ਚੰਦ, ਤਾਰੇ, ਧਰਤੀ ਤੇ ਅਕਾਸ਼ ਦਾ ਨਿਰਮਾਣ ਹੋ ਗਿਆ। ਇਹਨਾਂ ਦੀ ਹੋਂਦ ਨਾਲ ਹੀ ਦਿਨ ਤੇ ਰਾਤ ਬਣੇ। ਧੁੱਪ ਤੇ ਛਾਂ ਹੋਈ। ਸੂਰਜ ਤੇ ਚੰਦ ਗ੍ਰਹਿਣ ਦੇ ਵਰਤਾਰੇ ਹੋਂਦ ਵਿੱਚ ਆਏ। ਆਦਿ ਕਾਲ ਤੋਂ ਹੀ ਮਨੁੱਖ ਇਹਨਾਂ ਨੂੰ ਨੀਝ ਨਾਲ ਤੱਕਦਾ ਰਿਹਾ ਤੇ ਕੁਦਰਤ ਦੇ ਗੁੱਝੇ ਭੇਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਆਖਿਰ ਇਹ ਸਭ ਕੁੱਝ ਕਿਵੇਂ ਵਾਪਰ ਰਿਹਾ ਹੈ। ਇੱਕੋ ਹੀ ਧਰਤੀ ਉਪਰ ਕਿਸੇ ਥਾਂ ਤੇ ਗਰਮੀ ਕਿਤੇ ਠੰਡ। ਕਿਸੇ ਥਾਂ ਤੇ ਦਿਨ ਤੇ ਉਸ ਸਮੇਂ ਕਿਸੇ ਥਾਂ ਤੇ ਰਾਤ। ਪਹਿਲਾਂ ਪਹਿਲ ਤਾਂ ਮਨੁੱਖ ਸੂਰਜ, ਚੰਦ ਤੇ ਧਰਤੀ ਨੂੰ ਸਥਿਰ ਹੀ ਮੰਨਦਾ ਰਿਹਾ। ਕੁੱਝ ਧਾਰਮਿਕ ਗ੍ਰੰਥਾਂ ਨੇ ਵੀ ਅਜਿਹੇ ਵਿਚਾਰਾਂ ਨੂੰ ਜਨਮ ਦਿੱਤਾ। ਪਰ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਗ੍ਰਹਿਾਂ ਦੇ ਗੁੱਝੇ ਭੇਦ ਪਹਿਲੀ ਵਾਰ ਸਭ ਦੇ ਸਾਹਮਣੇ ਰੱਖੇ ਅਤੇ ਫੁਰਮਾਇਆ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ ॥ (464)

ਜਿਵੇਂ ਜਿਵੇਂ ਮਨੁੱਖ ਵਿਕਾਸ ਕਰਦਾ ਗਿਆ ਉਸ ਨੂੰ ਕੁਦਰਤ ਦੇ ਡੂੰਘੇ ਰਹੱਸਾਂ ਦੀ ਥੋੜ੍ਹੀ ਥੋੜ੍ਹੀ ਸਮਝ ਆਉਣ ਲੱਗੀ ਕਿ ਆਖਿਰ ਇਹ ਦਿਨ ਤੇ ਰਾਤ ਕਿਵੇਂ ਬਣਦੇ ਹਨ। ਗੁਰੂ ਨਾਨਕ ਦੇਵ ਜੀ ਦਾ ਵੀ ਫੁਰਮਾਨ ਹੈ ਕਿ ਸੰਸਾਰ ਦੀ ਕਾਰ ਵਿਹਾਰ ਨੂੰ ਚਲਾਉਣ ਲਈ ਦਿਨ ਤੇ ਰਾਤ ਖਿਡਾਵੀ ਤੇ ਖਿਡਾਵੇ ਦਾ ਕੰਮ ਕਰਦੇ ਹਨ। ਆਪ ਜੀ ਦਾ ਫੁਰਮਾਨ ਹੈ

ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥ (8)

ਮਨੁੱਖ ਨੂੰ ਵਿਕਾਸ ਦੇ ਨਾਲ ਇਸ ਗੱਲ ਦੀ ਸੋਝੀ ਹੋ ਗਈ ਕਿ ਧਰਤੀ, ਸੂਰਜ ਦੇ ਦੁਆਲੇ ਘੁੰਮਦੀ ਹੈ। ਸੂਰਜ ਦੇ ਦੁਆਲੇ ਘੁੰਮਣ ਦੇ ਨਾਲ ਨਾਲ ਇਹ ਆਪਣੇ ਧੁਰੇ ਦੇ ਦੁਆਲੇ ਵੀ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ। ਇਸ ਪ੍ਰਕ੍ਰਿਆ ਵਿੱਚ ਪ੍ਰਿਥਵੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉਥੇ ਦਿਨ ਹੁੰਦਾ ਹੈ ਅਤੇ ਉਲਟ ਪਾਸੇ ਰਾਤ ਹੁੰਦੀ ਹੈ। ਇਹ ਪ੍ਰਕ੍ਰਿਆ 24 ਘੁੰਟੇ ਵਿੱਚ ਪੂਰੀ ਹੁੰਦੀ ਹੈ। ਜਿੱਥੇ ਸੂਰਜ ਦੀ ਰੋਸ਼ਨੀ ਪਹਿਲਾਂ ਪਹੁੰਚਦੀ ਹੈ ਉਥੇ ਦਿਨ ਪਹਿਲਾਂ ਚੜ੍ਹਦਾ ਹੈ। ਇਸੇ ਤਰ੍ਹਾਂ ਦੁਪਹਿਰ ਤੇ ਸ਼ਾਮ ਵੀ ਬਾਕੀ ਸਥਾਨਾ ਨਾਲੋਂ ਪਹਿਲਾਂ ਹੁੰਦੀ ਹੈ।

ਜਦੋਂ ਸੂਰਜ ਬਿਲਕੁਲ ਸਿਖਰ ਤੇ ਪਹੁੰਚਦਾ ਹੈ ਉਦੋਂ ਦਿਨ ਦੇ 12 ਵਜੇ ਦਾ ਸਮਾਂ ਮੰਨਿਆ ਜਾਂਦਾ ਹੈ। ਪ੍ਰੰਤੂ ਪ੍ਰਿਥਵੀ ਦੇ ਗੋਲ ਅਕਾਰ ਹੋਣ ਕਾਰਣ ਅਤੇ ਇਸ ਦੀ ਆਪਣੀ ਧੁਰੀ ਦੇ ਦੁਆਲੇ ਘੁੰਮਣ ਕਾਰਣ ਕਿਸੇ ਸਥਾਨ ਤੇ 12 ਵਜੇ ਦਾ ਸਮਾਂ ਪਹਿਲਾਂ ਹੁੰਦਾ ਹੈ ਅਤੇ ਕਿਤੇ ਬਾਅਦ ਵਿੱਚ।

ਇਸ ਨਾਲ ਦੂਰ ਦੂਰ ਤੱਕ ਯਾਤਰਾ ਕਰਨ ਵਾਲੇ ਮੁਸਾਫਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਧਰਤੀ ਗੋਲ ਹੈ ਅਤੇ ਹਰੇਕ ਸਥਾਨ ਉਪਰ ਪੂਰਬ ਜਾਂ ਪੱਛਮ ਕਿਸੇ ਵੀ ਦਿਸ਼ਾ ਵਿੱਚ ਸਫ਼ਰ ਕਰਦੇ ਹੋਏ ਪਹੁੰਚਿਆ ਜਾ ਸਕਦਾ ਹੈ। ਭਾਰਤ ਤੋਂ ਅਮਰੀਕਾ ਜਾਣ ਲਈ ਪੱਛਮ ਜਾਂ ਪੂਰਬ ਕਿਸੇ ਵੀ ਦਿਸ਼ਾ ਵਿੱਚ ਯਾਤਰਾ ਅਰੰਭ ਕੀਤੀ ਜਾ ਸਕਦੀ ਹੈ। ਜੇ ਯਾਤਰੂ ਪੱਛਮ ਵੱਲ ਸਫ਼ਰ ਕਰਦੇ ਸਨ ਤਾਂ ਜਿਹੜਾ ਸਮਾਂ ਉਹ ਪਿੱਛੇ ਛੱਡ ਕੇ ਗਏ ਹੁੰਦੇ ਉਹੀ ਸਮਾਂ ਉਥੇ ਹੁੰਦਾ। ਜੇ ਉਹ ਪੂਰਬ ਵੱਲ ਜਾਂਦੇ ਤਾਂ ਉਹ ਪਿਛਲੇ ਸਮੇਂ ਤੋਂ ਅੱਗੇ ਹੋ ਜਾਂਦੇ।

ਸਮੇਂ ਦੀ ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਅਤੇ ਸਮੇਂ ਦਾ ਸ਼ੁੱਧ ਨਿਰਧਾਰਣ ਕਰਨ ਲਈ ਸਾਰੇ ਦੇਸ਼ਾਂ ਨੇ ਮਿਲ ਕੇ ਇੱਕ ਸਹਿਮਤੀ ਕੀਤੀ।

ਪ੍ਰਿਥਵੀ ਉਤੇ ਉਤਰ ਤੋਂ ਦੱਖਣ ਵੱਲ ਕਾਲਪਨਿਕ ਰੇਖਾਵਾਂ ਖਿੱਚ ਲਈਆਂ। ਇਹਨਾਂ ਰੇਖਾਵਾਂ ਨੂੰ ਲੰਬਕਾਰ ਜਾਂ ਦੇਸ਼ਾਂਤਰ ਕਿਹਾ ਜਾਂਦਾ ਹੈ। ਜਿਵੇਂ ਜਿਵੇਂ ਮਨੁੱਖ ਵਿਕਾਸ ਕਰਦਾ ਗਿਆ ਉਸ ਨੇ ਦਿਨ ਤੇ ਰਾਤ ਨੂੰ ਮਾਪਣ ਦੀ ਖੋਜ ਇਜਾਦ ਕੀਤੀ। ਪਹਿਲਾਂ ਪਹਿਲ ਧੁੱਪ ਤੇ ਛਾਂ ਤੋਂ ਦਿਨ ਦੀ ਲੰਬਾਈ ਦਾ ਅੰਦਾਜਾ ਲਾਇਆ ਜਾਂਦਾ ਰਿਹਾ ਅਤੇ ਫਿਰ

ਹੌਲੀ ਹੌਲੀ ਧੁੱਪ ਘੜੀ, ਜਲ ਘੜੀ ਤੇ ਰੇਤ ਘੜੀ ਦੀ ਖੋਜ ਤੋਂ ਬਾਅਦ ਅਜੋਕੀ ਸੂਈਆਂ ਵਾਲੀ ਘੜੀ ਦੀ ਖੋਜ ਹੋਈ। ਆਵਾਜਾਈ ਦੇ ਸਾਧਨਾਂ ਵਿੱਚ ਕ੍ਰਾਂਤੀਕਾਰੀ ਖੋਜ ਹੋਣ ਨਾਲ ਮਨੁੱਖ ਦੂਰ ਦੂਰ ਦੇਸ਼ਾਂ ਵਿੱਚ ਜਾਣ ਲੱਗਾ ਪਰ ਇਸ ਨਾਲ ਸਮਾਂ ਮਾਪਣ ਦੀ ਸਮੱਸਿਆ ਫਿਰ ਉਸ ਦੇ ਸਾਹਮਣੇ ਆਈ।

ਸਾਡੀ ਪ੍ਰਿਥਵੀ ਨੂੰ ਇੱਕ ਦੇਸ਼ਾਂਤਰ ਤੋਂ ਦੂਜੇ ਦੇਸ਼ਾਂਤਰ ਤੱਕ ਸੂਰਜ ਦੇ ਸਾਹਮਣੇ ਗੁਜਰਨ ਲਈ 4 ਮਿੰਟ ਲੱਗਦੇ ਹਨ। ਸਭ ਤੋਂ ਵਿਚਕਾਰਲੇ ਦੇਸ਼ਾਂਤਰ ਨੂੰ ਮੁੱਖ ਅਧਿਆਨ ਰੇਖਾ ਦਾ ਨਾਂ ਦਿੱਤਾ ਗਿਆ ਹੈ। ਇਸ ਦਾ ਦਰਜਾ 0 ਹੈ। ਇਹ ਰੇਖਾ ਇੰਗਲੈਂਡ ਵਿੱਚ ਲੰਡਨ ਦੇ ਨੇੜੇ ਗ੍ਰੀਨਵਿੱਚ ਸ਼ਹਿਰ ਵਿੱਚੋਂ ਲੰਘਦੀ ਹੈ। ਮੁੱਖ ਮਾਧਿਅਨ ਰੇਖਾ ਦੇ ਪੂਰਬ ਵਿੱਚ 180 ਰੇਖਾਵਾਂ ਹਨ ਅਤੇ ਇੰਨੀਆਂ ਹੀ ਰੇਖਾਵਾਂ ਪੱਛਮ ਵਿੱਚ ਹਨ।

ਸਾਰੇ ਦੇਸ਼ਾਂ ਦੇ ਵਿਚਕਾਰ ਇਹ ਸਹਿਮਤੀ ਹੋਈ ਕਿ ਜਦੋਂ ਦਿਨ ਵੇਲੇ ਸੂਰਜ ਜੀਰੋ ਦਰਜੇ ਦੀ ਰੇਖਾ ਦੇ ਬਿਲਕੁਲ ਸਿਖਰ ਤੇ ਹੋਵੇਗਾ ਤਾਂ ਉਸ ਵੇਲੇ ਦਿਨ ਦੇ 12 ਵਜੇ ਦਾ ਸਮਾਂ ਮੰਨਿਆ ਜਾਵੇਗਾ। ਇਸ ਸਮੇਂ ਨੂੰ ਗਰੀਨਵਿੱਚ ਮੀਨ ਟਾਈਮ ਦਾ ਨਾਂ ਦਿੱਤਾ ਗਿਆ। ਬਾਕੀ ਸਾਰੇ ਦੇਸ਼ਾਂ ਦਾ ਆਪਣਾ ਆਪਣਾ ਮਿਆਰੀ ਮਰੀਡੀਅਨ ਸਮਾ ਮੰਨ ਕੇ ਜਦੋਂ ਸੂਰਜ ਸਿਖਰ ਤੇ ਹੋਵੇਗਾ ਤਾਂ 12 ਵਜੇ ਦਾ ਸਮਾਂ ਮੰਨਿਆ ਜਾਵੇਗਾ ਅਤੇ ਇਸ ਨੂੰ ਆਪਣੇ ਦੇਸ਼ ਦਾ ਮਿਆਰੀ ਸਮਾਂ ਮੰਨਣਗੇ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਦੇਸ਼ ਦੇ ਸਮੇਂ ਅਤੇ ਗਰੀਨਵਿੱਚ ਮੀਨ ਸਮੇਂ ਵਿੱਚ ਅੰਤਰ ਪੜਾਅ ਕਰ ਸਕਣਗੇ।

ਇਸ ਤਰ੍ਹਾਂ ਜਿਹੜੇ ਦੇਸ਼ ਮਾਧਿਅਨ ਰੇਖਾ ਦੇ ਪੂਰਬ ਵੱਲ ਹਨ ਉਹ ਗਰੀਨਵਿੱਚ ਸਮੇਂ ਤੋਂ ਅੱਗੇ ਹੁੰਦੇ ਹਨ ਅਤੇ ਜਿਹੜੇ ਪੱਛਮ ਵੱਲ ਹਨ ਉਹ ਗਰੀਨਵਿੱਚ ਸਮੇਂ ਤੋਂ ਪਿੱਛੇ ਹੁੰਦੇ ਹਨ। ਕਿਹੜਾ ਦੇਸ਼ ਕਿੰਨਾ ਅੱਗੇ ਜਾਂ ਪਿੱਛੇ ਹੈ ਉਹ ਆਪਣੇ ਦੇਸ਼ ਦੇ ਮਿਆਰੀ ਮਰੀਡੀਅਨ ਅਤੇ ਪਰਾਈਮ ਮਰੀਡੀਅਨ ਦੇ ਦੇਸ਼ਾਂਤਰ ਰੇਖਾਵਾਂ ਦੀ ਆਪਸੀ ਦੂਰੀ ਰਾਹੀਂ ਪਤਾ ਕਰ ਸਕਦਾ ਹੈ।

ਸਾਡੀ ਪ੍ਰਿਥਵੀ ਨੂੰ ਇੱਕ ਡਿਗਰੀ ਤੋਂ ਦੋ ਡਿਗਰੀ ਤੱਕ ਦਾ ਸਫ਼ਰ ਤਹਿ ਕਰਕੇ ਸੂਰਜ ਦੇ ਸਾਹਮਣੇ ਆਉਣ ਲਈ 4 ਮਿੰਟ ਲੱਗਦੇ ਹਨ। ਜੋ ਪ੍ਰਿਥਵੀ ਉਤੇ 360 ਕਾਲਪਨਿਕ ਰੇਖਾਵਾਂ ਖਿੱਚੀਆਂ ਗਈਆਂ ਹਨ, ਉਹਨਾਂ ਸਾਰੀਆਂ ਨੂੰ ਵਾਰੀ ਵਾਰੀ ਸੂਰਜ ਦੇ ਸਾਹਮਣੇ ਆਉਣ ਨੂੰ 24 ਘੰਟੇ ਲੱਗਦੇ ਹਨ।

ਜੇ ਇੱਕ ਯਾਤਰੀ ਲੰਡਨ ਤੋਂ ਪੂਰਬ ਵੱਲ ਦੀ ਯਾਤਰਾ ਕਰਦੇ ਹੋਏ 180 ਦਰਜੇ ਉਪਰ ਪਹੁੰਚਦਾ ਹੈ ਤਾਂ ਪੂਰਬ ਵੱਲ ਯਾਤਰਾ ਕਰਨ ਵਾਲੇ ਵਿਅਕਤੀ ਨੂੰ 1800 ਲੰਬਕਾਰ ਰੇਖਾ ਉਪਰ ਪਹੁੰਚਦੇ ਪਹੁੰਚਦੇ ਆਪਣੀ ਘੜੀ 12 ਘੰਟੇ ਅੱਗੇ ਕਰਨੀ ਪਵੇਗੀ ਅਤੇ ਪੱਛਮ ਵੱਲ ਯਾਤਰਾ ਕਰਨ ਵਾਲੇ ਵਿਅਕਤੀ ਨੂੰ ਉਸੇ ਲੰਬਕਾਰ ਰੇਖਾ ਤੇ ਪਹੁੰਚਦੇ ਪਹੁੰਚਦੇ ਆਪਣੀ ਘੜੀ 12 ਘੰਟੇ ਪਿੱਛੇ ਕਰਨੀ ਪਵੇਗੀ। ਇਸ ਪ੍ਰਕਾਰ ਦੋ ਵਿਅਕਤੀ ਅਲੱਗ ਅਲੱਗ ਦਿਸ਼ਾਵਾਂ ਤੋਂ ਇੱਕੋ ਥਾਂ ਉਪਰ ਪਹੁੰਚ ਕੇ ਅਨੁਭਵ ਕਰਨਗੇ ਕਿ ਉਹਨਾਂ ਦੇ ਸਮੇਂ ਵਿੱਚ 24 ਘੰਟੇ ਜਾਂ ਇੱਕ ਦਿਨ ਦਾ ਅੰਤਰ ਹੋ ਗਿਆ ਹੈ।

ਇਸ ਸਮੱਸਿਆ ਨੂੰ ਦੂਰ ਕਰਨ ਲਈ 180 ਡਿਗਰੀ ਲੰਬਕਾਰ ਰੇਖਾ ਨੂੰ ਅੰਤਰਰਾਸ਼ਟਰੀ ਤਾਰੀਖ ਰੇਖਾ ਮੰਨ ਲਿਆ ਗਿਆ। ਹਰੇਕ ਨਵੇਂ ਦਿਨ ਦਾ ਅਰੰਭ ਇਸ ਰੇਖਾ ਤੋਂ ਮੰਨ ਲਿਆ ਜਾਂਦਾ ਹੈ। ਜਦੋਂ ਇਸ ਰੇਖਾ ਨੂੰ ਪੂਰਬ ਵੱਲੋਂ ਪਾਰ ਕੀਤਾ ਜਾਂਦਾ ਹੈ ਤਾਂ ਇੱਕ ਦਿਨ ਘਟਾ ਲਿਆ ਜਾਂਦਾ ਹੈ ਅਤੇ ਜਦੋਂ ਪੱਛਮ ਵੱਲੋਂ ਪਾਰ ਕੀਤਾ ਜਾਂਦਾ ਹੈ ਤਾਂ ਇੱਕ ਦਿਨ ਵਧਾ ਲਿਆ ਜਾਂਦਾ ਹੈ।

ਅੰਤਰਰਾਸ਼ਟਰੀ ਤਾਰੀਖ ਰੇਖਾ ਇੱਕ ਸਿੱਧੀ ਰੇਖਾ ਨਹੀਂ ਰੱਖੀ ਗਈ ਤਾਂ ਜੋ ਦੀਪਾਂ ਜਾਂ ਮਹਾਂਦੀਪਾਂ ਨੂੰ ਸਮੇਂ ਦੀ ਕੋਈ ਮੁਸ਼ਕਿਲ ਨਾ ਆਵੇ। ਇਹ ਰੇਖਾ ਪ੍ਰਸ਼ਾਂਤ ਮਹਾਂ ਸਾਗਰ ਵਿੱਚੋਂ ਦੀ ਲੰਘਦੀ ਹੈ। ਇਸ ਦੇ ਪੂਰਬ ਵੱਲ ਉਤਰੀ ਤੇ ਦੱਖਣੀ ਅਮਰੀਕਾ ਹਨ ਅਤੇ ਪੱਛਮ ਵੱਲ ਏਸ਼ੀਆ ਮਹਾਂਦੀਪ ਹੈ। ਇਹਨਾਂ ਦੋ ਰੇਖਾਵਾਂ ਮੁੱਖ ਮਾਧਿਅਮ ਰੇਖਾ ਅਤੇ ਅੰਤਰਰਾਸ਼ਟਰੀ ਤਾਰੀਕ ਰੇਖਾ ਰਾਹੀਂ ਸਾਰੇ ਵਿਸ਼ਵ ਦੀਆਂ ਘੜੀਆਂ ਦੇ ਸਮੇਂ ਦੀ ਮੁਸ਼ਕਲ ਦਾ ਹੱਲ ਕੀਤਾ ਗਿਆ ਹੈ। ਟਾਈਮ ਪੀਸ ਸਾਨੂੰ ਧਰਤੀ ਦੀ ਗਤੀ ਦਾ ਗਿਆਨ ਹੀ ਦਿੰਦਾ ਹੈ।

ਅੰਤਰਰਾਸ਼ਟਰੀ ਤਾਰੀਕ ਰੇਖਾ ਨੂੰ ਜਮੀਨੀ ਭਾਗ ਤੋਂ ਦੂਰ ਰੱਖਿਆ ਗਿਆ ਹੈ ਤਾਂ ਜੋ ਇੱਕ ਹੀ ਦੇਸ਼ ਵਿੱਚ ਰਹਿਣ ਵਾਲੇ ਲੋਕਾਂ ਨੂੰ ਅਸੁਵਿਧਾ ਨਾ ਹੋਵੇ। ਜੇਕਰ ਇਹ ਰੇਖਾ ਕਿਸੇ ਦੇਸ਼ ਦੇ ਵਿਚਕਾਰ ਹੋ ਕੇ ਲੰਘਦੀ ਤਾਂ ਉਸ ਦੇ ਦੋਨੋਂ ਪਾਸੇ ਵਾਲੇ ਦੇਸ਼ਾਂ ਨੂੰ ਇੱਕ ਹੀ ਦਿਨ ਵਿੱਚ ਦੋ ਵੱਖ ਵੱਖ ਤਰੀਕਾਂ ਮੰਨਣੀਆਂ ਪੈਂਦੀਆਂ ਅਤੇ ਇਸ ਪ੍ਰਕਾਰ ਉਹਨਾਂ ਨੂੰ ਅਸੁਵਿਧਾ ਹੁੰਦੀ ਹੈ।

ਪ੍ਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਵਿੱਚ ਇੱਕ ਹੋਰ ਗੁੱਝਾ ਭੇਦ ਇਹ ਵੀ ਹੈ ਕਿ ਕੁੱਝ ਥਾਵਾਂ ਅਜਿਹੀਆਂ ਵੀ ਹਨ ਜਿੱਥੇ ਕਈ ਕਈ ਦਿਨ ਲਗਾਤਾਰ ਸੂਰਜ ਚੜ੍ਹਿਆ ਰਹਿੰਦਾ ਹੈ ਜਾਂ ਰਾਤ ਹੀ ਰਹਿੰਦੀ ਹੈ, ਵਿਗਿਆਨੀਆਂ ਨੇ ਇਸ ਨੂੰ ਪੋਲਰ ਦਾ ਨਾਂ ਦਿੱਤਾ ਹੈ। ਜਿੱਥੇ ਕਈ ਦਿਨ ਲਗਾਤਾਰ ਸੂਰਜ ਚੜ੍ਹਿਆ ਰਹਿੰਦਾ ਹੈ ਉਸ ਨੂੰ ਪੋਲਰ ਦਿਵਸ ਅਤੇ ਜਿੱਥੇ ਲਗਾਤਾਰ ਹਨ੍ਹੇਰਾ ਛਾਇਆ ਰਹਿੰਦਾ ਹੈ ਉਸ ਨੂੰ ਪੋਲਰ ਰਾਤ ਕਿਹਾ ਜਾਂਦਾ ਹੈ। ਰੂਸ ਦੇ ਉਤਰੀ ਭਾਗ ਦੇ ਇਲਾਕੇ ਵਿੱਚ 2 ਦਸੰਬਰ ਤੋਂ 11 ਜਨਵਰੀ ਤੱਕ ਲਗਾਤਾਰ 40 ਦਿਨ ਰਾਤ ਹੀ ਰਹਿੰਦੀ ਹੈ ਅਤੇ 22 ਮਈ ਤੋਂ 23 ਜੁਲਾਈ ਤੱਕ ਦੋ ਮਹੀਨੇ ਦਿਨ ਹੀ ਰਹਿੰਦਾ ਹੈ ਅਤੇ ਸੂਰਜ ਚਮਕਦਾ ਰਹਿੰਦਾ ਹੈ। ਇਸੇ ਤਰ੍ਹਾਂ ਨਾਰਵੇ ਵਿੱਚ ਮਈ ਤੋਂ ਜੁਲਾਈ ਤੱਕ ਲੱਗਭੱਗ 70 ਦਿਨ ਹਨੇਰਾ ਛਾਇਆ ਰਹਿੰਦਾ ਹੈ ਅਤੇ 10 ਅਪ੍ਰੈਲ ਤੋਂ 23 ਅਗਸਤ ਤੱਕ ਸੂਰਜ ਚੜ੍ਹਿਆ ਰਹਿੰਦਾ ਹੈ। ਸਵੀਡਨ ਵਿੱਚ ਮਈ ਦੇ ਅਰੰਭ ਤੋਂ ਅਗਸਤ ਦੇ ਅਖੀਰ ਤੱਕ ਸੂਰਜ 12 ਵਜੇ ਛੁਪਦਾ ਹੈ ਅਤੇ ਸਾਢੇ ਚਾਰ ਵਜੇ ਫਿਰ ਨਿੱਕਲ ਆਉਂਦਾ ਹੈ। ਫਿਨਲੈਂਡ ਵਿੱਚ ਵੀ ਸੂਰਜ ਕਈ ਦਿਨ ਚਮਕਦਾ ਰਹਿੰਦਾ ਹੈ ਅਤੇ ਸਰਦੀਆਂ ਵਿੱਚ ਕਈ ਦਿਨ ਚੜ੍ਹਦਾ ਹੀ ਨਹੀਂ।

ਸੱਚਾਈ ਇਹ ਹੈ ਕਿ ਪ੍ਰਮਾਤਮਾ ਨੇ ਮਨੁੱਖ ਸਮੇਤ ਸਾਰੇ ਜੀਵਾਂ ਨੂੰ ਭਾਵੇਂ ਕੋਈ ਛੋਟਾ ਹੈ ਜਾਂ ਵੱਡਾ ਹੈ, ਅਮੀਰ ਹੈ ਜਾਂ ਗਰੀਬ ਹੈ ਸਭ ਨੂੰ ਹਰ ਰੋਜ਼ 24 ਘੰਟੇ ਦਾ ਇੱਕ ਸਮਾਨ ਸਮਾਂ ਹੀ ਦਿੱਤਾ ਹੈ। ਸਮੇਂ ਦੀ ਸੰਭਾਲ ਸਬੰਧੀ ਕੇਵਲ ਮਨੁੱਖ ਹੀ ਚੇਤੰਨ ਹੈ। ਬਾਕੀ ਜੀਵਾਂ ਦਾ ਸਮਾਂ ਸੂਰਜ, ਚੰਦ ਅਤੇ ਧਰਤੀ ਦੀ ਚਾਲ ਨਾਲ ਆਪਣੇ ਆਪ ਬੀਤ ਰਿਹਾ ਹੈ। ਮਨੁੱਖ ਨੇ ਇਸ ਸਮੇਂ ਨੂੰ ਬਿਤਾਉਣਾ ਹੀ ਨਹੀਂ ਸਗੋਂ ਸਫਲ ਕਰਨਾ ਹੈ। ਗੁਰਬਾਣੀ ਦਾ ਫੁਰਮਾਨ ਹੈ –

ਵਖਤੁ ਵੀਚਾਰੇ ਸੁ ਬੰਦਾ ਹੋਇ ॥ (84)

ਭਾਈ ਵੀਰ ਸਿੰਘ ਜੀ ਲਿਖਦੇ ਹਨ –

ਹੋ ਅਜੇ ਸੰਭਾਲ ਇਸ ਸਮੇਂ ਨੂੰ
ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜ ਹਥ ਆਂਵਦਾ।

ਪ੍ਰਮਾਤਮਾ ਨੇ ਦਿਨ ਅਤੇ ਰਾਤ ਜਿੱਥੇ ਮਨੁੱਖੀ ਕਾਰ ਵਿਹਾਰ ਲਈ ਬਣਾਏ ਹਨ ਉਥੇ ਸਮੁੱਚੀ ਮਾਨਵਤਾ ਨੂੰ ਇਹ ਬਖਸ਼ਸ਼ ਕੀਤਾ ਹੋਇਆ ਸਮਾਂ ਗੁਰੂ ਹੁਕਮਾਂ ਅਨੁਸਾਰ ਸਫ਼ਲ ਕਰਨ ਲਈ ਕਿਹਾ ਹੈ।

–0–

# ਗਰੀਬ ਦਾ ਮੂੰਹ, ਗੁਰੂ ਦੀ ਗੋਲਕ

**–ਗੁਰਪ੍ਰੀਤ ਕੌਰ ਬਸਰਾ**

ਭਰੇ ਹਾਲ ਵਿੱਚ ਨੇਤਾ ਜੀ ਨੇ ਭਾਸ਼ਣ ਦਿੰਦੇ ਸਮੇਂ ਇਹ ਬੋਲਦਿਆਂ ਵਾਹ ਵਾਹੀ ਖੱਟੀ ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦਾ ਹੈ। ਹਾਲ ਤਾੜੀਆਂ ਨਾਲ ਗੂੰਜ ਰਿਹਾ ਸੀ। ਤਾੜੀਆਂ ਦੀ ਅਵਾਜ਼ ਵਿੱਚ ਇੱਕ ਦੱਬੀ ਜਿਹੀ ਅਵਾਜ਼ ਨੇਤਾ ਜੀ ਦੇ ਕੰਨ ਵਿੱਚ ਪਈ ਕਿ ਮਾਲਕੋ ਛੇ ਮਹੀਨੇ ਹੋ ਗਏ ਤਨਖਾਹ ਨਹੀਂ ਆਈ ਜਦ ਕਿ ਟਿਊਬਵੈੱਲ ਦੀ ਡਿਊਟੀ ਮੈਂ ਇਮਾਨਦਾਰੀ ਨਾਲ ਨਿਭਾ ਰਿਹਾ ਹਾਂ। ਨੇਤਾ ਜੀ ਨੇ ਉਸਨੂੰ ਜਵਾਬ ਦੇਣ ਦੀ ਬਜਾਏ ਆਪਣੇ ਪੀ. ਏ. ਨੂੰ ਹੋਲੀ ਜਿਹੇ ਕੰਨ 'ਚ ਕਿਹਾ ਇਹਨੂੰ ਦਸ ਵੀਹ ਹਜ਼ਾਰ ਦੇ ਕੇ ਚੁੱਪ ਕਰਾਓ। ਇਹਦੀ ਤਨਖਾਹ ਜੋ ਸਾਡੀ ਗੋਲਕ ਵਿੱਚ ਜਾ ਰਹੀ ਹੈ ਇਹ ਸਿਫਾਰਸ਼ ਪਾ ਕੇ ਕਿਧਰੇ ਹੂੰਝ ਹੀ ਨਾ ਲਏ। ਨੇਤਾ ਜੀ ਦੇ ਬਿਲਕੁਲ ਪਿਛੇ ਖੜ੍ਹੇ ਮੈਨੂੰ ਸਭ ਕੁਝ ਦਿਖਾਈ ਵੀ ਦਿੱਤਾ ਤੇ ਸੁਣਾਈ ਵੀ ਦਿੱਤਾ। ਮੈਂ ਪਰੇਸ਼ਾਨ ਸੀ ਕਿ ਨੇਤਾ ਜੀ ਦੀ ਗੋਲਕ ਗੁਰੂ ਦੀ ਗੋਲਕ ਤੋਂ ਵੀ ਪਹਿਲਾਂ ਪਈ ਸੀ।

**— 17 ਮਈ ਘੱਲੂਘਾਰਾ ਦਿਵਸ ’ਤੇ ਵਿਸ਼ੇਸ਼ ---**

# ਕਾਹਨੂੰਵਾਨ ਛੰਭ ਦਾ ਖੂਨੀ ਦੁਖਾਂਤ: ਛੋਟਾ ਘੱਲੂਘਾਰਾ

**ਸ. ਕਿਰਪਾਲ ਸਿੰਘ (ਬਠਿੰਡਾ) 98554-80797**

**‘ਘੱਲੂਘਾਰਾ’** ਸ਼ਬਦ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ; ਜਿਸ ਦੇ ਅੱਖਰੀ ਅਰਥ ਹਨ ਸਭ ਕੁਝ ਤਬਾਹ ਹੋ ਜਾਣਾ, ਵੱਡੇ ਪੱਧਰ ’ਤੇ ਕਤਲੇਆਮ ਹੋਣਾ, ਨਸਲਘਾਤ ਜਾਂ ਸਰਬਨਾਸ਼। ਸਿੱਖਾਂ ਦਾ ਸੁਭਾਅ ਜ਼ੁਲਮ ਦੇ ਵਿਰੁੱਧ ਲੜਨ ਵਾਲਾ ਅਤੇ ਕਿਸੇ ਦੀ ਗੁਲਾਮੀ ਜਾਂ ਈਨ ਨਾ ਸਵੀਕਾਰ ਕਰਨ ਵਾਲਾ ਹੋਣ ਕਰਕੇ ਸਮੇਂ-ਸਮੇਂ ਸਿਰ ਸਿੱਖਾਂ ਨੂੰ ਭਿਆਨਕ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ।




ਸਿੱਖਾਂ ਅਤੇ ਮੁਗ਼ਲਾਂ ਦਰਮਿਆਨ 3 ਜੇਠ ਬਿਕ੍ਰਮੀ ਸੰਮਤ 1803/1 ਮਈ 1746 ਜੂਲੀਅਨ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ’ਚ ਖੂਨੀ ਦੁਖਾਂਤ ਵਾਪਰਿਆ ਜਿਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। 3 ਜੇਠ ਨੂੰ ਨਾਨਕਸ਼ਾਹੀ ਕੈਲੰਡਰ ਦੀ ਤਾਰੀਖਾਂ ਵਿਚ ਬਦਲਣ ਨਾਲ ਹੁਣ ਇਹ 3 ਜੇਠ ਹਰ ਸਾਲ 17 ਮਈ ਨੂੰ ਆਉਂਦਾ ਹੈ। ਇਸ ਖੂਨੀ ਦੁਖਾਂਤ ਦਾ ਪਿਛੋਕੜ ਜਾਨਣ ਲਈ ਇਤਿਹਾਸ ਦੇ ਪੰਨੇ ਫਰੋਲਿਆਂ ਪਤਾ ਲਗਦਾ ਹੈ ਕਿ 1745 ਵਿੱਚ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਨਿਰਦੋਸ਼ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਕੇ ਅਸਹਿ ਕਸ਼ਟ ਦੇ ਕੇ ਸ਼ਹੀਦ ਕੀਤਾ, ਪਰ ਭਾਈ ਤਾਰੂ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਹੀ ਉਸ ਪਾਪੀ ਦਾ ਅੰਤ ਵੀ ਬਹੁਤ ਬੁਰੀ ਤਰ੍ਹਾਂ ਹੋਇਆ। ਪਿਸ਼ਾਬ ਬੰਦ ਹੋ ਜਾਣ ਕਾਰਨ ਗੁਰਸਿੱਖ ਸ਼ਹੀਦ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ 22 ਦਿਨ ਉਸ ਦੇ ਸਿਰ ਵਿਚ ਵੱਜਦੀਆਂ ਰਹੀਆਂ ਤੇ ਪਾਪੀ ਦਾ ਬੁਰੀ ਤਰ੍ਹਾਂ ਅੰਤ ਹੋਇਆ। ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਯਹੀਆ ਖ਼ਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਤਾ ਦੇ ਪੂਰਨਿਆਂ ’ਤੇ ਚਲਦਾ ਹੋਇਆ ਸਿੰਘਾਂ ’ਤੇ ਅੱਤਿਆਚਾਰ ਕਰਨ ਲੱਗਾ। ਯਹੀਆ ਖ਼ਾਨ ਦਾ ਸੂਬੇਦਾਰ ਸੀ ਲਖਪਤ ਰਾਏ। ਇਸ ਸੂਬੇਦਾਰ (ਦੀਵਾਨ) ਲਖਪਤ ਰਾਏ ਦਾ ਭਰਾ ਜਸਪਤ ਰਾਏ ਵੀ ਫ਼ੌਜ ਦਾ ਸੈਨਾਪਤੀ ਸੀ। ਇਹ ਤਿਕੜੀ ਅੰਦਰਖਾਤੇ ਸਿੱਖਾਂ ਨੂੰ ਖ਼ਤਮ ਕਰਨ ’ਤੇ ਤੁਲੀ ਹੋਈ ਸੀ। ਯਹੀਆ ਖਾਂ ਨੇ ਲੱਖਪਤ ਰਾਏ ਤੇ ਉਸ ਦੇ ਭਰਾ ਜਸਪਤ ਰਾਏ ਨੂੰ ਬਹੁਤ ਜ਼ਿਆਦਾ ਅਧਿਕਾਰ ਦੇ ਰੱਖੇ ਸਨ। ਜਸਪਤ ਰਾਏ ਨੇ ਆਮ ਜਨਤਾ ’ਤੇ ਹੱਦੋਂ ਵੱਧ ਸਖ਼ਤੀ ਕਰਕੇ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ ਤਾਂ ਬਹੁਤ ਲੋਕ ਤੰਗ ਆ ਕੇ ਖਾਲਸਾ ਫ਼ੌਜ ਵਿੱਚ ਭਰਤੀ ਹੋਣ ਲੱਗੇ। 1746 ਈ: (ਬਿਕ੍ਰਮੀ ਸੰਮਤ 1803) ਵਿਚ ਵਿਸਾਖੀ ਦੇ ਪਾਵਨ ਪੁਰਬ ਦੇ ਸਬੰਧ ਵਿੱਚ ਸਿੱਖ-ਸੰਗਤਾਂ ਦਾ ਇਕੱਠ ਏਮਨਾਬਾਦ ਦੇ ਗੁਰਦੁਆਰਾ ਰੋੜੀ ਸਾਹਿਬ ਵਿਖੇ ਹੋਇਆ। ਜਸਪਤ ਰਾਏ ਨੂੰ ਸਿੰਘਾਂ ਦਾ ਏਡਾ ਵੱਡਾ ਇਕੱਠ ਚੰਗਾ ਨਾ ਲੱਗਿਆ। ਉਸ ਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ 'ਉਹ ਗੁਰਦੁਆਰਾ ਛੱਡ ਜਾਣ ਤੇ ਇੱਥੋਂ ਚਲੇ ਜਾਣ', ਪਰ ਸਿੰਘਾਂ ਨੇ ਕਿਹਾ ਕਿ ਉਹ ਦੂਰੋਂ-ਨੇੜਿਓਂ ਆਏ ਹਨ, ਕਈ ਦਿਨਾਂ ਤੋਂ ਲੰਗਰ ਤੋਂ ਵੀ ਫ਼ਾਕੇ ਹਨ। ਅੱਜ ਦੀ ਰਾਤ ਕੱਟ ਕੇ ਅਤੇ ਲੰਗਰ ਬਣਾ/ਛਕ ਕੇ ਕੱਲ੍ਹ ਨੂੰ ਇੱਥੋਂ ਚਲੇ ਜਾਣਗੇ, ਪਰ ਜਸਪਤ ਰਾਏ ਕਿੱਥੇ ਮੰਨਣ ਵਾਲਾ ਸੀ। ਉਹ ਤਾਂ ਮੌਕੇ ਦੀ ਭਾਲ ਵਿੱਚ ਸੀ। ਉਸ ਨੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ। ਸਿੱਖਾਂ ਨੂੰ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਲੜਨੀ ਪਈ।

**ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਮਤਾ ਪਾਸ ਕਰਕੇ ਮੈਦਾਨੇ-ਜੰਗ ’ਚ ਦੁਸ਼ਮਣ ਨਾਲ ਜੂਝ ਕੇ ਲੜਨ ਤੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਅਟੱਲ ਫ਼ੈਸਲਾ ਕਰ ਲਿਆ ਤੇ ਸਿੰਘ ਚੜ੍ਹਦੀ ਕਲਾ ਦੇ ਜੈਕਾਰੇ ਲਗਾਉਂਦਿਆਂ ਦੁਸ਼ਮਣ ਖਿਲਾਫ ਜੂਝ ਪਏ। ਲੜਾਈ ਸ਼ੁਰੂ ਹੋ ਗਈ ਕਈ ਸਿੱਖ ਮੁਗਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਹਨਾਂ ਵਿੱਚੋਂ ਇੱਕ ਜੱਥੇ ਦੇ ਮੋਢੀ ਸੁੱਖਾ ਸਿੰਘ ਨੇ ਮੁਗਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖਮੀ ਹੋ ਗਿਆ। ਜੱਦੋ ਜਹਿਦ ਕਰਦਿਆਂ ਸਿੱਖ ਦਰਿਆ ਵਿੱਚ ਠਿੱਲ ਪਏ। ਕਈ ਰੁੜ੍ਹ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਚਲੇ ਗਏ। ਕਈ ਮੁਗਲਾਂ ਨੇ ਕੈਦ ਕਰ ਲਏ। ਇਸ ਲੜਾਈ ਵਿੱਚ ਲਗਭਗ 7000 ਹਜ਼ਾਰ (ਕਈ ਇਤਿਹਾਸਕਾਰਾਂ ਮੁਤਾਬਕ ਗਿਣਤੀ 11000 ਹਜ਼ਾਰ) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3000 ਹਜ਼ਾਰ (ਕਈਆਂ ਨੇ ਇੱਥੇ ਗਿਣਤੀ 2000 ਲਿਖੀ ਹੈ) ਦੇ ਕਰੀਬ ਸਿੱਖਾਂ ਨੂੰ ਕੈਦ ਕਰਕੇ ਲਖਪਤ ਰਾਏ ਲਾਹੌਰ ਲੈ ਗਿਆ।**

ਸਿੱਖਾਂ ਵੱਲੋਂ ਸੰਜਮ ਵਰਤਣ ਦੇ ਬਾਵਜੂਦ ਜਸਪਤ ਰਾਏ ਆਪਣੀ ਅੜੀ ਤੋਂ ਪਿੱਛੇ ਹਟਣ ਲਈ ਤਿਆਰ ਨਾ ਹੋਇਆ ਤੇ ਹਾਥੀ ’ਤੇ ਚੜ੍ਹ ਕੇ ਅੱਗੇ ਹੀ ਵਧਦਾ ਆ ਰਿਹਾ ਸੀ। ਪਾਣੀ ਸਿਰੋਂ ਲੰਘਦਿਆਂ ਦੇਖ ਘੋੜ ਸਵਾਰ ਭਾਈ ਨਿਬਾਹੂ ਸਿੰਘ ਰੰਘਰੇਟਾ ਜਸਪਤ ਰਾਏ ਦੇ ਹਾਥੀ ਦੀ ਪੂਛ ਦਾ ਸਹਾਰਾ ਲੈ ਕੇ ਅੱਖ ਦੇ ਫੋਰ ’ਚ ਹਾਥੀ ਉਪਰ ਜਾ ਚੜ੍ਹਿਆ ਅਤੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਜਸਪਤ ਰਾਏ ਦੀ ਮੌਤ ਨਾਲ ਮੁਗਲ ਫ਼ੌਜ ਵਿੱਚ ਭਗਦੜ ਮੱਚ ਗਈ ਤੇ ਫ਼ੌਜ ਉੱਥੋਂ ਭੱਜ ਗਈ। ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਉਸ ਦੇ ਭਰਾ

ਲਖਪਤ ਰਾਏ ਨੂੰ ਪਤਾ ਲੱਗੀ ਤਾਂ ਉਸ ਨੇ ਭਰਾ ਦੀ ਮੌਤ ਦਾ ਬਦਲਾ ਲੈਣ ਦਾ ਪ੍ਰਣ ਕਰ ਲਿਆ। ਉਹ ਲਾਹੌਰ ਪਹੁੰਚ ਗਿਆ ਤੇ ਲਾਹੌਰ ਦਰਬਾਰ ਮਿੰਨਤਾਂ ਤਰਲੇ ਕਰਨ ਲੱਗਾ। ਆਪਣੇ ਸਿਰ ਤੋਂ ਪੱਗੜੀ ਉਤਾਰ ਕੇ ਕਸਮ ਖਾਧੀ ਕਿ ਜਿੰਨਾ ਚਿਰ ਸਿੱਖਾਂ ਦਾ ਖੁਰਾ ਖੋਜ ਨਹੀਂ ਮਿਟਾ ਲੈਂਦਾ, ਮੈਂ ਆਪਣੇ ਸਿਰ 'ਤੇ ਪੱਗ ਨਹੀ ਬੰਨ੍ਹਾਂਗਾ ਅਤੇ ਆਪਣੇ ਆਪ ਨੂੰ ਖੱਤਰੀ ਨਹੀਂ ਅਖਵਾਵਾਂਗਾ। ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਵੱਡੀ ਸ਼ਾਹੀ ਫੌਜ ਇਕੱਠੀ ਕੀਤੀ।

ਅਗਲੇ ਹੀ ਦਿਨ ਜ਼ਾਲਮਾਨਾ ਕਾਰਵਾਈ ਦੀ ਆਰੰਭਤਾ ਉਸ ਨੇ ਲਾਹੌਰ ਸ਼ਹਿਰ ਤੋਂ ਹੀ ਕਰ ਦਿੱਤੀ। ਦੀਵਾਨ ਕੌੜਾ ਮੱਲ ਦੀ ਅਗਵਾਈ ਵਿੱਚ ਹਿੰਦੂ ਪਤਵੰਤਿਆਂ ਦੇ ਇਕੱਠ ਵੱਲੋਂ ਕੀਤੀ ਸਿਫ਼ਾਰਸ਼ ਕਿ ਸਿੱਖਾਂ ਅਤੇ ਗੁਰੂ ਸਾਹਿਬਾਨਾਂ ਨੇ ਹਿੰਦੂਆਂ ਲਈ ਮਹਾਨ ਕੁਰਬਾਨੀਆਂ ਕੀਤੀਆਂ ਹਨ ਇਸ ਲਈ ਬੇਗੁਨਾਹ ਸਿੱਖਾਂ ਦਾ ਕਤਲ ਨਾ ਕੀਤਾ ਜਾਵੇ; ਨੂੰ ਵੀ ਲਖਪਤ ਰਾਏ ਨੇ ਨਾ ਮੰਨਿਆ। ਉਸ ਨੇ ਆਪਣੇ ਗੁਰੂ, ਸੰਤ ਜਗਤ ਭਗਤ ਗੁਸਾਂਈ ਦੀ ਇਹ ਸਲਾਹ ਕਿ ਅੱਜ ਚੰਦਰ ਮਹੀਨੇ ਦਾ ਆਖਰੀ ਦਿਨ ਭਾਵ ਵਦੀ ਪੱਖ ਦੀ ਮੱਸਿਆ ਅਤੇ ਸੋਮਵਾਰ ਹੈ ਜੋ ਹਿੰਦੂਆਂ ਲਈ ਬਹੁਤ ਹੀ ਪਵਿੱਤਰ ਦਿਨ ਹੈ ਇਸ ਲਈ ਇਸ ਪਵਿੱਤਰ ਦਿਹਾੜੇ ਨੂੰ ਸਿੱਖਾਂ ਦਾ ਕਤਲ ਕਰਕੇ ਪਾਪ ਨਾ ਕੀਤਾ ਜਾਵੇ; ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਅਤੇ ਹੁਕਮ ਕੀਤਾ ਕਿ ਜਿੱਥੇ ਵੀ ਸਿੱਖ ਦਿਖਾਈ ਦੇਵੇ, ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ ਕੋਈ ਵੀ ਸਿੱਖਾਂ ਨਾਲ ਵਾਹ-ਵਾਸਤਾ ਨਾ ਰੱਖੇ। ਇਹਨਾਂ ਦੀ ਬਾਣੀ ਨਾ ਪੜ੍ਹੇ। ਉਸ ਨੇ 'ਗੁੜ' ਸ਼ਬਦ 'ਤੇ ਵੀ ਪਾਬੰਦੀ ਲਗਾ ਕੇ 'ਗੁੜ' ਦੀ ਥਾਂ 'ਰੋੜੀ' ਸ਼ਬਦ ਬੋਲਣ ਲਈ ਕਿਹਾ। ਕਿਉਂ ਜੋ 'ਗੁੜ' ਸ਼ਬਦ ਦਾ ਉਚਾਰਨ ਕਰਨ ਲੱਗਿਆਂ 'ਗੁਰੂ' ਸ਼ਬਦ ਦਾ ਭੁਲੇਖਾ ਪੈਂਦਾ ਸੀ। ਗੁਰੂ ਗ੍ਰੰਥ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਪਵਿੱਤਰ ਬੀੜਾਂ ਦੀ ਰੱਜ ਕੇ ਬੇਅਦਬੀ ਕੀਤੀ। ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਸ ਨੇ ਸਿਰਕੱਢ ਸਿੱਖ ਆਗੂਆਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸ ਪੁਰ ਜ਼ਿਲ੍ਹੇ ਦੀ ਕਾਹਨੂੰਵਾਨ ਛੰਭ ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿੱਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸ. ਜੱਸਾ ਸਿੰਘ ਆਹਲੂਵਾਲੀਆ ਵੀ ਇਸ ਇਕੱਠ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਮਹਾਨ ਜਰਨੈਲ ਦੇ ਰੂਪ ਵਿੱਚ ਸਿੱਖ ਕੌਮ ਦੀ ਸੇਵਾ ਕੀਤੀ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ 'ਪੰਥ ਪ੍ਰਕਾਸ਼' ਵਿੱਚ ਮਿਲਦੇ ਹਨ। ਇਸ ਛੰਭ ਵਿੱਚ ਕੋਈ 15000 ਸਿੱਖ ਇਕੱਠੇ ਹੋ ਗਏ। ਕਈ ਇਤਿਹਾਸਕਾਰਾਂ ਨੇ ਇਹ ਗਿਣਤੀ 25000 ਹਜ਼ਾਰ ਵੀ ਲਿਖੀ ਹੈ।

ਸੂਹ ਮਿਲਣ 'ਤੇ ਜ਼ਕਰੀਆ ਖਾਂ ਦਾ ਪੁੱਤਰ ਯਹੀਆ ਖਾਂ ਤੇ ਲਖਪਤ ਰਾਏ ਗੋਲ਼ੇ ਬਾਰੂਦ ਨਾਲ ਲੈਸ ਆਪਣੀ ਭਾਰੀ ਫੌਜ ਲੈ ਕੇ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਅੱਗ ਦੇ ਗੋਲ਼ੇ ਸਿੱਖਾਂ ਉੱਪਰ ਬਰਸਾਏ ਗਏ। ਸਿੰਘ ਰਾਤ ਸਮੇਂ ਹਨ੍ਹੇਰੇ ਦਾ ਫ਼ਾਇਦਾ ਉੱਠਾ ਕੇ ਲੱਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ ਪਾਣੀ ਚੁੱਕ ਕੇ ਫਿਰ ਛੰਭ ਵਿੱਚ ਵੜ ਜਾਂਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ ਭਾਣੇ ਸਿੰਘ ਕਾਫ਼ੀ ਸਮੇਂ ਤੱਕ ਇਸੇ ਤਰ੍ਹਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਿਆ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ ਕਸ਼ਮੀਰ ਭੇਜਣ ਦੇ ਬਹਾਨੇ ਨਾਲ ਉਸੇ ਰਸਤੇ ਭੇਜ ਦਿੱਤਾ ਤੇ ਉਧਰ ਆਪਣੇ ਗੁਪਤ ਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਨ ਇਸ ਰਸਤਿਓਂ ਲੰਘੇ ਤਾਂ ਲੁੱਟ ਲਿਆ ਜਾਵੇ।

ਸਿੰਘਾਂ ਨੇ ਇਸੇ ਤਰ੍ਹਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਰਕੇ ਇਤਿਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਯਾਦ ਕਰਦਾ ਹੈ। ਇਹ ਲੜਾਈ ਕਾਫ਼ੀ ਲੰਮੀ (ਲਗਭਗ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੱਕ) ਚੱਲੀ। ਏਨੀ ਲੰਬੀ ਲੜਾਈ ਚੱਲਣ ਕਰਕੇ ਸਿੰਘਾਂ ਦਾ ਕੌੜਾ ਮੱਲ ਵੱਲੋਂ ਭੇਜਿਆ ਹੋਇਆ ਰਾਸ਼ਨ ਪਾਣੀ ਵੀ ਖਤਮ ਹੋ ਗਿਆ। ਗੋਲ਼ੀ ਸਿੱਕਾ ਖ਼ਤਮ ਹੋ ਗਿਆ, ਲੜਦੇ-ਲੜਦੇ ਹਥਿਆਰ ਵੀ ਖੁੰਡੇ ਹੋ ਗਏ। ਲਖਪਤ ਰਾਏ ਦਾ ਮਾਮਾ ਤੇ ਪੁੱਤਰ ਸਿੰਘਾਂ ਹੱਥੋਂ ਮਾਰੇ ਗਏ। ਲਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆ ਤੌਰ-ਤਰੀਕਿਆਂ 'ਤੇ ਉਤਰ ਆਇਆ। ਉਸ ਨੇ ਸੋਚਿਆ ਕਿ ਉਹ ਦਿੱਲੀ ਦਰਬਾਰ ਜਾ ਕੇ ਕੀ ਮੂੰਹ ਵਿਖਾਏਗਾ ? ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਇਕੱਠੇ ਕਰਕੇ ਇਸ ਛੰਭਨੁਮਾ ਜੰਗਲ ਦੇ ਰੁੱਖਾਂ ਨੂੰ ਕਟਵਾ ਕੇ ਚੁਫੇਰਿਉਂ ਅੱਗ ਲਗਵਾ ਦਿੱਤੀ, ਜਿਸ ਨਾਲ ਸਿੰਘਾਂ ਨੂੰ ਚਾਰ-ਚੁਫੇਰਿਉਂ ਮੁਸੀਬਤਾਂ ਪੈ ਗਈਆਂ। ਇਕ ਜੇਠ-ਹਾੜ੍ਹ ਦੀ ਅੱਤ ਦੀ ਗਰਮੀ, ਦੂਜਾ ਜੰਗਲ ਦੀ ਅੱਗ, ਤੀਜਾ ਉੱਚੇ ਪਹਾੜ 'ਤੇ ਵਿਰੋਧੀ ਪਹਾੜੀ ਰਾਜੇ ਅਤੇ ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ।

ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਮਤਾ ਪਾਸ ਕਰਕੇ ਮੈਦਾਨੇ-ਜੰਗ 'ਚ ਦੁਸ਼ਮਣ ਨਾਲ ਜੂਝ ਕੇ ਲੜਨ ਤੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਅਟੱਲ ਫ਼ੈਸਲਾ ਕਰ ਲਿਆ ਤੇ ਸਿੰਘ ਚੜ੍ਹਦੀ ਕਲਾ ਦੇ ਜੈਕਾਰੇ ਲਗਾਉਂਦਿਆਂ ਦੁਸ਼ਮਣ ਖਿਲਾਫ ਜੂਝ ਪਏ। ਲੜਾਈ ਸ਼ੁਰੂ ਹੋ ਗਈ ਕਈ ਸਿੱਖ ਮੁਗਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਹਨਾਂ ਵਿੱਚੋਂ ਇੱਕ ਜੱਥੇ ਦੇ ਮੋਢੀ ਸੁੱਖਾ ਸਿੰਘ ਨੇ ਮੁਗਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖਮੀ ਹੋ ਗਿਆ। ਜੱਦੋ ਜਹਿਦ ਕਰਦਿਆਂ ਸਿੱਖ ਦਰਿਆ ਵਿੱਚ ਠਿੱਲ ਪਏ। ਕਈ ਰੁੜ੍ਹ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਚਲੇ ਗਏ। ਕਈ ਮੁਗਲਾਂ ਨੇ ਕੈਦ ਕਰ ਲਏ। ਇਸ ਲੜਾਈ ਵਿੱਚ ਲਗਭਗ 7000 ਹਜ਼ਾਰ (ਕਈ ਇਤਿਹਾਸਕਾਰਾਂ ਮੁਤਾਬਕ ਗਿਣਤੀ 11000 ਹਜ਼ਾਰ) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3000 ਹਜ਼ਾਰ (ਕਈਆਂ ਨੇ ਇੱਥੇ ਗਿਣਤੀ 2000 ਲਿਖੀ ਹੈ) ਦੇ ਕਰੀਬ ਸਿੱਖਾਂ ਨੂੰ ਕੈਦ ਕਰਕੇ ਲਖਪਤ ਰਾਏ ਲਾਹੌਰ ਲੈ ਗਿਆ। ਲਾਹੌਰ ਦੇ ਨਾਖਾਸ ਚੌਂਕ ਵਿੱਚ ਬੜੇ ਹੀ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਸਿਰਾਂ ਦੇ ਢੇਰ ਲਗਾ ਦਿੱਤੇ। ਸਰੀਰਾਂ ਨੂੰ ਮਸੀਤਾਂ ਦੀਆਂ ਦੀਵਾਰਾਂ ਵਿੱਚ ਦੱਬ ਦਿੱਤਾ ਗਿਆ। ਖ਼ੂਨ ਨਾਲ ਮਸੀਤਾਂ ਦੇ ਫਰਸ਼ ਧੋਤੇ ਗਏ। ਇਸ ਮੰਦਭਾਗੀ ਘਟਨਾ ਨੂੰ ਇਤਿਹਾਸ ਵਿੱਚ ਪਹਿਲੇ ਘੱਲੂਘਾਰੇ ਜਾਂ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ 1762 'ਚ ਪਿੰਡ ਕੁੱਪ-ਰੁਹੀੜੇ ਵਿਖੇ ਵੱਡਾ ਕਤਲਾਮ ਹੋਇਆ ਸੀ ਇਸ ਲੜਾਈ ਵਿੱਚ 30-35 ਹਜ਼ਾਰ ਸਿੰਘ ਸ਼ਹੀਦ ਹੋਏ। ਇਸ ਲਈ ਦੋਵੇਂ ਘੱਲੂਘਾਰਿਆਂ ਨੂੰ ਵਖਰਾਉਣ ਦੇ ਮੰਤਵ ਨਾਲ ਪਹਿਲੇ ਨੂੰ ਛੋਟਾ ਘੱਲੂਘਾਰਾ ਅਤੇ ਦੂਜੇ ਨੂੰ ਵੱਡਾ ਘੱਲੂਘਾਰਾ ਕਿਹਾ ਜਾਣ ਲੱਗਿਆ।

ਲਖਪਤ ਰਾਏ ਦੀ ਸਿੱਖਾਂ ਨੂੰ ਪੂਰਨ ਤੌਰ 'ਤੇ ਮਾਰ ਮੁਕਾਉਣ ਦੀ ਸ਼ੇਖ਼ੀ ਛੇਤੀ ਹੀ ਝੂਠੀ ਸਾਬਤ ਹੋ ਗਈ ਜਦੋਂ ਲਗਭਗ ਛੇ ਮਹੀਨੇ ਪਿੱਛੋਂ ਹੀ ਸਿੱਖ ਦੁਬਾਰਾ ਅੰਮ੍ਰਿਤਸਰ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ 30 ਮਾਰਚ 1747 ਨੂੰ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਦਾ ਇਕੱਠ ਕਰਕੇ ਗੁਰਮਤਾ ਪਾਸ ਕੀਤਾ ਕਿ ਸਿੱਖਾਂ ਦੀ ਪੱਕੀ ਰਿਹਾਇਸ਼ ਗਾਹ ਲਈ ਅੰਮ੍ਰਿਤਸਰ ਵਿਖੇ ਰਾਮ ਰੌਣੀ ਕਿਲੇ ਦੀ ਉਸਾਰੀ ਕੀਤੀ ਜਾਵੇ।

-0-



**ਛੋਟਾ ਘੱਲੂਘਾਰੇ ਦੀ ਯਾਦ ਵਿਚ ਸਥਾਪਿਤ**
**ਗੁਰਦੁਆਰਾ ਘੱਲੂਘਾਰਾ ਸਾਹਿਬ**

# 'ਰੁੱਤ ਬੇਈਮਾਨ ਹੋ ਗਈ, ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ'

**-ਕੁਲਵੰਤ ਕੌਰ (ਡਾ) 98156-20515**

ਹਰ ਪਲ ਤੇ ਹਰ ਦਿਨ, ਚਾਰ ਚੁਫ਼ੇਰਿਓਂ, ਮੌਸਮ ਦੀ ਮਾਰ ਝੇਲ ਰਹੀ ਜੀਵਨਦਾਤੀ ਕਣਕ ਦਾ ਜ਼ਿਕਰ, ਚਰਚਾ, ਭੂੰ-ਦ੍ਰਿਸ਼, ਤਬਾਹੀ ਤੇ ਖ਼ਰਾਬਾ ਆਦਿ ਤੱਕ-ਸੁਣ ਕੇ ਮਨ ਡਾਹਢਾ ਬੇਚੈਨੀ ਦੇ ਆਲਮ ਵਿਚੋਂ ਗੁਜ਼ਰ ਰਿਹਾ ਹੈ। ਇਸ ਮਰਹਲੇ 'ਤੇ ਕਿਸਾਨ-ਅੰਦੋਲਨ ਵੇਲੇ ਪੜ੍ਹੀਆਂ ਤੇ ਵਿਚਾਰੀਆਂ ਕਵਿਤਾਵਾਂ ਵਾਰ-ਵਾਰ ਮੇਰੇ ਮਨ ਮਸਤਕ ਵਿਚ ਦਸਤਕ ਦੇ ਰਹੀਆਂ ਹਨ। ਸਭ ਤੋਂ ਜ਼ਿਆਦਾ ਮੈਨੂੰ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਨੇ ਹਲੂਣਿਆਂ ਹੈ ਜੋ ਅਜੋਕੀਆਂ ਪਰਸਿਥਿਤੀਆਂ ਵਿਚ ਵੀ ਉਤਨੀ ਹੀ ਢੁੱਕਵੀ ਤੇ ਅਰਥਪੂਰਨ ਜਾਪਦੀ ਹੈ ਜਿਵੇਂ

ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ
ਕਿ ਰੁੱਤ ਬੇਈਮਾਨ ਹੋ ਗਈ।
----------------------
ਮਸਾਂ ਮਸਾਂ ਹੋਈ ਏ ਤੂੰ ਸਾਵੀ ਤੋਂ ਸੁਨਹਿਰੀ ਨੀ
ਦੇਖਣੇ ਨੂੰ ਮੂੰਹ ਤੇਰੇ ਤਰਸੇ ਨੇ ਸ਼ਹਿਰੀ ਨੀ।
ਮੰਡੀਆਂ ਤੋਂ ਨਿੱਤ ਪੁਛਦੇ
ਕਦੋਂ ਆਉਣਗੇ ਸੋਨੇ ਦੇ ਮਣਕੇ।
ਰੁੱਤ ਬੇਈਮਾਨ ਹੋ ਗਈ।.. ..

ਇਸੇ ਤਰ੍ਹਾਂ, ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕਣਕਾਂ ਦਾ ਗੀਤ' ਵੀ ਆਪਣੇ ਅਧਿਆਪਨ-ਕਾਲ ਵਿਚ ਲਗਭਗ ਤੀਹ ਵਰ੍ਹੇ ਪੜ੍ਹਾਉਂਦੀ ਤੇ ਸਮਝਾਉਂਦੀ ਰਹੀ ਹਾਂ :-

ਹੋ ਕਣਕਾਂ ਸਿੱਲ੍ਹੀਆਂ।
ਲੋਕ-ਪੀੜਾਂ ਤੇ ਰੋਣ
ਕਦੇ ਬਣਦੇ ਨਾ ਗੌਣ।
ਅਜੇ ਮੇਰੇ ਦੇਸ ਦੀਆਂ
ਅੱਖੀਆਂ ਨੇ ਗਿੱਲੀਆਂ।
ਹੋ ਕਣਕਾਂ ਸਿੱਲ੍ਹੀਆਂ।

ਪਾਸ਼, ਉਦਾਸੀ, ਗੁਰਦਾਸ ਰਾਮ ਆਲਮ, ਪ੍ਰੋ. ਮੋਹਨ ਸਿੰਘ ਤੇ ਪ੍ਰੋ. ਪੂਰਨ ਸਿੰਘ ਆਦਿ ਸਾਰੇ ਮਕਬੂਲ, ਅਮਰ, ਅਮਿਟ ਅਤੇ ਦਿਲਦਾਰ ਸ਼ਾਇਰਾਂ ਨੇ ਖੇਤਾਂ, ਪਾਲੀਆਂ ਤੇ ਹਾਲੀਆਂ ਦੇ ਸੰਘਰਸ਼ੀ ਜੀਵਨ, ਥੁੜ੍ਹਾਂ ਮਾਰੀ ਜ਼ਿੰਦਗੀ, ਦਿਨ ਰਾਤ ਦੇ ਉਨੀਂਦਰਿਆ ਅਤੇ ਤੰਗੀਆਂ ਤੁਰਸ਼ੀਆਂ ਭਰੀ ਜੀਵਨ-ਚਾਲ ਬਾਰੇ ਲਿਖਦਿਆਂ ਇਸ ਨਾਲ ਲੋਹੜੇ ਦੀ ਅਪਣੱਤ, ਲਗਾਓ ਅਤੇ ਹੇਰਵਾ ਜ਼ਾਹਿਰ ਕੀਤਾ ਹੈ। ਪ੍ਰੋ. ਪੂਰਨ ਸਿੰਘ ਜਿਹੇ ਬਾਕਮਾਲ ਅਤੇ ਹਰਮਨ ਪਿਆਰੇ ਕਵੀ ਦੀਆਂ ਚੰਦ ਕੁ ਕਾਵਿ-ਤੁਕਾਂ ਪੇਸ਼ ਕਰਕੇ, ਵਿਚਾਰ-ਲੜੀ ਨੂੰ ਅਗਾਂਹ ਤੋਰਨ ਦਾ ਜਤਨ ਹੋਵੇਗਾ:-

ਓਏ ਮੈਂ ਪੜ੍ਹਨ ਪੜ੍ਹਾਉਣ ਸਾਰਾ ਛੱਡਿਆ।
ਦਿਲ ਮੇਰਾ ਅਣ ਵਾਹੀ ਵਿਚ ਖੁੱਭਿਆ।
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ
ਜੱਟ ਬੂਟ ਮੇਰੇ ਯਾਰ ਵੋ।

ਜੱਗ ਦੇ ਇਨ੍ਹਾਂ ਭੰਡਾਰੀਆਂ ਨੂੰ ਉਹ ਖ਼ੁਸ਼ੀਆਂ ਦੇ ਵੰਡਾਵੇ ਦੱਸਦਾ ਹੋਇਆ ਰਾਜਿਆਂ ਤੇ ਮਹਾਰਾਜਿਆਂ ਨੂੰ ਵੀ ਰੋਟੀਆਂ ਦੇਣ ਵਾਲੇ ਦੱਸਦਾ ਹੈ। ਲਿਹਾਜਾ, ਦੁਨੀਆਂ ਦਾ ਢਿੱਡ ਭਰਨ ਵਾਲਾ ਇਹ ਭੰਡਾਰੀ ਅੱਜ ਰੋਟੀ ਤੋਂ ਮੁਥਾਜ ਹੋਣ ਜਾ ਰਿਹਾ ਹੈ। ਕੁਦਰਤ ਦੀ ਮਾਰ ਅਜਿਹੀ ਪਈ ਹੈ ਕਿ ਮੂੰਧੇ ਮੂੰਹ ਜਾ ਡਿਗਾ ਹੈ, ਉੱਠ ਕੇ ਬੈਠਣ ਦੀ ਹਾਲਤ ਵਿਚ ਹੀ ਨਹੀਂ ਰਿਹਾ। ਉਂਝ ਤਾਂ ਪੂਰੀ ਦੁਨੀਆਂ ਦੇ ਵਿਕਸਿਤ ਮੁਲਕਾਂ ਦੀਆਂ ਕਿਸਾਨ ਮਾਰੂ ਨੀਤੀਆਂ, ਸਰਕਾਰੀ ਹੁਕਮ ਅਤੇ ਵਿਸ਼ਵ ਬੈਂਕ ਦੀਆਂ ਚਾਲਾਂ ਚਿਰਾਂ ਤੋਂ ਕਿਸਾਨ ਵਿਰੋਧੀ ਚੱਲੀਆਂ ਆ ਰਹੀਆਂ ਹਨ ਪਰ ਜਦੋਂ ਚੋਰ ਤੇ ਕੁੱਤੀ ਦੋਵੇਂ ਰਲ ਜਾਣ ਫੇਰ ਬਚਾਓ ਦੀ ਆਸ ਹੀ ਨਹੀਂ ਰਹਿ ਜਾਂਦੀ। ਅੱਜ ਇਹੋ ਕੁਝ ਹੋ ਰਿਹਾ ਹੈ ਵਿਚਾਰੇ ਕਿਸਾਨਾਂ ਨਾਲ - ਕਣਕ ਪਾਲਕਾਂ ਨਾਲ। ਬੇਰਹਿਮ ਕੁਦਰਤ, ਮੌਸਮ ਦੀ ਪੁੱਠੀ ਚਾਲ ਅਤੇ ਸਰਕਾਰੇ ਦਰਬਾਰੇ ਖਚਰੀਆਂ ਨੀਤੀਆਂ ਨੇ ਅੱਜ ਕਿਸਾਨੀ ਦੀ ਹਾਲਤ ਪਤਲੀ ਤੇ ਬਦਤਰ ਕਰ ਦਿੱਤੀ ਹੈ। ਫਲਸਰੂਪ, ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਤੇ ਅੰਨਦਾਤਾ ਅਖਵਾਉਂਦੇ ਕਿਸਾਨ ਰੋਜ਼-ਰੋਜ਼ ਭਲਾ ਖ਼ੁਦਕੁਸ਼ੀਆਂ ਨੂੰ ਕਿਉਂ ਗਲੇ ਲਾ ਰਹੇ ਹਨ? ਅਜਿਹੀ ਗੱਲ ਵੀ ਨਹੀਂ ਕਿ ਕਿਸਾਨ-ਮਾਰੂ ਨੀਤੀਆਂ ਇਕੱਲੇ ਆਜ਼ਾਦ ਭਾਰਤ ਦੀ ਦੇਣ ਹੈ, ਇਹ ਤਾਂ ਹਜ਼ਾਰਾਂ ਵਰ੍ਹਿਆਂ ਤੋਂ ਵਰਤਦੀਆਂ ਆ ਰਹੀਆਂ ਹਨ।



ਆਪਣੇ ਹੱਕਾਂ ਦੀ ਰਖਵਾਲੀ, ਆਪਣੀ ਆਲ ਔਲਾਦ ਦਾ ਢਿੱਡ ਭਰਨ ਤੇ ਪਾਲਣ ਪੋਸ਼ਣ ਲਈ ਚਿਰਕਾਲ ਤੋਂ ਹੀ ਕਿਸਾਨ ਜੂਝਦੇ ਆ ਰਹੇ ਹਨ। ਇਤਿਹਾਸ ਦੇ ਵਰਕਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਾ ਹਰਸ਼ ਵਰਧਨ ਨੇ ਕਿਸਾਨ-ਪੱਖੀ ਕਾਨੂੰਨਾਂ ਸਦਕੇ ਇਸ ਪ੍ਰਮੁੱਖ ਵਰਗ ਨੂੰ ਖ਼ੁਸ਼ਹਾਲ ਜ਼ਿੰਦਗੀ ਜਿਉਣ ਦੇ ਬਰਾਬਰ ਮੌਕੇ ਦਿੱਤੇ ਅਤੇ ਅਕਬਰ ਦੇ ਕਾਲ ਵਿਚ ਵੀ ਕਿਸਾਨੀ ਦਾ ਪੂਰਾ ਖ਼ਿਆਲ ਰੱਖਿਆ ਗਿਆ। ਬੇਸ਼ਕ, ਉਸਦੀਆਂ ਉਦਾਰ ਨੀਤੀਆਂ ਨੇ ਸਮੁੱਚੇ ਰਾਜ ਪ੍ਰਬੰਧ ਨੂੰ ਹੀ ਸੁਚਾਰੂ ਬਣਾਇਆ ਪਰੰਤੂ ਖੇਤੀਬਾੜੀ ਖੇਤਰ ਵਿਚ ਨਵੀਆਂ ਨਹਿਰਾਂ ਦੀ ਪੁਟਾਈ, ਦੁਆਬਿਆਂ ਦੇ ਨਾਮਕਰਨ ਅਤੇ ਹੋਰ ਸੁਧਾਰਾਂ ਨੇ ਨਿੱਗਰ, ਨਰੋਏ ਤੇ ਰੰਗਲੇ ਪੰਜਾਬ ਦੀ ਨੀਂਹ ਰੱਖੀ। ਅੰਗਰੇਜ਼ਾਂ ਦੀ ਆਮਦ ਉਪਰੰਤ, ਤਾਨਾਸ਼ਾਹੀ ਰਵੱਈਆ ਅਪਣਾਇਆ ਗਿਆ ਤੇ ਇਸੇ ਕਰਕੇ 1857 ਤੋਂ ਮਗਰੋਂ ਕਿਸੇ ਨਾ ਕਿਸੇ ਰੂਪ ਵਿਚ ਕਿਸਾਨੀ ਬਗਾਵਤਾਂ ਉੱਠਣ ਲੱਗੀਆਂ। ਇਸ ਸਦੀ ਦੇ ਅੰਤ ਤੱਕ, ਪੰਜਾਬ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਦੀ ਰੱਖਿਆ, ਟੈਕਸਾਂ ਦੇ ਬੋਝ, ਬੋਝਲ ਕਰ ਪ੍ਰਣਾਲੀ, ਸਰਕਾਰੀ ਲਗਾਮ, ਸ਼ਾਹੂਕਾਰਾਂ ਦੀਆਂ ਮਨਮਾਨੀਆਂ ਅਤੇ ਜਾਗੀਰਦਾਰੀ ਪ੍ਰਥਾ ਨੂੰ ਖ਼ਤਮ ਕਰਨ ਲਈ ਦੋ ਦਹਾਕੇ ਲੰਮਾ ਸੰਘਰਸ਼ ਵਿੱਢਿਆ ਗਿਆ। 1900 ਵਿਚ ਭੂਮੀ ਰੱਖਿਆ ਐਕਟ ਪਾਸ ਕਰ ਦੇਣ ਨਾਲ ਅੰਦੋਲਨ ਬਹੁਤ ਗੰਭੀਰ ਹੋ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਮੁਜਾਹਰੇ ਤੇ ਹੜਤਾਲਾਂ ਵਧਣ ਲੱਗੀਆਂ। ਗੁਰੂ ਪਾਤਿਸ਼ਾਹੀਆਂ ਦੀ ਰਹਿਮਤ, ਸਿੱਖਿਆ ਤੇ ਅਗਵਾਈ ਕਾਰਨ ਵੀਹਵੀਂ ਸਦੀ ਦਾ ਮਹਾਨ ਕਿਸਾਨ ਅੰਦੋਲਨ, 'ਪਗੜੀ ਸੰਭਾਲ ਜੱਟਾ' ਸ੍ਰ. ਅਜੀਤ ਸਿੰਘ ਵਰਗੇ ਜਾਂਬਾਜ਼ ਪੁਰਖ ਦੀ ਕਮਾਂਡ ਹੇਠ ਲੜਿਆ ਵੀ ਗਿਆ ਤੇ ਜਿੱਤਿਆ ਵੀ ਗਿਆ ਭਾਵੇਂ ਉਨ੍ਹਾਂ ਨੂੰ ਡਾਂਗਾਂ, ਸੋਟਿਆਂ, ਖੱਜਲ ਖੁਆਰੀਆਂ ਤੇ ਸਜ਼ਾਵਾਂ ਤੋਂ ਇਲਾਵਾ ਜਲਾਵਤਨੀਆਂ ਤੇ ਦੇਸ਼ ਨਿਕਾਲੇ ਵੀ ਝਾਗਣੇ ਪਏ। ਅਜੋਕੀ ਕਿਸਾਨੀ ਦੀ ਦੁਰਦਸ਼ਾ, ਮੰਦਹਾਲੀ ਅਤੇ ਗੁਰਬਤ ਵਾਂਗ ਹੀ 'ਪਗੜੀ ਸੰਭਾਲ ਜੱਟਾ' ਰੂਪੀ ਤਰਾਨਾ ਲਿਖੇ (ਗੀਤਕਾਰ ਸ੍ਰੀ ਬਾਂਕੇ ਦਿਆਲ) ਜਾਣ ਵੇਲੇ ਦੇ ਹਾਲਾਤ 'ਤੇ ਇਹ ਕਾਵਿ-ਬੋਲ ਕਿਵੇਂ ਚਾਨਣਾ ਪਾਉਂਦੇ ਹਨ :-

ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਇ।
ਤੈਨੂੰ ਤੇ ਖਾਵਣ ਖ਼ਾਤਿਰ, ਵਿਛਦੇ ਨੇ ਜਾਲ ਓਇ।

-------------------

ਫਸਲਾਂ ਨੂੰ ਖਾ ਗਏ ਕੀੜੇ।

ਤਨ ਤੇ ਨਹੀਂ ਤੇਰੇ ਲੀੜੇ।

ਭੁੱਖਾਂ ਨੇ ਖੂਹ ਨਿਚੋੜੇ

ਰੋਂਦੇ ਨੇ ਬਾਲ ਓਇ।

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।

ਇਸ ਅੰਦੋਲਨ ਦੀ ਕਾਮਯਾਬੀ ਉਪਰੰਤ, ਆਰੰਭ ਹੋਏ ਸਭ ਅੰਦੋਲਨ ਭਾਵੇਂ ਉਹ ਗ਼ਦਰ ਲਹਿਰ ਸੀ, ਜਲਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਗਠਨ ਸੀ, ਚਾਬੀਆਂ ਵਾਲੇ ਮੋਰਚੇ ਸਨ ਜਾਂ ਫਿਰ ਸ੍ਰੀ ਨਨਕਾਣਾ ਸਾਹਿਬ ਦਾ ਅਤਿਅੰਤ ਦੁਖਾਂਤਿਕ, ਹੌਲਨਾਕ ਤੇ ਸਾਹ ਸੂਤਵਾਂ ਘਟਨਾਕ੍ਰਮ, ਸਾਰਿਆਂ ਦੀ ਰੂਹ ਕਿਸਾਨੀ ਸੀ- ਕਿਸਾਨਾਂ ਵੱਲੋਂ ਵਿੱਢੇ ਸੰਘਰਸ਼। ਤੰਗੀਆਂ ਤੁਰਸ਼ੀਆਂ ਦੇ ਆਲਮ ਵਿੱਚੋਂ ਵਿਚਰਦਿਆਂ ਵੀ 'ਕਿਛੁ ਹਥਹੁ ਦੇਹਿ' ਦੇ ਹੁਕਮ ਦੀ ਤਾਮੀਲ ਕਰਨੀ। ਨਿਰਸੰਦੇਹ, ਸ੍ਰ. ਭਗਤ ਸਿੰਘ, ਸ਼ਹੀਦ ਊਧਮ ਸਿੰਘ ਸੁਨਾਮ ਤੇ ਰਾਜਗੁਰੂ ਕਿਸਾਨਾਂ ਦੇ ਹੀ ਪੁੱਤ ਸਨ ਜਿਨ੍ਹਾਂ ਹੱਸ ਹੱਸ ਜਿੰਦਾਂ ਵਾਰੀਆਂ। ਉਹ ਕਿਸਾਨਾਂ ਦੀ ਸਵੈਨਿਰਭਰਤਾ ਤੇ ਸਵੈਮਾਣ ਲਈ ਵੀ ਜੂਝੇ ਤੇ ਸਦਾ ਲਈ ਅਮਰ ਹੋ ਗਏ। ਸ਼ਹੀਦ ਭਗਤ ਸਿੰਘ ਦੇ ਬਚਪਨ ਦੀ ਇੱਕ ਅਭੁੱਲ ਘਟਨਾ, ਕਦੇ ਪਹਿਲੇ ਸਮਿਆਂ ਵਿਚ ਅਸੀਂ ਵੀ ਪੜ੍ਹਦੇ ਹੁੰਦੇ ਸਾਂ ਕਿ 'ਕਣਕ ਬੀਜੋ ਤਾਂ ਕਣਕ ਉਗਦੀ ਹੈ ਪਰ 'ਦੰਬੂਕਾਂ' (ਬੰਦੂਕਾਂ) ਬੀਜੋ ਤਾਂ ਦੰਬੂਕਾਂ ਕਿਉਂ ਨਹੀਂ ਉੱਗਦੀਆਂ? ਦਰਅਸਲ ਦੇਸ ਭਗਤੀ ਦੇ ਜਜ਼ਬੇ ਨਾਲ ਪੋਟਾ ਪੋਟਾ ਸਰਸ਼ਾਰਿਆ ਅਤੇ ਵਿਰਸੇ ਵਿਚ ਮਿਲੇ ਲਾਸਾਨੀ ਗੁਣਾਂ ਕਾਰਨ ਉਹ ਜਨਮ ਤੋਂ ਹੀ ਅਲੋਕਾਰਾ ਸੀ ਤੇ ਅਲੌਕਿਕ ਵੀ ਜਿਸ ਨੂੰ ਉਸ ਨੇ ਮਹਿਜ 23 ਸਾਲਾ ਸੰਖੇਪ ਜੀਵਨ ਵਿਚ ਪ੍ਰਸ਼ਟ ਵੀ ਕਰ ਦਿੱਤਾ।

ਬੀਤੇ ਦਿਹਾੜੇ, ਕਿਸੇ ਨਿਜੀ ਕੰਮ ਲਈ ਸਾਹਨੇਵਾਲ ਵਲ ਜਾਣ ਦਾ ਸਬੱਬ ਬਣਿਆ ਤਾਂ ਕਿਸੇ ਬੇਬਸ, ਲਾਚਾਰ, ਬੀਮਾਰ, ਅਧਮੋਏ ਅਤੇ ਵਿਚਾਰੇ ਜਿਉੜੇ ਵਾਂਗ ਡਿਗੀ, ਢੱਠੀ ਤੇ ਨਿਸੱਲ ਪਈ ਸੁਨਹਿਰੀ ਕਣਕ ਦੇ ਸਿੱਟੇ ਦੇਖ ਕੇ ਗਚ ਭਰ ਆਇਆ। ਇਹ ਮਹਿਜ ਇਕ ਫਸਲ ਨਹੀਂ - ਪੰਜਾਬ ਦੀ ਸ਼ਾਹਰਗ ਹੈ। ਉਹਦੇ ਹਾਸੇ ਰੋਸੇ। ਉਹਦੀ ਧੜਕਣ। ਉਹਦੀ ਸਮੁੱਚੀ ਜੀਵਨ ਰੌਅ। ਪੰਜਾਬੀਆਂ ਦੇ ਚਾਅ, ਮਲਾਰ, ਖ਼ੁਸ਼ੀਆਂ ਗਮੀਆਂ ਦਾ ਧੁਰਾ। ਉਹਦੇ ਸਾਹਾਂ ਦੀ ਜਾਮਨ। ਉਸ ਦੀ ਰਾਸਪੂੰਜੀ। ਇਸੇ ਕਰਕੇ ਇਸ ਦਾ ਨਾਂ ਕਣਕ ਜਾਂ ਕਨਕ (ਸੋਨਾ) ਮਕਬੂਲ ਹੋਇਆ ਇਸ ਗੱਲ ਦੀ ਪੁਸ਼ਟੀ ਸਦੀਆਂ ਪਹਿਲੋਂ, ਮਨੁੱਖਤਾ ਦਾ ਉੱਧਾਰ ਤੇ ਸੁਧਾਰ ਕਰਨ ਆਏ ਸਾਡੇ ਮਹਾਨ ਰਹਿਬਰਾਂ ਦੀ ਬਾਣੀ ਤੋਂ ਵੀ ਹੁੰਦੀ ਹੈ :-

1. ਤੋਹੀ ਮੋਹੀ ਮੋਹੀ ਤੋਹੀ

ਅੰਤਰੁ ਕੈਸਾ।

ਕਨਕ ਕਟਿਕ ਜਲ ਤਰੰਗ ਜੈਸਾ।

2. ਏਕੈ ਕਨਿਕ ਅਨਿਕ ਭਾਤਿ ਸਾਜੀ

ਬਹੁ ਪਰਕਾਰ ਰਚਾਇਓ। ਗਉੜੀ 5

ਪਰਮਾਤਮਾ ਤੇ ਜੀਵ ਆਤਮਾ ਦੀ ਸਮਾਨਤਾ ਵਾਂਗ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ ਅਤੇ ਪਾਣੀ ਤੇ ਪਾਣੀ ਤੋਂ ਉੱਠੀਆਂ ਲਹਿਰਾਂ ਭਾਵੇਂ ਇਕ ਵੱਖਰਤਾ ਦਾ ਪ੍ਰਭਾਵ ਪਾਉਂਦੀਆਂ ਹਨ ਪਰ ਹੈਨ ਇੱਕੋ ਹੀ ਸਿੱਕੇ ਦੇ ਦੋ ਪਾਸੇ।

ਸੋ, ਹਜ਼ਾਰਾਂ ਵਰ੍ਹੇ ਪਹਿਲਾਂ,ਸਾਡੇ ਵਡੇਰਿਆਂ ਦੀ ਜਦੋਂ ਕਣਕ ਨਾਲ ਪਹਿਲੀ ਜਾਣ ਪਛਾਣ ਹੋਈ ਹੋਵੇਗੀ ਤਾਂ ਇਨਸਾਨੀ ਤੇ ਹੈਵਾਨੀ ਜੀਵਨ ਲਈ ਇਸ ਦਾ ਸਾਹਾਂ ਜਿਹੀ ਲੋੜ, ਮਹੱਤਤਾ ਅਤੇ ਸ਼ਿੱਦਤ ਦੇ ਮੱਦੇਨਜ਼ਰ, ਉਨ੍ਹਾਂ ਨੇ ਇਸ ਦਾ ਨਾਂ 'ਕਨਕ' (ਕਣਕ) ਰੱਖਿਆ ਹੋਵੇਗਾ ਜਿਸ ਤੋਂ ਭਾਵ ਸੋਨਾ ਹੈ। ਮੱਧ ਭਾਰਤ ਵਲ ਇਸ ਨੂੰ ਗੇਹੂ ਕਹਿੰਦੇ ਹਨ ਤੇ ਕਈ ਇਲਾਕਿਆਂ ਵਿਚ ਗੰਧਮ ਵੀ।

ਕਣਕ ਤੇ ਇਨਸਾਨ ਦਾ ਰਿਸ਼ਤਾ ਬਹੁਤ ਪੁਰਾਣਾ ਹੈ। ਆਦਿ ਮਨੁੱਖ ਭਾਵੇਂ ਫਲ, ਫੁੱਲ ਤੇ ਕੰਦ ਮੂਲ ਨਾਲ ਗੁਜ਼ਾਰਾ ਕਰਦਾ ਰਿਹਾ ਪਰ ਸੂਝ ਦੇ ਵਿਕਾਸ ਨਾਲ ਹੀ ਉਹ ਜੰਗਲੀ ਜੀਵਾਂ ਦਾ ਸ਼ਿਕਾਰ ਕਰਨਾ ਸਿੱਖ ਗਿਆ। ਹੌਲੀ ਹੌਲੀ ਅਨਾਜਾਂ ਦੀ ਕਾਢ ਵਾਲੇ ਹਾਲਾਤ ਬਣਨ ਲੱਗੇ। ਬਨਸਪਤੀ ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ ਕੋਈ ਬਾਰਾਂ ਕੁ ਹਜ਼ਾਰ ਸਾਲ ਪਹਿਲਾਂ ਤੋਂ ਕਣਕ ਦੀ ਹੋਂਦ ਦੀ ਪੁਸ਼ਟੀ ਹੁੰਦੀ ਹੈ ਅਤੇ ਇਸ ਦੀਆਂ ਪੰਦਰਾਂ ਹਜ਼ਾਰ ਦੇ ਲਗਭਗ ਕਿਸਮਾਂ ਪ੍ਰਚਲਿਤ ਰਹੀਆਂ ਹਨ। ਛਾਂਟੀ ਹੁੰਦਿਆਂ ਹੁੰਦਿਆਂ, ਹੁਣ ਦੁਨੀਆਂ ਭਰ ਵਿਚ ਬਹੁਤ ਹੀ ਚੋਣਵੀਆਂ ਕਿਸਮਾਂ ਦੀ ਕਾਸ਼ਤ ਹੋ ਰਹੀ ਹੈ। ਚਪਾਤੀ ਕਣਕ, ਕਾਠੀਆਂ ਗੇਹੂ, ਖਾਪਲੀ ਗੇਹੂ ਤੇ ਵਿਡਾਣਕ ਆਦਿ ਦੱਖਣੀ ਮਧ ਤੇ ਉਤਰੀ ਭਾਰਤ ਵਿਚ ਬੀਜੀਆਂ ਜਾ ਰਹੀਆਂ ਕੁਝ ਬਹੁਤ ਚਰਚਿਤ ਕਿਸਮਾਂ ਹਨ ਜਿਹੜੀਆਂ ਪੌਸ਼ਟਿਕਤਾ ਪੱਖੋਂ ਸ਼੍ਰੇਸ਼ਟ ਮੰਨੀਆਂ ਗਈਆਂ ਹਨ। ਇਸ ਮਰਹਲੇ 'ਤੇ ਬਨਸਪਤੀ ਵਿਗਿਆਨੀਆਂ ਤੇ ਪੁਰਾਤਤਵ ਖੋਜੀਆਂ ਨੂੰ ਜੋ ਸਬੂਤ ਮਿਲੇ ਹਨ, ਉਹਦੇ ਅਨੁਸਾਰ ਸਭ ਤੋਂ ਪਹਿਲਾਂ ਤੁਰਕੀ, ਮਿਸਰ,ਈਰਾਨ ਅਤੇ ਅਰਮੀਨੀਆ ਆਦਿ ਦੇਸ਼ਾਂ ਵਿਚ ਇਸ ਦੀ ਕਾਸ਼ਤ ਸ਼ੁਰੂ ਹੋਈ ਸੀ ਤੇ ਮਗਰੋਂ ਇਹ ਸੰਸਾਰ ਭਰ ਵਿਚ ਫੈਲਦੀ ਗਈ। ਮੈਕਸੀਕਨ ਕਣਕ ਦੀ ਚਰਚਾ ਬਚਪਨ ਤੋਂ ਹੀ ਸੁਣਦੇ ਆਏ ਹਾਂ ਆਪਾਂ ਅਤੇ ਰੂਸ ਤੇ ਯੁਕਰੇਨ ਯੁੱਧ ਦੌਰਾਨ ਯੁਕਰੇਨ ਤੋਂ ਬਾਹਰ ਜਾਣ ਵਾਲੀ ਕਣਕ ਦੇ ਅਭਾਵ ਕਾਰਨ ਆਟੇ ਦੀਆਂ ਕੀਮਤਾਂ ਵਿੱਚ ਆਲਮੀ ਵੱਡਾ ਉਛਾਲ ਆਇਆ ਸੀ ਜਿਸ ਦਾ ਅਸਰ ਚਾਰ ਚੁਫ਼ੇਰੇ ਦੇਖਣ ਨੂੰ ਮਿਲਿਆ ਹੈ। ਸਾਡੇ ਇੱਧਰ ਵੀ ਆਟੇ ਦੇ ਭਾਅ ਅਸਮਾਨੇ ਚੜ੍ਹਨ ਲੱਗ ਪਏ ਹਨ ਪਰ ਪਾਕਿਸਤਾਨ ਵਿਚ ਤਾਂ ਆਟੇ ਦਾ ਕਾਲ ਪੈਂਦਾ ਨਜ਼ਰ ਆ ਰਿਹਾ ਹੈ। ਮੁਫ਼ਤ ਆਟੇ ਨੂੰ ਹਾਸਿਲ ਕਰਨ ਗਏ ਦਰਜਨਾਂ ਲੋਕ ਉੱਥੇ ਰੱਬ ਨੂੰ ਪਿਆਰੇ ਹੋ ਗਏ ਹਨ।

ਡਾ. ਸੁਰਜੀਤ ਪਾਤਰ ਨੇ ਕਦੇ ਕਿੰਨਾ ਖ਼ੂਬ ਕਿਹਾ ਹੈ :-

ਇਕ ਚੰਦ

ਇਕ ਸੂਰਜ

ਇਕ ਤੇਰਿਆਂ ਹੱਥਾਂ ਦੀ ਰੋਟੀ।

ਮਾਂ ਦੇ ਹੱਥਾਂ ਦੀ ਰੋਟੀ ਮਿਲਣੀ ਕਦੇ ਵੱਡਾ ਸੁਭਾਗ ਰਿਹਾ ਹੈ ਬੀਤੇ ਸਮਿਆਂ ਵਿਚ, ਜਿਸ ਤੋਂ ਅਜੋਕੀ ਸੰਤਾਨ ਪ੍ਰਵਾਸ ਦੀ ਚਕਾਚੌਂਧ ਵਿਚ ਸੱਖਣੀ ਹੋ ਰਹੀ ਹੈ। ਕੌਮਾਂ, ਜ਼ਬਾਨ, ਸਭਿਆਚਾਰ ਤੇ ਭੂਗੋਲ ਵਿਰਸੇ ਦੀ ਰੀੜ੍ਹ ਆਸਰੇ ਜਿਉਂਦੀਆਂ ਤੇ ਪ੍ਰਫੁੱਲਿਤ ਹੁੰਦੀਆਂ ਹਨ। ਸਮੁੱਚੇ ਪੁਰਾਣੇ ਪੰਜਾਬ ਦੀ ਮਾਲੀ ਰੀੜ੍ਹ ਸੀ ਖੇਤੀਬਾੜੀ ਤੇ ਅਜੋਕੇ ਪੰਜਾਬ ਦੀ ਰੀੜ੍ਹ ਵੀ ਕਿਸਾਨੀ ਹੈ ਕਣਕ ਹੈ। ਨਿਰਸੰਦੇਹ, ਸਾਡੇ ਦੇਸ਼ ਵਿਚ ਕਿਸਾਨੀ ਦੀ ਹਾਲਤ ਬਹੁਤ ਮਾੜੀ ਹੈ। ਵਿਸ਼ਵ-ਗੁਰੂ ਬਣ ਜਾਣ ਦਾ ਦਾਅਵਾ ਕਰਨ ਵਾਲੇ ਸਾਡੇ ਆਗੂਆਂ ਨੂੰ ਸ਼ਾਇਦ ਰੋਜ਼-ਰੋਜ਼ ਹੋ ਰਹੀਆਂ ਕਿਸਾਨ-ਖ਼ੁਦਕਸ਼ੀਆਂ ਨਹੀਂ ਦਿਸਦੀਆਂ। ਸੜਕਾਂ ਤੇ ਟਰੈਕਟਰਾਂ ਨਾਲ ਆਲੂ ਤੇ ਟਮਾਟਰ ਦਰੜ ਕੇ ਆਪਣਾ ਰੋਸ ਪ੍ਰਗਟਾਉਂਦੇ ਹਲਵਾਹਕ ਨਹੀਂ ਦਿਸਦੇ। ਗੋਭੀ ਨੂੰ ਦੋ ਰੁਪਏ ਕਿਲੋ ਵੇਚ ਕੇ ਲੱਖਾਂ ਦਾ ਘਾਟਾ ਖਾਂਦੇ ਕਿਸਾਨਾਂ ਦੇ ਫਟੇ ਪੁਰਾਣੇ ਕਪੜੇ ਵੀ ਪਿਘਲਾ ਨਹੀਂ ਸਕਦੇ। ਕਣਕ ਨਾਲ ਪੇਟ ਤੇ ਪਰਿਵਾਰ ਨਾ ਪਲਦਾ ਦੇਖ ਕੇ ਜੇ ਕਿਸੇ ਨੇ ਕੋਈ ਸਹਾਇਕ ਕਿੱਤੇ ਅਪਣਾਉਣ ਦੀ ਜੁਰਅਤ ਤੇ ਕੋਸ਼ਿਸ਼ ਵੀ ਕੀਤੀ ਤਾਂ ਉਸ ਨੂੰ ਬੂਰ ਨਹੀਂ ਪਿਆ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦੇਸ਼ ਦੀ ਆਜ਼ਾਦੀ ਮਗਰੋਂ, ਵੰਨ ਸੁਵੰਨੀਆਂ ਸਰਕਾਰਾਂ ਵਿਚੋਂ ਕਿਸੇ ਨੇ ਵੀ ਕਦੇ ਕਿਸਾਨ-ਹਿਤੈਸ਼ੀ ਹੋਣ ਦਾ ਫਰਜ਼ ਨਹੀਂ ਨਿਭਾਇਆ। 1970 ਵਿਚ ਕਣਕ ਦਾ ਭਾਅ 76 ਰੁਪਏ ਕਵਿੰਟਲ ਸੀ ਤੇ 2015 ਵਿਚ 1450, ਸਰਕਾਰੀ ਮੁਲਾਜ਼ਮਾਂ ਦੀ ਤਨਖ਼ਾਹ 150 ਗੁਣਾਂ ਵਧੀ। ਇਸ ਅਨੁਪਾਤ ਨਾਲ 2015 ਵਿਚ ਕਣਕ ਦਾ ਰੇਟ 7600 ਪ੍ਰਤੀ ਕੁਵਿੰਟਲ ਹੁੰਦਾ। ਕਿਸਾਨ ਅੰਦੋਲਨ ਦੀ ਦੁਹਾਈ ਹੋਰ ਕੀ ਸੀ? ਫ਼ਸਲਾਂ ਦੇ ਸਮਰਥਨ ਮੁਲ ਦੀ ਗਾਰੰਟੀ ਕੌਣ ਦੇਵੇ ਵਿਚਾਰਿਆ ਨੂੰ? ਇਕ ਤਾਂ ਸਰਕਾਰੀ ਨੀਤੀਆਂ ਵਿਚ ਕਾਣ ਅਤੇ ਉਪਰੋਂ ਮੌਸਮਾਂ ਦੀ ਮਾਰ! ਜਾਂ ਖ਼ੁਦਾਇਆ! ਤੂੰ ਹੀ ਰਹਿਮ ਕਰ!! ਕਰੋੜਾਂ ਕਰੋੜਾਂ ਦੇ ਰੁਜ਼ਗਾਰ ਦਾ ਸਾਧਨ ਤੇ ਖਰਬਾਂ ਦੇ ਕਾਰੋਬਾਰ ਵਾਲੀ ਕਣਕ ਆਟੇ ਦੇ ਨਾਲ-ਨਾਲ ਮੈਦਾ, ਸੂਜੀ, ਦਲੀਆ, ਪੀਜ਼ਾ, ਬਰਗਰ, ਨੂਡਲਾਂ ਤੇ ਹੋਰ ਕਿੰਨੇ ਕਿਸਮ ਦੇ ਖਾਧ ਪਦਾਰਥਾਂ ਦੀ ਜਨਮਦਾਤੀ ਹੈ। ਕੌਣ ਸਮਝਾਏ ਇਨ੍ਹਾਂ ਹਾਕਮਾਂ ਨੂੰ? ਬਚਾ ਲੈ ਪੰਜਾਬ ਨੂੰ ਰੱਬਾ, ਬਚਾ ਲੈ ਕਿਸਾਨੀ ਨੂੰ!!

-0-

# ਅਟਾਰੀ-ਵਾਹਗਾ ਸਰਹੱਦ ਰਾਹੀਂ ਕਿਉਂ ਨਹੀਂ ਹੋ ਰਿਹਾ ਪਾਕਿਸਤਾਨ ਨਾਲ ਵਪਾਰ?

**-ਹਰਜਿੰਦਰ ਸਿੰਘ ਲਾਲ 92168-60000**

**'ਦੁਸ਼ਮਨੀ ਲਾਖ ਸਹੀ ਖ਼ਤਮ ਨਾ ਕੀਜੈ ਰਿਸ਼ਤਾ ਦਿਲ ਮਿਲੇ ਯਾ ਨਾ ਮਿਲੇਹਾਥ ਮਿਲਾਤੇ ਰਹੀਏ'**

ਭਾਰਤ ਵਿਚ ਆਮ ਧਾਰਨਾ ਹੈ ਕਿ ਪਾਕਿਸਤਾਨ ਸਾਡਾ ਦੁਸ਼ਮਣ ਦੇਸ਼ ਹੈ ਤੇ ਉਸ ਨਾਲ ਵਪਾਰ ਵੀ ਨਹੀਂ ਕਰਨਾ ਚਾਹੀਦਾ। ਸਾਡੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਆਮ ਆਦਮੀ ਪਾਰਟੀ ਦੀ ਨੀਤੀ ਕਿ ਭਾਜਪਾ ਨਾਲੋਂ ਵੀ ਜ਼ਿਆਦਾ ਵੱਡੇ ਰਾਸ਼ਟਰਵਾਦੀ ਦਿਖਾਈ ਦਿਓ, ਤਾਂ ਹੀ ਚੋਣਾਂ ਜਿੱਤ ਸਕਦੇ ਹਾਂ 'ਤੇ ਅਮਲ ਕਰਦੇ ਹੋਏ ਪਾਕਿਸਤਾਨ ਨਾਲ ਵਪਾਰ ਦਾ ਸਿੱਧਾ ਤੇ ਤਿੱਖਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਜਿਹੜਾ ਦੇਸ਼ ਜ਼ਹਿਰ ਭੇਜਦਾ ਹੋਵੇ, ਅਸੀਂ ਉਸ ਨਾਲ ਵਪਾਰ ਨਹੀਂ ਕਰਾਂਗੇ ਪਰ ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਚੀਨ ਤਾਂ ਪਾਕਿਸਤਾਨ ਨਾਲੋਂ ਵੀ ਭਾਰਤ ਦਾ ਕਿਤੇ ਵੱਡਾ ਦੁਸ਼ਮਣ ਹੈ। ਬਲਕਿ ਅੰਤਰਰਾਸ਼ਟਰੀ ਸਿਆਸਤ ਦੇ ਚਲਦਿਆਂ ਚੀਨ ਹੀ ਪਾਕਿਸਤਾਨ ਦਾ ਸਭ ਤੋਂ ਵੱਡਾ ਸਮਰਥਕ ਵੀ ਹੈ, ਰਣਨੀਤਕ ਹਿੱਸੇਦਾਰ ਵੀ। ਚੀਨ ਜੋ ਭਾਰਤ ਦੇ ਇਕ ਸੂਬੇ 'ਤੇ ਮੈਲੀ ਨਿਗ੍ਹਾ ਰੱਖਦਾ ਹੈ ਤੇ ਉਸ ਦੀ ਦੁਸ਼ਮਣੀ ਉਸ ਵੇਲੇ ਸਿਰ ਚੜ੍ਹ ਕੇ ਬੋਲਦੀ ਹੈ, ਜਦੋਂ ਉਹ ਸਰਹੱਦਾਂ 'ਤੇ ਭਾਰਤੀ ਜ਼ਮੀਨ 'ਤੇ ਕਬਜ਼ਾ ਵਧਾਉਣ ਦੀਆਂ ਕੋਸ਼ਿਸ਼ਾਂ ਕਰਦਾ ਹੈ। ਉਸ ਦੀਆਂ ਫ਼ੌਜਾਂ ਨਾਲ ਭਾਰਤੀ ਫ਼ੌਜੀ ਟੁਕੜੀਆਂ ਨੂੰ ਲੋਹਾ ਵੀ ਲੈਣਾ ਪੈਂਦਾ ਹੈ। ਉਸ ਦੀ ਦੁਸ਼ਮਣੀ ਦੀ ਇੰਤਹਾ ਹੈ ਕਿ ਉਹ ਭਾਰਤੀ ਇਲਾਕਿਆਂ ਦੇ ਨਾਂਅ ਤੱਕ ਬਦਲਣ ਦੀ ਜ਼ੁਰਅਤ ਕਰਦਾ ਹੈ। ਪਹਿਲਾਂ 2021 ਵਿਚ ਉਸ ਨੇ 15 ਭਾਰਤੀ ਇਲਾਕਿਆਂ ਦੇ ਨਾਂਅ ਬਦਲੇ ਤੇ ਹੁਣ 11 ਇਲਾਕਿਆਂ ਦੇ। ਬੇਸ਼ੱਕ ਭਾਰਤ ਇਕ ਮਜ਼ਬੂਤ ਦੇਸ਼ ਹੈ ਤੇ ਉਸ ਨੇ ਚੀਨ ਦੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ, ਪਰ ਚੀਨ-ਭਾਰਤ ਵਪਾਰ ਵਿਚ ਇਹ ਦੁਸ਼ਮਣੀ ਕਦੇ ਆੜੇ ਨਹੀਂ ਆਈ। ਸਗੋਂ ਹਰ ਸਾਲ ਭਾਰਤ-ਚੀਨ ਵਪਾਰ ਵਧਦਾ ਹੀ ਜਾ ਰਿਹਾ ਹੈ। 2022 ਵਿਚ ਭਾਰਤ ਤੇ ਚੀਨ ਵਿਚਕਾਰ 135.98 ਅਰਬ ਅਮਰੀਕੀ ਡਾਲਰ ਦਾ ਵਪਾਰ ਹੋਇਆ, ਜਿਸ ਵਿਚ ਚੀਨ ਤੋਂ ਭਾਰਤ ਨੇ 118.5 ਅਰਬ ਡਾਲਰ ਦਾ ਸਾਮਾਨ ਮੰਗਵਾਇਆ ਅਤੇ ਸਿਰਫ਼ 17.48 ਅਰਬ ਡਾਲਰ ਦਾ ਸਾਮਾਨ ਹੀ ਚੀਨ ਨੂੰ ਭੇਜਿਆ। ਭਾਵੇਂ ਚੀਨ ਨਾਲ ਭਾਰਤ ਦਾ ਵਪਾਰ ਘਾਟਾ 101.02 ਅਰਬ ਡਾਲਰ ਦਾ ਹੋ ਗਿਆ ਹੈ। ਜੋ ਸਿਰਫ਼ ਇਕ ਸਾਲ ਪਹਿਲਾਂ 69.38 ਅਰਬ ਡਾਲਰ ਸੀ। ਭਾਵ ਸਾਫ਼ ਹੈ ਕਿ ਦੁਸ਼ਮਣੀ ਆਪਣੀ ਜਗ੍ਹਾ ਤੇ ਦੇਸ਼ ਦੇ ਵਪਾਰਕ ਹਿਤ ਤੇ ਜ਼ਰੂਰਤਾਂ ਆਪਣੀ ਜਗ੍ਹਾ ਹਨ।

ਵੈਸੇ ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਇਸ 'ਜ਼ਹਿਰ' ਭੇਜਣ ਵਾਲੇ ਪਾਕਿਸਤਾਨ ਨਾਲ ਭਾਰਤ ਦਾ ਵਪਾਰ ਇਸ ਵੇਲੇ ਬੰਦ ਨਹੀਂ ਹੈ, ਸਗੋਂ ਪਿਛਲੇ 2-3 ਸਾਲਾਂ ਤੋਂ ਇਹ 100 ਫ਼ੀਸਦੀ ਸਾਲਾਨਾ ਦੀ ਦਰ ਨਾਲ ਫਿਰ ਵਧ ਰਿਹਾ ਹੈ। ਬਸ ਇਹ ਪੰਜਾਬ ਦੀ ਸਰ-ਜ਼ਮੀਨ ਦੇ ਰਸਤੇ ਨਹੀਂ ਹੁੰਦਾ। ਜੋ ਅੰਕੜੇ ਅਸੀਂ ਪਾਠਕਾਂ ਨੂੰ ਦੱਸ ਰਹੇ ਹਾਂ ਉਹ ਕਿਸੇ ਤਰ੍ਹਾਂ ਦਾ ਅੰਦਾਜ਼ਾ ਨਹੀਂ ਹਨ, ਸਗੋਂ ਭਾਰਤ ਦੀ ਲੋਕ ਸਭਾ ਵਿਚ ਦੇਸ਼ ਦੀ ਵਪਾਰ ਤੇ ਸਨਅਤ ਰਾਜ ਮੰਤਰੀ ਅਨੁਪ੍ਰਿਆ ਪਟੇਲ ਨੇ ਦੱਸੇ ਹਨ। 2022 ਵਿਚ ਭਾਰਤ ਤੇ ਪਾਕਿਸਤਾਨ ਵਿਚ 1.35 ਬਿਲੀਅਨ ਡਾਲਰ ਜੋ ਭਾਰਤੀ ਰੁਪਏ ਵਿਚ 110 ਅਰਬ 65 ਕਰੋੜ ਤੋਂ ਵਧੇਰੇ ਬਣਦੇ ਹਨ, ਦਾ ਵਪਾਰ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਇਆ ਹੈ। ਪਾਕਿਸਤਾਨੀ ਰੁਪਏ ਵਿਚ ਇਹ ਰਕਮ 388 ਅਰਬ 63 ਕਰੋੜ ਰੁਪਏ ਬਣਦੀ ਹੈ। ਜ਼ਿਕਰਯੋਗ ਹੈ ਕਿ 2021 ਵਿਚ ਪਾਕਿਸਤਾਨ ਤੇ ਭਾਰਤ ਵਿਚਾਲੇ 576.36 ਮਿਲੀਅਨ ਡਾਲਰ ਭਾਵ 42 ਅਰਬ 33 ਕਰੋੜ ਰੁਪਏ ਦੇ ਕਰੀਬ ਦਾ ਵਪਾਰ ਹੋਇਆ ਸੀ ਤੇ 2020 ਵਿਚ ਇਹ ਸਿਰਫ਼ 329.26 ਮਿਲੀਅਨ ਡਾਲਰ ਭਾਵ ਭਾਰਤੀ ਰੁਪਏ ਵਿਚ 26 ਅਰਬ 98 ਕਰੋੜ ਰੁਪਏ ਦਾ ਹੀ ਸੀ।

ਹੁਣ ਸੋਚਣ ਵਾਲੀ ਗੱਲ ਹੈ ਕਿ ਜੇ ਭਾਰਤ ਦਾ ਵਪਾਰ ਪਾਕਿਸਤਾਨ ਨਾਲ ਜਾਰੀ ਹੈ ਤੇ ਉਹ ਸਮੁੰਦਰੀ ਜਾਂ ਹੋਰ ਬਦਲਵੇਂ ਰਸਤਿਆਂ ਰਾਹੀਂ ਕੀਤਾ ਜਾ ਰਿਹਾ ਹੈ, ਜੋ ਪੰਜਾਬ ਰਾਹੀਂ ਕਰਨ ਨਾਲੋਂ ਕਿਤੇ ਮਹਿੰਗਾ ਵੀ ਪੈਂਦਾ ਹੈ ਤਾਂ ਵੋਟਾਂ ਦੀ ਰਾਜਨੀਤੀ ਦੀ ਨਫ਼ਰਤ ਕਰਕੇ ਪੰਜਾਬ ਦਾ ਨੁਕਸਾਨ ਕਿਉਂ ਕੀਤਾ ਜਾ ਰਿਹਾ ਹੈ? ਜੇਕਰ ਭਾਰਤ ਪਾਕਿਸਤਾਨ ਦੀ ਸਰਹੱਦ ਵਪਾਰ ਲਈ ਖੁੱਲ੍ਹੇ ਤਾਂ ਪੰਜਾਬ ਦੀ ਕਪਾਹ, ਕਣਕ ਅਤੇ ਸਬਜ਼ੀਆਂ ਨੂੰ ਇਕ ਵੱਡੀ ਮੰਡੀ ਮਿਲਦੀ ਹੈ। ਫਿਰ ਪੰਜਾਬ ਦਾ ਚਾਵਲ ਜਾਂ ਹੋਰ ਸਾਮਾਨ ਹੀ ਨਹੀਂ ਸਗੋਂ ਭਾਰਤ ਦੇ ਬਹੁਤ ਵੱਡੇ ਹਿੱਸੇ ਦਾ ਵਪਾਰ ਵੀ ਪਾਕਿਸਤਾਨ ਦੇ ਜ਼ਮੀਨੀ ਰਸਤੇ ਅਫ਼ਗਾਨਿਸਤਾਨ, ਈਰਾਨ, ਯੂਰੇਸ਼ੀਆ ਦੇ ਦਰਜਨਾਂ ਮੁਲਕਾਂ ਤੋਂ ਮੱਧ ਪੂਰਬ ਤੱਕ ਹੋ ਸਕਦਾ ਹੈ। ਜਿਸ ਨਾਲ ਪੰਜਾਬ ਦੇ ਭਾਗ ਖੁੱਲ੍ਹ ਸਕਦੇ ਹਨ। ਜੇ ਇਹ ਸਾਰੇ ਦੇਸ਼ਾਂ ਦਾ ਵਪਾਰ ਪੰਜਾਬ ਦੀ ਧਰਤੀ ਰਾਹੀਂ ਹੋਵੇ ਤਾਂ ਕਿੰਨੇ ਰੁਜ਼ਗਾਰ ਦੇ ਮੌਕੇ ਬਣਨਗੇ ਅਤੇ ਪੰਜਾਬ ਦੀ ਆਰਥਿਕਤਾ ਨੂੰ ਕਿੰਨਾ ਹੁਲਾਰਾ ਮਿਲੇਗਾ। ਇਸ ਦਾ ਸ਼ਾਇਦ ਅੰਦਾਜ਼ਾ ਵੀ ਕੋਈ ਨਹੀਂ ਲਾ ਰਿਹਾ।

ਸਾਲ 2012 ਵਿਚ ਅਮਰੀਕੀ ਏਜੰਸੀ ਫ਼ਾਰ ਇੰਟਰਨੈਸ਼ਨਲ ਡਿਵੈਲਪਮੈਂਟ ਰਿਪੋਰਟ ਵਿਚ ਜ਼ਿਕਰ ਸੀ ਕਿ ਸਾਲ 1949 ਵਿਚ ਉਸ ਵੇਲੇ ਦੇ ਭਾਰਤੀ ਕੇਂਦਰੀ ਵਪਾਰ ਮੰਤਰੀ ਕੇ. ਸੀ. ਨਿਯੋਗੀ ਨੇ ਕਿਹਾ ਸੀ ਕਿ ਭਾਰਤ ਤੇ ਪਾਕਿਸਤਾਨ ਲਈ ਸੰਯੁਕਤ ਆਰਥਿਕ ਨੀਤੀ ਦਾ ਹੋਣਾ ਬੇਹੱਦ ਜ਼ਰੂਰੀ ਹੈ। ਇਸ ਨਾਲ ਦੋਵਾਂ ਦੇਸ਼ਾਂ ਨੂੰ ਤਰੱਕੀ ਦੇ ਰਾਹ 'ਤੇ ਅੱਗੇ ਵਧਣ ਵਿਚ ਸਹੂਲਤ ਹੋਵੇਗੀ। ਇਸ ਰਿਪੋਰਟ ਅਨੁਸਾਰ ਤਾਂ ਭਾਰਤ ਨੇ ਉਸ ਵੇਲੇ ਦੋਵਾਂ ਦੇਸ਼ਾਂ ਲਈ 'ਕਸਟਮ ਯੂਨੀਅਨ' ਬਣਾਉਣ ਦਾ ਤਰੀਕਾ ਵੀ ਤਲਾਸ਼ਣਾ ਸ਼ੁਰੂ ਕਰ ਦਿੱਤਾ ਸੀ ਪਰ ਭਾਰਤ-ਪਾਕਿ ਦੁਸ਼ਮਣੀ ਨੇ ਇਸ ਸੋਚ ਤੇ ਖਿਆਲ ਦਾ ਕਤਲ ਹੀ ਕਰ ਦਿੱਤਾ।

ਖ਼ੈਰ! ਸਾਡੀ ਪੰਜਾਬ ਦੇ ਮੁੱਖ ਮੰਤਰੀ ਸਮੇਤ ਸਾਰੀਆਂ ਰਾਜਸੀ ਪਾਰਟੀਆਂ ਤੋਂ ਇਲਾਵਾ ਬੁੱਧੀਜੀਵੀਆਂ, ਸਾਹਿਤਕਾਰਾਂ, ਗੀਤਕਾਰਾਂ, ਸਮਾਜਿਕ ਸੰਸਥਾਵਾਂ ਤੇ ਆਮ ਲੋਕਾਂ ਨੂੰ ਬੇਨਤੀ ਹੈ ਕਿ ਰਾਜਨੀਤਕ ਝਗੜੇ ਆਪਣੇ ਤੌਰ 'ਤੇ ਨਿਬੜਨ ਦਿਓ। ਸਰਹੱਦਾਂ ਦੀ ਰਾਖੀ ਜੰਮ-ਜੰਮ ਕਰੋ, ਸਰਹੱਦ ਪਾਰ ਤੋਂ ਭੇਜੇ ਜਾਣ ਵਾਲੇ ਨਸ਼ਿਆਂ ਤੇ ਹਥਿਆਰਾਂ ਦੀਆਂ ਖੇਪਾਂ ਨੂੰ ਰੋਕਣ ਲਈ ਜੋ ਮਰਜ਼ੀ ਪ੍ਰਬੰਧ ਕਰੋ ਪਰ ਪਾਕਿਸਤਾਨ ਨਾਲ ਵਪਾਰ ਜੋ ਹੋਰ ਰਸਤਿਆਂ ਰਾਹੀਂ ਕਰ ਹੀ ਰਹੇ ਹੋ, ਉਸ ਨੂੰ ਪੰਜਾਬ ਦੇ ਅਟਾਰੀ-ਵਾਹਗਾ ਅਤੇ ਫਿਰੋਜ਼ਪੁਰ ਹੁਸੈਨੀਵਾਲਾ ਸਰਹੱਦ ਜਿੱਥੋਂ ਰੇਲ ਸੰਪਰਕ ਸਿੱਧਾ ਕਸੂਰ ਤੇ ਲਾਹੌਰ ਨਾਲ ਜੁੜਿਆ ਹੋਇਆ ਸੀ, ਨੂੰ ਖੋਲ੍ਹਣ ਦਾ ਮੁੱਦਾ ਪੰਜਾਬ ਦਾ ਸਾਂਝਾ ਮੁੱਦਾ ਬਣਾਓ। ਇਹ ਕਿਸੇ ਸਿੱਖ ਜਾਂ ਹਿੰਦੂ ਲਈ ਹੀ ਨਹੀਂ ਸਮੁੱਚੇ ਪੰਜਾਬੀਆਂ ਅਤੇ ਦੇਸ਼ ਦੇ ਹਿਤ ਵਿਚ ਵੀ ਹੈ। ਪਾਕਿਸਤਾਨ ਨਾਲ ਵਪਾਰ ਚੀਨ ਵਾਂਗ ਵਪਾਰਕ ਘਾਟੇ ਦਾ ਵੀ ਕਾਰਨ ਨਹੀਂ, ਸਗੋਂ ਵਪਾਰਕ ਫ਼ਾਇਦੇ ਦਾ ਸੌਦਾ ਹੋਵੇਗਾ। ਉਦਾਹਰਨ ਵਜੋਂ 2019 ਵਿਚ ਭਾਰਤ ਨੇ ਪਾਕਿਸਤਾਨ ਨੂੰ 370 ਕਰੋੜ ਰੁਪਏ ਦਾ ਸਾਮਾਨ ਭੇਜਿਆ ਸੀ ਤੇ ਉਨੇ ਸਮੇਂ ਵਿਚ ਸਿਰਫ਼ 18 ਕਰੋੜ ਰੁਪਏ ਦਾ ਸਾਮਾਨ ਹੀ ਮੰਗਵਾਇਆ ਸੀ। ਫਿਰ ਇਹ ਵਪਾਰ ਸ਼ਾਂਤੀ ਅਤੇ ਖੁਸ਼ਹਾਲੀ ਦੇ ਕਈ ਹੋਰ ਦਰਵਾਜ਼ੇ ਖੋਲ੍ਹਣ ਦਾ ਕਾਰਨ ਵੀ ਬਣੇਗਾ।

**'ਅੰਧੇਰਾ ਮਿਟਤਾ ਨਹੀਂ ਮਿਟਾਨਾ ਪੜਤਾ ਹੈ ਬੁਝੇ ਚਿਰਾਗ਼ ਕੋ ਫਿਰ ਸੇ ਜਲਾਨਾ ਪੜਤਾ ਹੈ।'**

-0-

# ਅੰਗਰੇਜ਼ੀ ਰਾਜ ਵਿਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਹੱਕ ਜਦ ਪੰਜਾਬੀਆਂ ਨੇ ਹੀ ਮਾਰਿਆ

## ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਸਰਕਾਰੀ ਭਾਸ਼ਾ ਪੰਜਾਬੀ ਨਹੀਂ ਸੀ ਬਲਕਿ ਫ਼ਾਰਸੀ ਵਰਤੀ ਜਾਂਦੀ ਸੀ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਸਰਕਾਰੀ ਭਾਸ਼ਾ ਪੰਜਾਬੀ ਨਹੀਂ ਸੀ ਬਲਕਿ ਫ਼ਾਰਸੀ ਵਰਤੀ ਜਾਂਦੀ ਸੀ। ਦਫ਼ਤਰੀ ਕੰਮ ਲਈ ਫ਼ਾਰਸੀ ਲਾਗੂ ਸੀ ਪਰੰਤੂ ਬੋਲਚਾਲ ਦੀ ਭਾਸ਼ਾ ਪੰਜਾਬੀ ਸੀ। ਪੰਜਾਬੀ ਪੜ੍ਹਾਉਣ ਦਾ ਕੰਮ ਧਰਮਸ਼ਾਲਾ ਅਤੇ ਪਾਠਸ਼ਾਲਾ ਵਿਚ ਹੁੰਦਾ ਸੀ। ਅਰਬੀ, ਫ਼ਾਰਸੀ ਦੀ ਪੜ੍ਹਾਈ ਮਦਰੱਸੇ ਵਿਚ ਹੁੰਦੀ ਸੀ। ਹਿੰਦੀ ਅਤੇ ਸੰਸਕ੍ਰਿਤ ਦੀ ਪੜ੍ਹਾਈ ਦਾ ਵੀ ਪ੍ਰਬੰਧ ਚਾਟਸਾਲ ਜਾਂ ਪਾਠਸ਼ਾਲਾ ਵਿਚ ਕੀਤਾ ਜਾਂਦਾ ਸੀ। ਪਛਮੀ ਵਿਗਿਆਨ ਅਤੇ ਅੰਗਰੇਜ਼ੀ ਪੜ੍ਹਾਉਣ ਦਾ ਕੋਈ ਪ੍ਰਬੰਧ ਨਹੀਂ ਸੀ। ਜਦੋਂ 1849 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ ਤਾਂ ਅੰਗਰੇਜ਼ ਸਰਕਾਰ ਨੇ ਵਿਦਿਅਕ ਪਾਲਸੀ ਤਿਆਰ ਕੀਤੀ ਜਿਸ ਅਧੀਨ ਸਕੂਲੀ ਸਿਖਿਆ ਲਈ ਉਰਦੂ ਨੂੰ ਮਾਧਿਅਮ ਬਣਾਇਆ ਗਿਆ। 1851-52 ਦੀ ਸਰਕਾਰੀ ਰੀਪੋਰਟ ਵਿਚ ਦਸਿਆ ਗਿਆ ਹੈ ਕਿ, ''ਪੰਜਾਬੀ ਭਾਸ਼ਾ ਦੀ ਵਰਤੋਂ ਖ਼ਤਮ ਹੋਣ ਜਾ ਰਹੀ ਹੈ ਅਤੇ ਇਹ ਸੂਬੇ ਦੀ ਉਪ-ਬੋਲੀ ਬਣ ਕੇ ਇਕ ਗਵਾਰ ਭਾਸ਼ਾ ਹੀ ਰਹਿ ਜਾਵੇਗੀ ਜਦਕਿ ਉਰਦੂ ਅਮੀਰ ਅਤੇ ਮੱਧ ਵਰਗ ਦੇ ਲੋਕਾਂ ਵਿਚ ਪ੍ਰਵਾਨ ਚੜ੍ਹ ਰਿਹਾ ਹੈ।'' ਪੰਜਾਬੀ ਭਾਸ਼ਾ ਨਾਲ ਮਤਰੇਈ ਮਾਂ ਵਾਲਾ ਸਲੂਕ ਬਗਾਨਿਆਂ ਨੇ ਨਹੀਂ ਬਲਕਿ ਉਸ ਦੇ ਅਪਣੇ ਸਪੂਤਾਂ ਨੇ ਹੀ ਕੀਤਾ। ਅੰਗਰੇਜ਼ੀ ਸਰਕਾਰ ਨੇ ਅਪਣੀ ਵਿਦਿਅਕ ਪਾਲਸੀ ਦਾ ਪੁਨਰ-ਮੁਲਾਂਕਣ ਕਰਨ ਲਈ 1880 ਵਿਚ ਇਕ ਉੱਚ-ਪਧਰੀ ਕਮਿਸ਼ਨ ਕਾਇਮ ਕੀਤਾ ਜਿਸ ਦਾ ਮੁੱਦਾ ਸੀ ਕਿ ਹਰ ਸੂਬੇ ਵਿਚ ਸਿਖਿਆ ਦਾ ਮਾਧਿਅਮ ਨਿਰਧਾਰਤ ਕੀਤਾ ਜਾਵੇ। ਇਸ ਕਮਿਸ਼ਨ ਦਾ ਚੇਅਰਮੈਨ ਸਰ ਵਿਲੀਅਮ ਹੰਟਰ ਸੀ ਜਿਸ ਕਰ ਕੇ ਇਸ ਨੂੰ 'ਹੰਟਰ ਕਮਿਸ਼ਨ' ਕਿਹਾ ਜਾਂਦਾ ਹੈ।

1882 ਦੇ ਸ਼ੁਰੂ ਵਿਚ ਹੰਟਰ ਕਮਿਸ਼ਨ ਲਾਹੌਰ ਪਹੁੰਚ ਗਿਆ ਅਤੇ ਨੌਂ ਮਹੀਨੇ ਲਗਾਤਾਰ ਬੈਠਕਾਂ ਕਰ ਕੇ ਪੰਜਾਬ ਦੇ ਵਿਦਿਅਕ ਢਾਂਚੇ ਬਾਰੇ ਵਿਚਾਰਾਂ ਕੀਤੀਆਂ। ਪੰਜਾਬ ਵਿਚ ਇਕ ਹਜ਼ਾਰ ਦੇ ਕਰੀਬ ਪ੍ਰਾਇਮਰੀ ਤੇ ਹਾਈ ਸਕੂਲ ਸਥਾਪਤ ਸਨ। ਪਛਮੀ ਵਿਦਿਆ ਦੀ ਪੜ੍ਹਾਈ ਲਈ ਅੱਧੀ ਦਰਜਨ ਕਾਲਜ ਕਾਇਮ ਹੋ ਚੁੱਕੇ ਸਨ ਅਤੇ 1882 ਵਿਚ ਪੰਜਾਬ ਯੂਨੀਵਰਸਟੀ ਹੋਂਦ 'ਚ ਆਈ। ਇਸ ਕਮਿਸ਼ਨ ਸਾਹਮਣੇ ਸਾਰੇ ਵਿਦਿਅਕ ਅਦਾਰਿਆਂ ਦੇ ਮੁਖੀ, ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ, ਸਰਕਾਰੀ ਅਫ਼ਸਰ ਅਤੇ ਹਰ ਫਿਰਕੇ ਦੇ ਮੋਹਤਬਰ ਵਿਅਕਤੀ ਸੱਦੇ ਗਏ। ਕਮਿਸ਼ਨ ਦੇ ਮੈਂਬਰਾਂ ਨੂੰ ਪਤਾ ਸੀ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਹੀ ਬੋਲੀ ਜਾਂਦੀ ਹੈ ਅਤੇ ਇਸ ਦੇ ਹੱਕ ਵਿਚ ਲੋਕ ਭੁਗਤਣਗੇ। ਪਰੰਤੂ ਹੋਇਆ ਇਸ ਦੇ ਬਿਲਕੁਲ ਉਲਟ। ਸਰਕਾਰੀ ਅਫ਼ਸਰਾਂ ਨੇ ਤਾਂ ਉਰਦੂ ਦੇ ਹੱਕ ਵਿਚ ਗਵਾਹੀ ਦਿਤੀ ਕਿਉਂਕਿ ਉਨ੍ਹਾਂ ਦੀ ਟ੍ਰੇਨਿੰਗ ਅੰਗਰੇਜ਼ੀ ਅਤੇ ਉਰਦੂ ਵਿਚ ਹੋਈ ਸੀ ਜੋ ਬਾਕੀ ਸੂਬਿਆਂ ਤੋਂ ਲਿਆਂਦੇ ਗਏ ਸਨ।

ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਫਿਰਕਾ-ਪ੍ਰਸਤੀ ਤੋਂ ਉਪਰ ਉਠ ਚੁੱਕਾ ਸੀ। ਅੰਗਰੇਜ਼ਾਂ ਦੀ ਆਮਦ ਦੀ ਦੇਰ ਸੀ ਪੰਜਾਬ ਫ਼ਿਰਕਾ-ਪ੍ਰਸਤੀ ਵਿਚ ਉਲਝ ਗਿਆ। ਅੰਗਰੇਜਾਂ ਦੀ ਕੂਟਨੀਤੀ ਕਰਦੇ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਤੇ ਗਹਿਰਾ ਅਸਰ ਪਿਆ। ਕਮਿਸ਼ਨ ਸਾਹਮਣੇ ਪੰਜਾਬ ਦੇ ਲੋਕ 'ਪੰਜਾਬੀ' ਬਣ ਕੇ ਪੇਸ਼ ਨਹੀਂ ਹੋਏ ਸਗੋਂ ਪੰਜਾਬੀ ਹਿੰਦੂ, ਮੁਸਲਿਮ ਅਤੇ ਸਿੱਖ ਦੇ ਰੂਪ ਵਿਚ ਪੇਸ਼ ਹੋਏ। ਪੰਜਾਬ ਦਾ ਸਭ ਤੋਂ ਵੱਡਾ ਦੁਖਾਂਤ ਹੈ ਕਿ ਜ਼ਿਆਦਾ ਪੰਜਾਬੀ ਦੀ ਵਿਰੋਧਤਾ ਪੰਜਾਬ ਦੇ ਹਿੰਦੂਆਂ ਵਲੋਂ ਹੋਈ। ਹਰ ਸ਼ਹਿਰ ਵਿਚ ਪੰਜਾਬੀ ਭਾਸ਼ਾ ਦੇ ਵਿਰੋਧ ਲਈ ਕਮੇਟੀਆਂ ਬਣਾਈਆਂ ਗਈਆਂ। ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਦੇ ਦਸਤਖ਼ਤ ਕਰਵਾ ਕੇ ਕਮਿਸ਼ਨ ਨੂੰ ਮੈਮੋਰੈਂਡਮ ਪੇਸ਼ ਕੀਤਾ ਗਿਆ ਕਿ ਪੰਜਾਬ ਦੇ ਸਕੂਲਾਂ ਵਿਚ ਸਿਖਿਆ ਦਾ ਮਾਧਿਅਮ ਪੰਜਾਬੀ ਅਤੇ ਉਰਦੂ ਦੀ ਬਜਾਏ **ਹਿੰਦੀ ਭਾਸ਼ਾ ਹੋਣੀ ਚਾਹੀਦੀ ਹੈ।**

ਇਸ ਮੁਹਿਮ ਵਿਚ ਸਭ ਤੋਂ ਮੋਹਰੀ ਜ਼ਿਲ੍ਹੇ ਦਿੱਲੀ, ਅੰਮ੍ਰਿਤਸਰ, ਰੋਹਤਕ ਅਤੇ ਲੁਧਿਆਣਾ ਸਨ। ਦਿੱਲੀ ਪੰਜਾਬ ਵਿਚ ਹੀ ਸ਼ਾਮਲ ਸੀ। ਹਿੰਦੀ ਦੇ ਹੱਕ ਵਿਚ ਭੁਗਤੇ ਹਿੰਦੂਆਂ ਦੀ ਦਲੀਲ ਬਹੁਤ ਹੀ ਹਾਸੋਹੀਣੀ ਸੀ। ਉਨ੍ਹਾਂ ਲਿਖਿਆ, ''ਪੰਜਾਬ ਵਿਚ ਬੋਲੀਆਂ ਜਾਂਦੀਆਂ ਉਪ-ਭਾਸ਼ਾਵਾਂ ਦੀ ਮਾਂ ਤਾਂ ਹਿੰਦੀ ਭਾਸ਼ਾ ਹੀ ਹੈ ਪਰੰਤੂ ਪੰਜਾਬ ਸੂਬੇ ਵਿਚ ਵਰਤੇ ਜਾਣ ਕਰ ਕੇ ਇਨ੍ਹਾਂ ਨੂੰ 'ਪੰਜਾਬੀ' ਦਾ ਨਾਮ ਦਿਤਾ ਗਿਆ ਹੈ ਜੋ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।''



ਹਾਲਾਂ ਕਿ ਇਹਨਾਂ ਨੂੰ ਕੌਣ ਸਮਝਾਵੇ ਕਿ ਭਾਰਤ ਵਿੱਚ ਹਿੰਦੀ ਬੋਲਣ ਵਾਲਾ ਕੋਈ ਖੇਤਰ ਹੀ ਨਹੀਂ ਹੈ। ਹਿੰਦੀ ਦੇ ਪੈਰੋਕਾਰਾਂ ਨੇ ਨਾ ਸਿਰਫ਼ ਪੰਜਾਬੀ ਭਾਸ਼ਾ ਨੂੰ ਨਕਾਰਿਆ ਬਲਕਿ ਇਸ ਲਈ ਵਰਤੀ ਜਾਂਦੀ ਗੁਰਮੁਖੀ ਲਿਪੀ ਨੂੰ ਵੀ ਬੁਰੀ ਤਰ੍ਹਾਂ ਭੰਡਿਆ। ਉਨ੍ਹਾਂ ਦੀ ਦਲੀਲ ਸੀ, ''ਪੰਜਾਬੀ ਦਾ ਅਪਣਾ ਕੋਈ ਸਾਹਿਤ ਨਹੀਂ। ਜਿਸ ਨੂੰ ਪੰਜਾਬੀ ਭਾਸ਼ਾ ਦਾ ਸਾਹਿਤ ਕਿਹਾ ਜਾਂਦਾ ਹੈ, ਉਹ ਕੇਵਲ ਕੁੱਝ ਹਿੰਦੀ ਪੁਸਤਕਾਂ ਹੀ ਹਨ ਜੋ ਗੁਰਮੁਖੀ ਲਿਪੀ ਵਿਚ ਲਿਖੀਆਂ ਗਈਆਂ ਹਨ। ਪੰਜਾਬੀ ਦਾ ਅਪਣਾ ਕੋਈ ਵਜੂਦ ਨਹੀਂ ਹੈ, ਨਾ ਹੀ ਕੋਈ ਆਜ਼ਾਦ ਹੋਂਦ ਤੇ ਹਸਤੀ। ਗੁਰਮੁਖੀ ਲਿਪੀ ਤਾਂ ਕੇਵਲ ਸਿੱਖਾਂ ਲਈ ਹੈ। ਗੁਰੂ

ਗ੍ਰੰਥ ਸਾਹਿਬ ਦੀ ਭਾਸ਼ਾ ਤਾਂ ਹਿੰਦੀ ਹੈ ਪਰੰਤੂ ਇਹ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ ਹੈ।''

**ਉਰਦੂ ਦੇ ਪੈਰੋਕਾਰ :** ਪੰਜਾਬ ਦੇ ਸਕੂਲਾਂ ਵਿਚ ਸਿਖਿਆ ਦਾ ਮਾਧਿਅਮ ਉਰਦੂ ਚੱਲ ਰਿਹਾ ਸੀ। 1861 ਦੀ ਜਨਗਣਨਾ ਦੇ ਸਿੱਟੇ ਦਸਦੇ ਹਨ ਕਿ ਪੰਜਾਬ 'ਚ ਮੁਸਲਿਮ ਆਬਾਦੀ 56%, ਹਿੰਦੂ 38% ਅਤੇ ਸਿੱਖ ਕੁਲ ਆਬਾਦੀ ਦਾ 6% ਸਨ। ਮੁਸਲਿਮ ਆਬਾਦੀ ਵਧੇਰੇ ਹੋਣ ਕਰ ਕੇ ਉਰਦੂ ਦਾ ਪੱਖ ਮਜ਼ਬੂਤ ਸੀ। ਅੰਜੂਮਾਨੇ-ਪੰਜਾਬ ਪੜ੍ਹੇ ਲਿਖਿਆਂ ਦੀ ਜਮਾਤ ਸੀ ਜਿਸ ਦੇ ਬਹੁਤੇ ਮੈਂਬਰ ਪੰਜਾਬ ਯੂਨੀਵਰਸਟੀ ਕਾਲਜ ਲਾਹੌਰ ਦੇ ਨੁਮਾਇੰਦੇ ਸਨ। ਭਾਸ਼ਾ ਦੇ ਸਵਾਲ ਉਪਰ ਇਹ ਫਿਰਕਾ-ਪ੍ਰਸਤੀ ਦਾ ਸ਼ਿਕਾਰ ਹੋ ਨਿਬੜੇ ਅਤੇ ਹਿੰਦੂ ਹਿੰਦੀ ਦੇ ਪੱਖ ਵਿਚ ਭੁਗਤੇ। ਇਨ੍ਹਾਂ ਦੇ ਨੁੰਮਾਇੰਦਿਆਂ ਵਿਚੋਂ ਪ੍ਰੋ. ਗੁਰਮੁਖ ਸਿੰਘ ਨੇ ਪੰਜਾਬੀ ਦੇ ਹੱਕ 'ਚ ਬਿਆਨ ਦਰਜ ਕਰਵਾਇਆ, ਸਈਦ ਹੁਸੈਨ ਅਤੇ ਸਈਦ ਅਮੀਰ ਸ਼ਾਹ ਉਰਦੂ ਦੇ ਹੱਕ ਵਿਚ ਭੁਗਤੇ ਅਤੇ ਅਮਰਨਾਥ ਤੇ ਈਸ਼ਰ ਪ੍ਰਸ਼ਾਦ ਨੇ ਹਿੰਦੀ ਭਾਸ਼ਾ ਦਾ ਦਾ ਪੱਖ ਪੂਰਿਆ। ਲਾਹੌਰ ਦੇ ਸ਼ਹਿਰੀਆਂ ਜਿਨ੍ਹਾਂ ਵਿਚ ਸਾਰੇ ਫਿਰਕੇ ਸ਼ਾਮਲ ਸਨ, ਨੇ ਉਰਦੂ ਦੇ ਹੱਕ 'ਚ 3906 ਦਸਤਖ਼ਤ ਕਰਵਾ ਕੇ ਅਰਜ਼ੀ ਪੇਸ਼ ਕੀਤੀ। ਇਹ ਲੋਕ ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਦੀ ਵਿਰੋਧਤਾ ਕਰਦੇ ਸਨ ਜੋ ਬੰਗਾਲੀਆਂ ਦੀ ਸ਼ਹਿ 'ਤੇ ਹਿੰਦੀ ਦਾ ਪੱਖ ਪੂਰਦੇ ਸਨ। ਇਨ੍ਹਾਂ ਦੀ ਰਾਏ ਸੀ,"ਜਦੋਂ ਕੋਈ ਪੰਜਾਬੀ ਨੌਜਵਾਨ ਅਪਣੇ ਸੁਹਿਰਦ ਖ਼ਿਆਲਾਂ ਦਾ ਪ੍ਰਗਟਾਵਾ ਕਰਨਾ ਲੋਚਦਾ ਹੈ ਤਾਂ ਉਹ ਹਮੇਸ਼ਾ ਉਰਦੂ ਭਾਸ਼ਾ ਦਾ ਹੀ ਸਹਾਰਾ ਲੈਂਦਾ ਹੈ"

ਕਮਿਸ਼ਨ ਨੇ ਉਚੇਚੇ ਤੌਰ 'ਤੇ ਓਰੀਐਂਟਲ ਕਾਲਜ ਲਾਹੌਰ ਦੇ ਮੌਲਵੀ ਫ਼ਜ਼ਲ-ਉਲ-ਹਸਨ ਅਤੇ ਕਪੂਰਥਲਾ ਰਿਆਸਤ ਦੇ ਕੰਵਰ ਬਿਕਰਮ ਸਿੰਘ ਬਹਾਦਰ ਆਹਲੂਵਾਲੀਆ ਨੂੰ ਵੀ ਬਿਆਨ ਦੇਣ ਲਈ ਬੁਲਾਇਆ। ਇਹ ਦੋਵੇਂ ਸੱਜਣ ਉਰਦੂ ਭਾਸ਼ਾ ਦੇ ਹੱਕ ਵਿਚ ਪੇਸ਼ ਹੋਏ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦੇ ਪੈਰੋਕਾਰ : ਸਿੱਖਾਂ ਦੀ ਆਬਾਦੀ ਕੇਵਲ 6% ਸੀ ਅਤੇ ਉਹ ਪੰਜਾਬੀ ਭਾਸ਼ਾ ਅਤੇ ਇਸ ਦੀ ਗੁਰਮੁਖੀ ਲਿਪੀ ਦੀ ਵਕਾਲਤ ਕਰਦੇ ਸਨ। ਇਕ ਅਗੱਸਤ 1882 ਨੂੰ ਸਿੰਘ ਸਭਾ ਲਾਹੌਰ ਨੇ ਕਮਿਸ਼ਨ ਅੱਗੇ ਅਪਣਾ ਮੈਮੋਰੈਂਡਮ ਪੇਸ਼ ਕੀਤਾ ਜਿਸ ਵਿਚ ਪੰਜਾਬੀ ਭਾਸ਼ਾ ਨੂੰ ਸੂਬਾ ਪਧਰ 'ਤੇ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਗਈ। ਉਨ੍ਹਾਂ ਦੀ ਰਾਏ ਸੀ, "ਪੰਜਾਬੀ, ਉਰਦੂ ਅਤੇ ਹਿੰਦੀ ਦੋਹਾਂ ਤੋਂ ਨਿਵੇਕਲੀ ਅਤੇ ਸੌਖੀ ਭਾਸ਼ਾ ਹੈ। ਇਸ ਦੀ ਗੁਰਮੁਖੀ ਲਿਪੀ ਦੇਵਨਗਾਰੀ ਦੇ ਮੁਕਾਬਲੇ ਬਹੁਤ ਹੀ ਸਰਲ ਹੈ ਅਤੇ ਲਿਖਣ ਵਿਚ ਆਸਾਨ ਹੈ। "

ਪੰਜਾਬੀ ਦੇ ਹੱਕ ਵਿਚ ਭੁਗਤਣ ਵਾਲੇ ਕੁੱਝ ਮਹਾਨ ਸਿੱਖਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਬਾਬਾ ਖੇਮ ਸਿੰਘ ਬੇਦੀ ਨੂੰ ਵੀ ਕਮਿਸ਼ਨ ਵਲੋਂ ਬੁਲਾਇਆ ਗਿਆ। ਉਨ੍ਹਾਂ ਨੇ ਬਹੁਤ ਹੀ ਤਕੜੀ ਵਕਾਲਤ ਕੀਤੀ ਅਤੇ ਕਿਹਾ, ''ਪੰਜਾਬੀ ਸਾਰੇ ਪੰਜਾਬ ਵਿਚ ਬੋਲੀ ਅਤੇ ਸਮਝੀ ਜਾਂਦੀ ਹੈ ਜਿਸ ਕਰ ਕੇ ਮੁਢਲੀ ਸਿਖਿਆ ਦਾ ਮਾਧਿਅਮ ਪੰਜਾਬੀ ਹੋਣਾ ਲਾਜ਼ਮੀ ਹੈ।'' ਉਰਦੂ ਤੇ ਹਿੰਦੀ ਉਪਰ ਕਟਾਖਸ਼ ਕਰਦਿਆਂ ਬੇਦੀ ਜੀ ਨੇ ਕਿਹਾ ਕਿ ਪੰਜਾਬੀਆਂ ਦੀ ਹਾਲਤ ਉਪਰ ਇਹ ਅਖਾਣ ਢੁਕਦਾ ਹੈ, ''ਪੜ੍ਹੇ ਫ਼ਾਰਸੀ ਵੇਚੇ ਤੇਲ, ਇਹ ਦੇਖੋ ਕਰਮੋਂ ਕे ਖੇਲ''। ਸ. ਅਤਰ ਸਿੰਘ ਭਦੌੜੀਆਂ ਨੇ ਕਮਿਸ਼ਨ ਨੂੰ ਦਸਿਆ ਕਿ ਭਦੌੜ ਹਾਊਸ ਲਾਇਬ੍ਰੇਰੀ ਵਿਚ 1500 ਪੰਜਾਬੀ ਦੀਆਂ ਪੁਸਤਕਾਂ ਮੌਜੂਦ ਹਨ ਜੋ ਹਰ ਵਿਸ਼ੇ, ਰਾਗ ਵਿਦਿਆ ਤੋਂ ਲੈ ਕੇ ਵਿਗਿਆਨ ਤਕ, ਬਾਰੇ ਰੌਸ਼ਨੀ ਪਾਉਂਦੀਆਂ ਹਨ। ਅਤਰ ਸਿੰਘ ਦੀ ਰਾਏ ਸੀ ਕਿ ਪੰਜਾਬੀ ਭਾਸ਼ਾ ਮੁਢਲੀ ਸਿਖਿਆ ਲਈ ਸਭ ਤੋਂ ਸਰਲ ਅਤੇ ਸਸਤਾ ਤਰੀਕਾ ਹੋਵੇਗਾ। ਹਰ ਬੱਚੇ ਲਈ ਅਪਣੀ ਮਾਤ ਭਾਸ਼ਾ ਸਿਖਣੀ ਜ਼ਰੂਰੀ ਹੈ ਅਤੇ ਬਾਅਦ ਵਿਚ ਹੋਰ ਭਾਸ਼ਾਵਾਂ ਵੀ ਸਿਖੀਆਂ ਜਾ ਸਕਦੀਆਂ ਹਨ।

ਕਮਿਸ਼ਨ ਨੇ ਸ. ਦਿਆਲ ਸਿੰਘ ਮਜੀਠੀਆ ਨੂੰ ਉਚੇਚੇ ਤੌਰ 'ਤੇ ਸੱਦਾ ਭੇਜਿਆ। ਉਸ ਨੇ ਸਾਰੇ ਦਸਤਾਵੇਜ਼ਾਂ ਦਾ ਮੁਆਇਨਾ ਕਰ ਕੇ ਇਕ ਰੀਪੋਰਟ ਤਿਆਰ ਕੀਤੀ। ਪਹਿਲਾਂ ਉਰਦੂ ਦੇ ਗੁਣ-ਅਉਗੁਣਾਂ ਦੀ ਤਫ਼ਸੀਲ ਪੇਸ਼ ਕੀਤੀ ਪਰੰਤੂ ਅੰਤ ਫ਼ੈਸਲਾ ਹਿੰਦੀ ਭਾਸ਼ਾ ਦੇ ਹੱਕ 'ਚ ਦਿਤਾ। ਦਿਆਲ ਸਿੰਘ ਮਜੀਠੀਆ ਸਿੱਖਾਂ ਵਿਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਮੰਨਿਆ ਜਾਂਦਾ ਸੀ ਤੇ ਕਮਿਸ਼ਨ ਨੇ ਉਚੇਚਾ ਸੱਦਾ ਭੇਜ ਕੇ ਬੁਲਾਇਆ ਸੀ। ਹੈਰਾਨੀ ਦੀ ਗੱਲ ਹੈ ਕਿ ਉਸ ਨੇ ਪੰਜਾਬੀ ਭਾਸ਼ਾ ਦੀ ਹਮਾਇਤ ਵਿਚ ਇਕ ਸ਼ਬਦ ਵੀ ਨਾ ਲਿਖਿਆ। ਉਸ ਨੇ ਅਪਣੀ ਸਾਰੀ ਜਾਇਦਾਦ 'ਦਿਆਲ ਸਿੰਘ ਟਰੱਸਟ' ਦੇ ਹਵਾਲੇ ਕਰ ਦਿਤੀ ਜੋ ਬਾਅਦ 'ਚ ਟ੍ਰੀਬਿਊਨ, ਦਿਆਲ ਸਿੰਘ ਲਾਇਬਰੇਰੀ ਅਤੇ ਕਾਲਜ ਚਾਲੂ ਕਰਨ ਲਈ ਵਰਤੀ ਗਈ। ਉਹ ਅਪਣੇ ਆਪ ਨੂੰ ਬ੍ਰਹਮੋ ਸਮਾਜ ਦਾ ਕਾਰਕੁਨ ਸਮਝਣ ਲੱਗ ਪਿਆ ਸੀ ਅਤੇ ਸਿੱਖੀ ਤੋਂ ਦੂਰ ਜਾ ਚੁੱਕਾ ਸੀ। ਉਸ ਨੂੰ ਅੰਗਰੇਜ਼ੀ ਸਰਕਾਰ ਦੀ ਸਰਪ੍ਰਸਤੀ ਹਾਸਲ ਸੀ ਭਾਵੇਂ ਉਹ ਢੋਂਗ ਦੇਸ਼-ਭਗਤ ਹੋਣ ਦਾ ਵੀ ਕਰਦਾ ਸੀ।

ਕਮਿਸ਼ਨ ਸਾਹਮਣੇ ਸਰਕਾਰੀ ਅਫ਼ਸਰ ਅਤੇ ਵਿਦਿਅਕ ਮਹਿਕਮੇ ਦੇ ਅੰਗਰੇਜ਼ ਮੁਲਾਜ਼ਮ ਵੀ ਪੇਸ਼ ਹੋਏ। ਗੌਰਮਿੰਟ ਕਾਲਜ ਲਾਹੌਰ ਦਾ ਪ੍ਰਿੰਸੀਪਲ ਡਾਕਟਰ ਲਾਈਟਨਰ ਮਾਤ ਭਾਸ਼ਾ ਦੇ ਹੱਕ 'ਚ ਸੀ। ਉਹ ਓਰੀਐਂਟਲ ਸਕਾਲਰ ਦੇ ਤੌਰ 'ਤੇ ਅਪਣੀ ਧਾਕ ਸਾਰੇ ਯੂਰਪ ਵਿਚ ਮਨਵਾ ਚੁੱਕਾ ਸੀ। ਉਸ ਨੇ ਹਿੰਦੀ ਦੇ ਹੱਕ 'ਚ ਪੇਸ਼ ਕੀਤੀਆਂ ਰਾਵਾਂ ਦਾ ਖੰਡਨ ਕੀਤਾ। ਉਸ ਨੇ ਇਸ ਗੁੰਝਲਦਾਰ ਸਮੱਸਿਆ ਦਾ ਸੌਖਾ ਹੱਲ ਵੀ ਦਸਿਆ, ''ਹਿੰਦੂਆਂ ਨੂੰ ਹਿੰਦੀ ਤੇ ਸੰਸਕ੍ਰਿਤ ਪੜ੍ਹਾਉਣ ਲਈ ਪੰਡਿਤ, ਮੁਸਲਮਾਨਾਂ ਨੂੰ ਅਰਬੀ ਅਤੇ ਫ਼ਾਰਸੀ ਲਈ ਮੌਲਵੀ ਅਤੇ ਸਿੱਖਾਂ ਨੂੰ ਪੰਜਾਬੀ ਪੜ੍ਹਾਉਣ ਲਈ 'ਭਾਈ' ਰਖਣੇ ਚਾਹੀਦੇ ਹਨ।'' **ਮਿਸ ਰੋਜ਼ ਲੁਧਿਆਣੇ ਜ਼ਿਲ੍ਹੇ ਦੀ ਸਕੂਲ ਇੰਸਪੈਕਟਰ ਸੀ। ਉਸ ਦੀ ਰਾਏ ਪੰਜਾਬੀ ਦੇ ਹੱਕ ਵਿਚ ਸੀ। ਪ੍ਰਾਇਮਰੀ ਸਕੂਲਾਂ ਦੇ ਤਜਰਬੇ ਤੋਂ ਉਸ ਨੇ ਕਮਿਸ਼ਨ ਨੂੰ ਦਸਿਆ : ''ਮੁਢਲੀ ਸਿਖਿਆ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਵਿਚ ਦੇਣੀ ਚਾਹੀਦੀ ਹੈ ਤਾ ਕਿ ਬੱਚਿਆਂ ਦੀ ਮਾਨਸਿਕ ਅਤੇ ਬੌਧਿਕ ਤਰੱਕੀ ਠੀਕ ਤਰ੍ਹਾਂ ਹੋਵੇ। ਹਿੰਦੀ ਅਤੇ ਉਰਦੂ ਪ੍ਰਾਇਮਰੀ ਤੋਂ ਬਾਅਦ ਲਾਗੂ ਹੋਣ ਤਾਂ ਚੰਗਾ ਰਹੇਗਾ।** ਸਾਲ ਭਰ ਦੀ ਮਿਹਨਤ ਤੋਂ ਬਾਅਦ ਹੰਟਰ ਕਮਿਸ਼ਨ ਨੇ ਪੰਜਾਬ ਦੇ ਕੇਸ ਨੂੰ ਭਾਰਤ ਦਾ ਸਭ ਤੋਂ ਗੁੰਝਲਦਾਰ ਮਸਲਾ ਦਸਿਆ। ਜਦਕਿ ਇਹ ਹੈ ਨਹੀਂ ਸੀ ਸਗੋਂ ਬਣਾਇਆ ਗਿਆ ਸੀ। ਉਰਦੂ ਨੂੰ ਸਿਖਿਆ ਦਾ ਮਾਧਿਅਮ ਚਾਲੂ ਰੱਖਣ ਦੀ ਸਿਫ਼ਾਰਸ਼ ਕਰ ਕੇ ਪੰਜਾਬੀ ਭਾਸ਼ਾ ਨੂੰ ਖੂੰਜੇ ਲਾ ਦਿਤਾ ਜਿਸ ਦੇ ਨਤੀਜੇ ਅੱਜ ਤਕ ਅਸੀ ਭੁਗਤ ਰਹੇ ਹਾਂ।

ਰੋਜ਼ਾਨਾ 'ਅਜੀਤ' ਤੋਂ ਧੰਨਵਾਦ ਸਹਿਤ

**ਸੰਪਾਦਕੀ: ਸਫਾ 6 ਦਾ ਬਾਕੀ**

ਦਲ ਬਾਦਲ ਨੂੰ ਮੁੜ ਸਤਾ ਵਿਚ ਲਿਆਉਣੁ ਲਈ ਕੀਤੀ ਜਾ ਰਹੀ ਹੈ। ਜੱਥੇਦਾਰ ਜੀ ਇਤਿਹਾਸ ਕਦੇ ਕਿਸੇ ਨੂੰ ਮੁਆਫ਼ ਨਹੀਂ ਕਰਦਾ, ਤੁਸੀ ਚਾਹੁੰਦੇ ਹੋ ਕਿ ਇਤਿਹਾਸ ਵਿਚ ਮੇਰਾ ਵੀ ਨਾਂ ਰਹੇ ਤਾਂ ਇਮਾਨਦਾਰੀ ਨਾਲ ਨਿਰਣਾ ਕਰੋ ਕਿ ਪੰਥ ਦੇ ਅਸਲ ਦੋਸ਼ੀ ਕੌਣ ਹਨ? ਜੇ ਤੁਸੀਂ ਉਨ੍ਹਾਂ ਨੂੰ ਲਲਕਾਰਨ ਦਾ ਯਤਨ ਕਰੋਗੇ ਤਾਂ ਨਿਸਚੇ ਹੀ ਸਾਰੀ ਕੌਮ ਤੁਹਾਨੂੰ ਸਾਥ ਦੇਵੇਗੀ।

ਕਲ ਤਲਕ ਜੋਬਨ ਜਿਨ੍ਹਾਂ ਦਾ
ਤੇਗ 'ਤੇ ਨਚਦਾ ਰਿਹਾ,
ਅੱਜ ਉਨ੍ਹਾਂ ਸ਼ੇਰਾਂ ਨੂੰ
ਪਿੰਜਰੇ ਪਾ ਲਿਐ ਸ਼ਿਕਾਰੀਆਂ।
ਦਰੋਪਤੀ ਵਾਂਗ ਅਣਖ
ਲਾਚਾਰ ਹੋ ਕੇ ਬਹਿ ਗਈ,
ਹਾਰ ਦਿੱਤੀ ਪਾਂਡੂਆਂ
ਵਾਂਗ ਇਨ੍ਹਾਂ ਜੁਆਰੀਆਂ।
ਨਿੱਤ ਨਵੇਂ ਸੂਰਜ ਦੀਆਂ
ਕਿਰਨਾਂ ਨੇ ਤਾਹਨੇ ਦੇਂਦੀਆਂ,
ਖ਼ੂਬ ਚਮਕਾਇਆ ਏ
ਤੇਰਾ ਨਾਂ ਤੇਰੇ ਪੁਜਾਰੀਆਂ।
ਦੁਸ਼ਮਣਾਂ 'ਤੇ ਕੀ ਗਿਲਾ ਈ,
ਪਾਤਸ਼ਾਹਾਂ ਦੇ ਪਾਤਸ਼ਾਹ,
ਵੇਚ ਦਿੱਤੀਆਂ ਤੇਰੇ ਸਰਦਾਰਾਂ ਨੇ
ਖ਼ੁਦ ਸਰਦਾਰੀਆਂ।

ਪ੍ਰੀਤਮ ਸਿੰਘ 'ਕਾਸਦ'




# ਬਿਜਲਈ ਮੱਛੀਆਂ ਦਾ ਗਜ਼ਬ ਸੰਸਾਰ

–ਸੁਖਮੰਦਰ ਸਿੰਘ ਤੂਰ

ਬੱਚਿਓ! ਬਿਜਲਈ ਮੱਛੀਆਂ ਉਹ ਮੱਛੀਆਂ ਹੁੰਦੀਆਂ ਹਨ, ਜੋ ਆਪਣੇ ਸਰੀਰ ਦੇ ਅੰਦਰੋਂ ਹੀ ਬਿਜਲੀ ਪੈਦਾ ਕਰ ਸਕਦੀਆਂ ਹਨ। ਉਨ੍ਹਾਂ ਦੇ ਸਰੀਰ ਅੰਦਰਲੇ ਬਿਜਲੀ ਪੈਦਾ ਕਰਨ ਵਾਲੇ ਅੰਗ ਨੂੰ 'ਇਲੈਕਟ੍ਰਿਕ ਆਰਗਨ' ਭਾਵ ਬਿਜਲਈ ਅੰਗ ਕਿਹਾ ਜਾਂਦਾ ਹੈ। ਬਿਜਲਈ ਅੰਗ ਸਰੀਰ ਵਿਚਲੇ ਪੱਠਿਆਂ ਭਾਵ ਮਾਸ ਪੇਸ਼ੀਆਂ ਜਾਂ ਨਾੜੀ ਸੈੱਲਾਂ ਤੋਂ ਹੀ ਬਣੇ ਹੁੰਦੇ ਹਨ ਪਰ ਇਨ੍ਹਾਂ ਦੀ ਖਾਸੀਅਤ ਇਹ ਹੈ ਕਿ ਇਨ੍ਹਾਂ ਵਿਚ ਬਿਜਲੀ ਪੈਦਾ ਕਰਨ ਦੇ ਵਿਸ਼ੇਸ਼ ਗੁਣ ਪੈਦਾ ਹੋ ਜਾਂਦੇ ਹਨ। ਮੱਛੀਆਂ ਵਲੋਂ ਪੈਦਾ ਕੀਤੀ ਗਈ ਇਸ ਬਿਜਲੀ ਦੀ ਵਰਤੋਂ ਉਹ ਅਨੇਕਾਂ ਕੰਮਾਂ ਲਈ ਕਰਦੀਆਂ ਹਨ ਜਿਵੇਂ ਆਪਣੇ ਸ਼ਿਕਾਰ ਦਾ ਪਤਾ ਲਗਾਉਣਾ, ਆਪਣੇ ਸ਼ਿਕਾਰੀ ਦੁਸ਼ਮਣ ਨੂੰ ਬਿਜਲੀ ਦਾ ਝਟਕਾ ਲਗਾ ਕੇ ਆਪਣੇ ਤੋਂ ਦੂਰ ਹਟਾਉਣਾ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਬਿਜਲਈ ਸੰਕੇਤ ਦੇ ਕੇ ਇਕ ਥਾਂ ਇਕੱਠੇ ਕਰਨਾ ਆਦਿ। ਮੱਛੀਆਂ ਦੀਆਂ ਕੁਝ ਕਿਸਮਾਂ ਬਿਜਲੀ ਦੀ ਥੋੜ੍ਹੀ ਮਾਤਰਾ ਪੈਦਾ ਕਰਦੀਆਂ ਹਨ, ਕੁਝ ਦੂਸਰੀਆਂ ਵੱਧ ਮਾਤਰਾ ਪੈਦਾ ਕਰਦੀਆਂ ਹਨ। ਘੱਟ ਬਿਜਲੀ ਪੈਦਾ ਕਰਨ ਵਾਲੀਆਂ ਮੱਛੀਆਂ ਵਲੋਂ ਇਸ ਦੀ ਵਰਤੋਂ ਆਲੇ-ਦੁਆਲੇ ਦੀਆਂ ਵਸਤਾਂ ਦਾ ਪਤਾ ਲਗਾਉਣ ਵਾਸਤੇ ਕੀਤੀ ਜਾਂਦੀ ਹੈ, ਜਦ ਕਿ ਵੱਧ ਬਿਜਲੀ ਪੈਦਾ ਕਰਨ ਵਾਲੀਆਂ ਮੱਛੀਆਂ ਵਲੋਂ ਇਸ ਦੀ ਵਰਤੋਂ ਆਪਣੇ ਸ਼ਿਕਾਰ ਨੂੰ ਮਾਰਨ ਅਤੇ ਆਪਣਾ ਬਚਾਅ ਕਰਨ ਲਈ ਵੀ ਕੀਤੀ ਜਾਂਦੀ ਹੈ। ਅਸਚਰਜ ਲਗਦਾ ਹੈ ਪਰ ਇਹ ਇਕ ਸਚਾਈ ਹੈ ਕਿ ਅਜਿਹੀਆਂ ਮੱਛੀਆਂ ਆਪਣੇ ਬਿਜਲਈ ਝਟਕੇ ਨਾਲ ਮਗਰਮੱਛ ਵਰਗੇ ਖ਼ਤਰਨਾਕ ਜੀਵ ਨੂੰ ਵੀ ਮਾਰ ਸਕਦੀਆਂ ਹਨ। ਭੂ-ਮੱਧ ਸਾਗਰ ਵਿਚ ਮਿਲਣ ਵਾਲੀ ਟਾਰਪੀਡੋ ਮੱਛੀ 200 ਵੋਲਟ ਕਰੰਟ ਦੇ ਝਟਕੇ ਨਾਲ ਆਪਣੇ ਸ਼ਿਕਾਰ ਨੂੰ ਮਾਰ ਮੁਕਾਉਣ ਦੀ ਤਾਕਤ ਰੱਖਦੀ ਹੈ ਜਦ ਕਿ ਪੱਛਮੀ ਅਫ਼ਰੀਕਾ ਦੇ ਦਰਿਆਵਾਂ ਵਿਚ ਰਹਿਣ ਵਾਲੀ 'ਇਲੈਕਟ੍ਰਿਕ ਕੈਟ ਫਿਸ਼' 400 ਵੋਲਟ ਤੱਕ ਦਾ ਝਟਕਾ ਦੇ ਸਕਦੀ ਹੈ। ਮੱਛੀਆਂ ਵਿਚ ਬਿਜਲੀ ਪੈਦਾ ਕਰਨ ਵਾਲੇ 'ਬਿਜਲਈ ਅੰਗ' ਮੱਛੀਆਂ ਦੀਆਂ ਵੱਖ-ਵੱਖ ਕਿਸਮਾਂ ਵਿਚ ਸਰੀਰ ਦੇ ਭਿੰਨ-ਭਿੰਨ ਥਾਵਾਂ 'ਤੇ ਮੌਜੂਦ ਹੋ ਸਕਦੇ ਹਨ। 'ਇਲੈਕਟ੍ਰਿਕ ਈਲ' ਨਾਂਅ ਦੀ ਮੱਛੀ ਬਿਜਲੀ ਦੀ ਵਰਤੋਂ ਦੋ ਤਰੀਕਿਆਂ ਨਾਲ ਕਰਦੀ ਹੈ। ਪਹਿਲਾਂ ਕਮਜ਼ੋਰ ਬਿਜਲਈ ਖੇਤਰ ਨਾਲ ਆਪਣੇ ਸ਼ਿਕਾਰ ਦਾ ਪਤਾ ਲਗਾਉਣਾ ਅਤੇ ਫਿਰ ਉਸ ਨੂੰ ਮਾਰਨ ਲਈ ਤਕੜੇ ਬਿਜਲੀ ਝਟਕੇ ਦੀ ਵਰਤੋਂ ਕਰਨਾ। ਅਫ਼ਰੀਕਾ ਦੇ ਗੰਧਲੇ ਦਰਿਆਵਾਂ ਵਿਚ ਰਹਿਣ ਵਾਲੀ 'ਐਲੀਫੈਂਟ ਨੋਜ਼ ਮੱਛੀ' ਚਿੱਕੜ ਭਰੇ ਧੁੰਦਲੇ ਪਾਣੀ ਵਿਚ ਆਪਣਾ ਰਸਤਾ ਲੱਭਣ ਲਈ ਉਸ ਦੀ ਪੂਛ ਵਿਚ ਮੌਜੂਦ 'ਇਲੈਕਟ੍ਰਿਕ ਆਰਗਨ' ਤੋਂ ਤਰੰਗਾਂ ਪੈਦਾ ਕਰ ਕੇ ਆਪਣਾ ਰਸਤਾ ਵੀ ਲੱਭਦੀ ਹੈ ਅਤੇ ਹਮਲਾਵਰ ਦੁਸ਼ਮਣਾਂ ਤੋਂ ਬਚਦਿਆਂ ਹੋਇਆਂ ਆਪਣਾ ਸ਼ਿਕਾਰ ਵੀ ਲੱਭਦੀ ਹੈ।



ਸੇਵਾ ਮੁਕਤ ਲੈਕਚਰਾਰ, ਚੰਦਰ ਨਗਰ, ਬਟਾਲਾ # 62842-20595

# ਚੜ੍ਹਨ ਜਾਂ ਡੁੱਬਣ ਵੇਲੇ ਸੂਰਜ ਦਾ ਰੰਗ ਲਾਲ ਕਿਉਂ ਹੁੰਦਾ ਹੈ?

**–ਲਲਿਤਾ ਗੁਪਤਾ** ਲੈਕਚਰਾਰ ਭੌਤਿਕ ਵਿਗਿਆਨ # 97815-90500

ਪਿਆਰੇ ਬੱਚਿਓ, ਤੁਸੀਂ ਅਕਸਰ ਸੂਰਜ ਚੜ੍ਹਨ ਜਾਂ ਸੂਰਜ ਡੁੱਬਣ ਵੇਲੇ ਸੂਰਜ ਦਾ ਲਾਲ ਰੰਗ ਦੇਖਦੇ ਹੋ, ਕੀ ਤੁਸੀਂ ਜਾਣਦੇ ਹੋ ਕਿ ਸੂਰਜ ਚੜ੍ਹਨ ਜਾਂ ਡੁੱਬਣ ਵੇਲੇ ਸੂਰਜ ਲਾਲ ਕਿਉਂ ਹੁੰਦਾ ਹੈ? ਆਓ ਜਾਣਦੇ ਹਾਂ, ਇਸ ਦਾ ਮੂਲ ਕਾਰਨ ਰੋਸ਼ਨੀ ਦਾ ਖਿੰਡਣਾ ਸਕੈਟਰਿੰਗ ਹੈ। ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦੇ ਦੌਰਾਨ ਕਿਰਨਾਂ ਨੂੰ ਵਾਯੂਮੰਡਲ ਦੇ ਇਕ ਵੱਡੇ ਹਿੱਸੇ ਦੀ ਯਾਤਰਾ ਕਰਨੀ ਪੈਂਦੀ ਹੈ ਕਿਉਂਕਿ ਉਹ ਧਰਤੀ ਦੇ ਹੋਰੀਜਨ (ਉਹ ਲਾਈਨ ਜਿਥੇ ਧਰਤੀ, ਅਸਮਾਨ ਨੂੰ ਮਿਲਦੀ ਹੈ) ਦੇ ਬਹੁਤ ਨੇੜੇ ਹੁੰਦੀਆਂ ਹਨ। ਇਸ ਲਈ ਲਾਲ ਤੋਂ ਇਲਾਵਾ ਹੋਰ ਰੋਸ਼ਨੀ ਜ਼ਿਆਦਾਤਰ ਦੂਰ ਖਿੰਡ ਜਾਂਦੀ ਹੈ। ਜ਼ਿਆਦਾਤਰ ਲਾਲ ਰੋਸ਼ਨੀ ਲਾਲ ਰੰਗ ਜਾਂ ਘੱਟ ਤੋਂ ਘਟ ਖਿੱਲਰੀ ਹੋਈ ਹੈ, ਸਾਡੀਆਂ ਅੱਖਾਂ ਵਿਚ ਦਾਖਲ ਹੁੰਦੀ ਹੈ। ਇਸ ਲਈ ਸੂਰਜ ਅਤੇ ਅਸਮਾਨ ਲਾਲ ਦਿਖਾਈ ਦਿੰਦੇ ਹਨ।



ਲਾਲ ਰੰਗ ਦੀ ਤਰੰਗ-ਲੰਬਾਈ ਸਫੈਦ ਰੋਸ਼ਨੀ ਦੇ ਸਾਰੇ ਹਿੱਸਿਆਂ ਵਿਚੋਂ ਸਭ ਤੋਂ ਲੰਬੀ ਹੁੰਦੀ ਹੈ, ਇਸ ਲਈ ਇਹ ਘੱਟ ਤੋਂ ਘੱਟ ਖਿੰਡਿਆ ਹੋਇਆ ਹੈ ਅਤੇ ਸੂਰਜ ਤੋਂ ਆਉਂਦਾ ਪ੍ਰਤੀਤ ਹੁੰਦਾ ਹੈ। ਇਸ ਲਈ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦੇ ਸਮੇਂ ਲਾਲ ਦਿਖਾਈ ਦਿੰਦਾ ਹੈ।

ਹੋਰੀਜਨ ਦੇ ਨੇੜੇ ਸੂਰਜ ਤੋਂ ਪ੍ਰਕਾਸ਼ ਸਾਡੀਆਂ ਅੱਖਾਂ ਤੱਕ ਪਹੁੰਚਣ ਤੋਂ ਪਹਿਲਾਂ ਹਵਾ ਦੀ ਇਕ ਮੋਟੀ ਪਰਤ ਅਤੇ ਧਰਤੀ ਦੇ ਵਾਯੂਮੰਡਲ ਵਿਚ ਕਿ ਵੱਡੀ ਦੂਰੀ ਵਿਚੋਂ ਲੰਘਦਾ ਹੈ। ਘੱਟ ਤਰੰਗ-ਲੰਬਾਈ ਵਾਲੇ ਰੰਗ ਨੀਲੀ ਅਤੇ ਬੈਂਗਣੀ ਵੱਖ-ਵੱਖ ਦਿਸ਼ਾਵਾਂ ਵਿਚ ਖਿੰਡ ਜਾਂਦੇ

ਹਨ ਜਦੋਂ ਕਿ ਲਾਲ ਰੰਗ ਦੀ ਤਰੰਗ ਲੰਬਾਈ ਵੱਧ ਤੋਂ ਵੱਧ ਹੁੰਦੀ ਹੈ। ਇਸ ਲਈ ਇਹ ਘੱਟ ਤੋਂ ਘੱਟ ਡਿਫਲੈਕਟ ਹੁੰਦਾ ਹੈ ਅਤੇ ਸਾਡੀਆਂ ਅੱਖਾਂ ਤੱਕ ਪਹੁੰਚਦਾ ਹੈ। ਦੁਪਹਿਰ ਵੇਲੇ, ਜਦੋਂ ਸੂਰਜ ਸਿਰ ਉਤੇ ਹੁੰਦਾ ਹੈ, ਪ੍ਰਕਾਸ਼ ਨੂੰ ਘੱਟ ਦੂਰੀ ਤੈਅ ਕਰਨੀ ਪੈਂਦੀ ਹੈ। ਦੁਪਹਿਰ ਵੇਲੇ, ਸੂਰਜ ਚਿੱਟਾ ਜਾਂ ਪੀਲਾ ਦਿਖਾਈ ਦਿੰਦਾ ਹੈ ਕਿਉਂਕਿ ਸਿਰਫ਼ ਥੋੜ੍ਹੀ ਜਿਹੀ ਦੂਰੀ ਤੈਅ ਕਰਨੀ ਪੈਂਦੀ ਹੈ। ਇਸ ਲਈ ਸੂਰਜ ਚੜ੍ਹਨ ਅਤੇ ਸੂਰਜ ਡੁਬਣ ਵੇਲੇ ਸੂਰਜ ਲਾਲ ਰੰਗ ਦਾ ਦਿਖਾਈ ਦਿੰਦਾ ਹੈ।

ਆਓ, ਸਮਝੀਏ ਕਿ ਰੋਸ਼ਨੀ ਦਾ ਖਿਲਾਰ ਕੀ ਹੈ? ਸਕੈਟਰਿੰਗ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਪ੍ਰਕਾਸ਼ ਦੀ ਦਿਸ਼ਾ ਮਾਧਿਅਮ ਛੋਟੇ ਕਣਾਂ ਦੁਆਰਾ ਬਦਲੀ ਜਾਂਦੀ ਹੈ, ਜਿਸ ਦੁਆਰਾ ਇਹ ਯਾਤਰਾ ਕਰਦਾ ਹੈ।

ਜਦੋਂ ਰੋਸ਼ਨੀ ਇਕ ਮਾਧਿਅਮ ਤੋਂ ਦੂਜੇ ਮਾਧਿਅਮ ਤੱਕ ਜਾਂਦੀ ਹੈ, ਹਵਾ ਤੋਂ ਪਾਣੀ ਦੇ ਗਿਲਾਸ ਤੱਕ ਕਹੋ, ਤਾਂ ਪ੍ਰਕਾਸ਼ ਦਾ ਇਕ ਹਿੱਸਾ ਮਾਧਿਅਮ ਦੇ ਕਣਾਂ ਦੁਆਰਾ ਲੀਨ ਹੋ ਜਾਂਦਾ ਹੈ, ਪਰ ਦੂਜਾ ਹਿੱਸਾ ਇਕ ਖਾਸ ਦਿਸ਼ਾ ਵਿਚ ਬਦਲ ਜਾਂਦਾ ਹੈ। ਇਸ ਵਰਤਾਰੇ ਨੂੰ ਪ੍ਰਕਾਸ਼ ਦਾ ਖਿਲਾਰ ਕਿਹਾ ਜਾਂਦਾ ਹੈ।

1928 ਵਿਚ ਸਰ ਸੀ.ਵੀ. ਰਮਨ ਵਲੋਂ ਸਕੈਟਰਿੰਗ ਦੀ ਖੋਜ ਕੀਤੀ ਗਈ ਸੀ ਕਿ ਜਦੋਂ ਰੰਗੀਨ ਰੋਸ਼ਨੀ ਦੀ ਇਕ ਕਿਰਨ ਇਕ ਤਰਲ ਵਿਚ ਦਾਖਲ ਹੁੰਦੀ ਸੀ, ਤਾਂ ਉਸ ਤਰਲ ਦੁਆਰਾ ਖਿੰਡੇ ਹੋਏ ਪ੍ਰਕਾਸ਼ ਦਾ ਇਕ ਹਿੱਸਾ ਇਕ ਵੱਖਰੇ ਰੰਗ ਦਾ ਹੁੰਦਾ ਸੀ। ਸਰ ਸੀ.ਵੀ. ਰਮਨ ਨੇ ਦਿਖਾਇਆ ਕਿ ਇਸ ਖਿੰਡੇ ਹੋਏ ਪ੍ਰਕਾਸ਼ ਦੀ ਪ੍ਰਕਿਰਤੀ ਮੌਜੂਦ ਨਮੂਨੇ ਦੀ ਕਿਸਮ ’ਤੇ ਨਿਰਭਰ ਕਰਦੀ ਹੈ।-0-

# ਜ਼ਿੰਦਗੀ ਨੂੰ ਨਿਗਲਣ ਵਾਲੀ ਝੀਲ

**-ਸਰਤਾਜ ਸਿੰਘ ਝਬਾਲ, ਕਮਿਸਟਰੀ ਲੈਕਚਰਾਰ chemistrychabhal@gmial.com**



ਬੱਚਿਓ, ਰੂਸ ਦੁਨੀਆ ਦਾ ਸਭ ਤੋਂ ਵੱਡਾ ਅਤੇ ਬਹੁਤ ਸ਼ਕਤੀਸ਼ਾਲੀ ਦੇਸ਼ ਹੈ। ਇਹ ਦੇਸ਼ ਵਿਗਿਆਨਕ ਤਰੱਕੀ ਵਿਚ ਹਮੇਸ਼ਾ ਮੋਹਰੀ ਰਹਿੰਦਾ ਰਿਹਾ ਹੈ। ਇਸੇ ਹੀ ਵਿਗਿਆਨਿਕ ਤਰੱਕੀ ਦੀ ਦੌੜ ਵਿਚ ਇਸ ਦੇਸ਼ ਵਿਚ ਇਕ ਜ਼ਿੰਦਗੀ ਨੂੰ ਨਿਗਲਣ ਵਾਲੀ ਝੀਲ ਨੇ ਜਨਮ ਲਿਆ। ਇਸ ਦੇਸ਼ ਵਿਚ ‘ਕਰਾਚਿਯ’ ਝੀਲ ਦੁਨੀਆਂ ਦੀ ਸਭ ਤੋਂ ਜ਼ਹਿਰੀਲੀ ਝੀਲ ਹੈ ਜੋ ਕਈ ਲੋਕਾਂ ਦੀ ਜਾਨ ਲੈ ਚੁੱਕੀ ਹੈ। ਇਸ ਝੀਲ ਲਾਗੇ ਇਕ ਘੰਟਾ ਖੜ੍ਹੇ ਰਹਿਣ ਦਾ ਮਤਲਬ ਮੌਤ ਨੂੰ ਬੁਲਾਉਣਾ ਹੈ। ਇਸ ਥਾਂ ਨੂੰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸਥਾਨ ਮੰਨਿਆ ਜਾਂਦਾ ਹੈ। ਇਸ ਸਥਾਨ ਦੇ ਆਸ ਪਾਸ ਤੁਰਨ ਫਿਰਨ ਨਾਲ ਵਿਅਕਤੀ ਦੀ ਮੌਤ ਹੋ ਸਕਦੀ ਹੈ। ਇਸ ਝੀਲ ਵਿਚ ਤੈਰਨਾ ਤਾਂ ਸਿੱਧਾ ਮੌਤ ਨੂੰ ਦਾਅਵਤ ਦੇਣਾ ਹੈ। ਦੱਸਿਆ ਜਾਂਦਾ ਹੈ ਕਿ ਇਸ ਝੀਲ ਦੇ ਕਿਨਾਰੇ 'ਦਾ ਮਅੰਕ ਪ੍ਰੋਡਕਸ਼ਨ ਐਸੋਸੀਏਸ਼ਨ' ਨਾਂਅ ਦਾ ਇਕ ਨਿਊਕਲੀਅਰ ਪਲਾਂਟ ਸੀ। ਇਸ ਝੀਲ ਦੇ ਪਾਣੀ ਨੂੰ ਨਿਊਕਲੀਅਰ ਪਲਾਂਟ ਨੂੰ ਠੰਢਾ ਰੱਖਣ ਲਈ ਵਰਤਿਆ ਜਾਂਦਾ ਸੀ ਇਸ ਤੋਂ ਇਲਾਵਾ 1951 ਤੋਂ ਨਿਊਕਲੀਅਰ ਪਲਾਂਟ ਵਿਚੋਂ ਨਿਕਲਣ ਵਾਲੇ ਸਾਰੇ ਨਿਊਕਲੀਅਰ ਵੇਸਟ ਭਾਵ ਵਿਅਰਥ ਰਸਾਇਣ ਨੂੰ ਝੀਲ ਵਿਚ ਸੁੱਟ ਦਿੱਤਾ ਜਾਂਦਾ ਸੀ। ਸਮਾਂ ਪਾ ਕੇ ਇਸ ਨਾਲ ਝੀਲ ਦਾ ਪਾਣੀ ਬਹੁਤ ਹੀ ਜ਼ਿਆਦਾ ਪ੍ਰਦੂਸ਼ਿਤ ਹੋ ਗਿਆ ਹੈ ਇਸ ਦੇ ਆਸ-ਪਾਸ ਦੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਖ਼ਤਰਨਾਕ ਬਿਮਾਰੀਆਂ ਦੀ ਲਪੇਟ ਵਿਚ ਆ ਗਏ ਤੇ ਕਈ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਕੈਂਸਰ ਵਰਗੀ ਘਾਤਕ ਬੀਮਾਰੀ ਦਾ ਸ਼ਿਕਾਰ ਹੋ ਗਏ। ਇਸ ਝੀਲ ਦੇ ਕੋਲ ਵਸੇ ਪਿੰਡਾਂ ਵਿਚ ਜਨਮੇ ਬੱਚੇ ਐਬਨਾਰਮਲ (ਅਸਾਧਾਰਨ) ਪੈਦਾ ਹੋਏ। ਪਿੰਡਾਂ ਦੇ 80 ਪ੍ਰਤੀਸ਼ਤ ਲੋਕ ਇਸ ਪਲਾਂਟ ’ਚੋਂ ਨਿਕਲਣ ਵਾਲੀਆਂ ਰੇਡੀਓ ਐਕਟਿਵ ਕਿਰਨਾਂ ਦੇ ਕਾਰਨ ਚਮੜੀ ਰੋਗਾਂ ਦੇ ਸ਼ਿਕਾਰ ਹੋ ਗਏ। 1990 ਤੱਕ ਇਸ ਪਲਾਂਟ ਦੀ ਜਾਣਕਾਰੀ ਕਿਸੇ ਨੂੰ ਵੀ ਨਹੀਂ ਸੀ। ਲੋਕਾਂ ਦੇ ਮਰਨ ਦਾ ਕਾਰਨ ਕਿਸੇ ਨੂੰ ਪਤਾ ਨਹੀਂ ਲੱਗ ਰਿਹਾ ਸੀ। ਹਾਲਾਂਕਿ ਸਰਕਾਰ ਨੇ 2003 ਵਿਚ ਇਸ ਕੰਪਨੀ ਦੇ ਖ਼ਿਲਾਫ਼ ਕਾਰਵਾਈ ਕੀਤੀ ਅਤੇ ਇਸ ਨੂੰ ਬੰਦ ਕਰਵਾ ਦਿੱਤਾ ਪਰ ਉਸ ਵੇਲੇ ਤੱਕ ਇਸ ਝੀਲ ਦਾ ਪਾਣੀ ਅਤੇ ਇਸ ਦੇ ਆਸ-ਪਾਸ ਦੀ ਹਵਾ ਏਨੀ ਜ਼ਹਿਰੀਲੀ ਹੋ ਗਈ ਸੀ ਕਿ ਇਹ ਲੋਕਾਂ ਦੀ ਜ਼ਿੰਦਗੀ ਨੂੰ ਕੁਝ ਪਲਾਂ ਵਿਚ ਹੀ ਖ਼ਤਮ ਕਰ ਸਕਦੀ ਹੈ।

-0-

# ਆਓ ਗਿਆਨ ਵਧਾਈਏ

**-ਰਜਵਿੰਦਰ ਪਾਲ ਸ਼ਰਮਾ (ਬਠਿੰਡਾ)**
**70873-67969**



1. ਧਰਤੀ ਸੂਰਜ ਦੁਆਲੇ ਇਕ ਚੱਕਰ 365 ਦਿਨ ਅਤੇ ਛੇ ਘੰਟਿਆਂ ਵਿਚ ਪੂਰਾ ਕਰਦੀ ਹੈ, ਇਸ ਕਰਕੇ ਚਾਰ ਸਾਲਾਂ ਬਾਅਦ ਲੀਪ ਦਾ ਸਾਲ ਆਉਂਦਾ ਹੈ, ਜਿਸ ਵਿਚ 366 ਦਿਨ ਹੁੰਦੇ ਹਨ।

2. ਵਿਸ਼ਵ ਸਿਹਤ ਦਿਵਸ ਹਰ ਸਾਲ 7 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ।

3. ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਹਰ ਸਾਲ ਬਾਲ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ।

4. ਚਮਗਿੱਦੜ ਇਕੋ ਇਕ ਅਜਿਹਾ ਥਣਧਾਰੀ ਜੀਵ ਹੈ ਜੋ ਉੱਡ ਸਕਦਾ ਹੈ।

5. ਆਜ਼ਾਦ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਸਨ ਜੋ ਕਿ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਹਨ।

6. ਮਨੁੱਖੀ ਸਰੀਰ ਦਾ ਸਭ ਤੋਂ ਸਖ਼ਤ ਭਾਗ ਦੰਦਾਂ ਦੇ ਉੱਪਰ ਚੜ੍ਹੀ ਹੋਈ ਇਨੇਮਲ ਦੀ ਪਰਤ ਹੁੰਦੀ ਹੈ।

7. ਖ਼ਾਲਸਾ ਪੰਥ ਦੀ ਸਾਜਨਾ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ ਸੀ, ਇਸ ਕਰਕੇ ਅਨੰਦਪੁਰ ਸਾਹਿਬ ਨੂੰ ਖ਼ਾਲਸੇ ਦੀ ਜਨਮ ਭੂਮੀ ਵੀ ਕਿਹਾ ਜਾਂਦਾ ਹੈ।

8. ਪੰਜਾਬ ਦੇ ਮਾਲਵੇ ਇਲਾਕੇ ਵਿਚ ਜ਼ਿਲ੍ਹਿਆਂ ਦੀ ਗਿਣਤੀ ਪੰਦਰਾਂ, ਦੁਆਬੇ ਵਿਚ ਚਾਰ ਅਤੇ ਮਾਝੇ ਵਿਚ ਵੀ ਚਾਰ ਹੈ।

9. ਪੰਜਾਬ ਸਕੂਲ ਸਿੱਖਿਆ ਬੋਰਡ ਦਾ ਦਫ਼ਤਰ ਮੁਹਾਲੀ ਵਿਖੇ ਸਥਿਤ ਹੈ।

10. ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਹਰ ਸਾਲ ਕੱਤਕ ਦੀ ਪੁੰਨਿਆਂ ਨੂੰ ਮਨਾਇਆ ਜਾਂਦਾ ਹੈ।

-0-

# ਸਾਡੇ ਲੋਕ ਸੇਵਕਾਂ ਵਿੱਚ ਕਿੰਨੀ ਜ਼ਿਆਦਾ ਭਾਵਨਾ ਹੈ ਜਨਤਾ ਦੀ ਸੇਵਾ ਕਰਨ ਦੀ

**ਬਲਰਾਜ ਸਿੰਘ (ਕਮਾਂਡੈਂਟ) ਪੰਡੋਰੀ ਸਿੱਧਵਾਂ 9501100062**

ਪੰਜਾਬ ਦੀ ਮੌਜੂਦਾ ਸਰਕਾਰ ਜੋਰ ਸ਼ੋਰ ਨਾਲ ਘਪਲੇ ਬਾਜ਼ਾਂ ਦੇ ਪਿੱਛੇ ਪਈ ਹੋਈ ਹੈ। ਕਈ ਸਾਬਕਾ ਮੰਤਰੀਆਂ ਅਤੇ ਐਮ.ਐਲ.ਏਜ਼ ਸਮੇਤ ਅਨੇਕਾਂ ਵੱਡੇ ਅਫਸਰ ਜੇਲ੍ਹ ਯਾਤਰਾ 'ਤੇ ਚਲੇ ਗਏ ਹਨ ਤੇ ਕਈ ਹੋਰਾਂ 'ਤੇ ਸ਼ਨੀ ਦੀ ਦਸ਼ਾ ਭਾਰੀ ਚੱਲ ਰਹੀ ਹੈ। ਅਜਿਹੇ ਮਾਹੌਲ ਵਿੱਚ ਪੁਰਾਣੀਆਂ ਸਰਕਾਰਾਂ ਵਿੱਚ ਮੰਤਰੀ ਰਹੇ ਦੋ ਮਹਾਂਪੁਰਖਾਂ ਦੀਆਂ ਟੋਟਕੇ ਨੁਮਾ ਕਹਾਣੀਆਂ ਦਾ ਲੋਕ ਸਵਾਦ ਲੈ ਰਹੇ ਹਨ ਜੋ ਕਈ ਦਿਨਾਂ ਤੱਕ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਸਨ। ਉਹ ਦੋਵੇਂ ਆਪਣੇ ਸਮੇਂ ਦੀਆਂ ਸਰਕਾਰਾਂ ਵਿੱਚ ਬੇਹੱਦ ਮਲਾਈਦਾਰ ਮਹਿਕਮਿਆਂ ਦੇ ਮਾਲਕ ਰਹੇ ਸਨ ਪਰ ਹੁਣ ਸਵੇਰੇ ਸਵੇਰ ਹੀ ਅਖਬਾਰਾਂ ਚੈੱਕ ਕਰਨ ਲੱਗ ਜਾਂਦੇ ਹਨ ਕਿ ਹੇ ਰੱਬਾ ਸੁੱਖ ਹੋਵੇ ਸਹੀ। ਉਨ੍ਹਾਂ ਵਿੱਚੋਂ ਇੱਕ ਮੰਤਰੀ ਜੋ ਕਿਸੇ ਸਕੈਂਡਲ ਵਿੱਚ ਫਸ ਜਾਣ ਕਾਰਨ ਪਿਛਲੇ ਕਈ ਸਾਲ ਤੋਂ ਸਿਆਸੀ ਬਣਵਾਸ ਕੱਟ ਰਿਹਾ ਹੈ, ਵਜ਼ਾਰਤ ਸਮੇਂ ਆਪਣੇ ਹਲਕੇ ਦੇ ਇੱਕ ਥਾਣੇਦਾਰ ਦੇ ਪਿੱਛੇ ਪੈ ਗਿਆ। ਅੱਗੋਂ ਥਾਣੇਦਾਰ ਵੀ ਪੂਰਾ ਘੁਰਲੀ ਘੈਂਟ ਸੀ। ਉਹ ਆਪਣੇ ਇੱਕ ਰਿਸ਼ਤੇਦਾਰ ਹੀਰਾ ਸਿੰਘ (ਕਾਲਪਨਿਕ ਨਾਮ) ਨੂੰ ਲੈ ਕੇ ਤੜਕੇ ਹੀ ਮੰਤਰੀ ਦੀ ਕੋਠੀ ਜਾ ਵੱਜਿਆ। ਹੀਰਾ ਸਿੰਘ ਮੰਤਰੀ ਦਾ ਹਲਕੇ ਵਿੱਚ ਸਭ ਤੋਂ ਨਜ਼ਦੀਕੀ ਬੰਦਾ ਸੀ ਤੇ ਉਸ ਦੀ ਇਲੈੱਕਸ਼ਨ ਵਿੱਚ ਪੈਸੇ ਵੀ ਠੋਕ ਕੇ ਖਰਚਦਾ ਸੀ।

ਥਾਣੇਦਾਰ ਨੂੰ ਵੇਖਦੇ ਸਾਰ ਮੰਤਰੀ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਚੜ੍ਹ ਗਿਆ ਤੇ ਉਹ ਹੀਰਾ ਸਿੰਘ ਦੀ ਪ੍ਰਵਾਹ ਕੀਤੇ ਬਗੈਰ ਅਬਾ ਤਬਾ ਬੋਲਣ ਲੱਗ ਪਿਆ। ਮੰਤਰੀ ਕੋਲ ਇਲਾਕੇ ਦੇ ਹੋਰ ਵੀ ਬੰਦੇ ਬੈਠੇ ਹੋਣ ਕਾਰਨ ਹੀਰਾ ਸਿੰਘ ਆਪਣੀ ਬੇਇੱਜ਼ਤੀ ਮੰਨ ਗਿਆ ਕਿਉਂਕਿ ਉਹ ਆਪਣੇ ਆਪ ਨੂੰ ਮੰਤਰੀ ਦਾ ਸਭ ਤੋਂ ਖਾਸ ਫੀਲ੍ਹਾ ਸਮਝਦਾ ਸੀ। ਉਹ ਮੰਤਰੀ ਨੂੰ ਸਿੱਧਾ ਹੋ ਗਿਆ, "ਮੰਤਰੀ ਸਾਹਿਬ, ਅਸੀਂ ਇਥੇ ਆਪਣੀ ਬੇਇੱਜ਼ਤੀ ਕਰਾਉਣ ਲਈ ਨਈਂ ਆਏ। ਪਹਿਲਾਂ ਸਾਡੀ ਗੱਲ ਤਾਂ ਸੁਣ ਲਉ।"ਹੀਰਾ ਸਿੰਘ ਨੂੰ ਤੱਤਾ ਹੁੰਦਾ ਵੇਖ ਕੇ ਮੰਤਰੀ ਕੁਝ ਢਿੱਲਾ ਪੈ ਗਿਆ। ਇਲੈਕਸ਼ਨ ਸਿਰ 'ਤੇ ਸੀ ਤੇ ਅਜਿਹੇ ਮੌਕੇ ਹੀਰਾ ਸਿੰਘ ਵਰਗੇ ਮੋਹਤਬਰਾਂ ਨਾਲ ਲਿਆ ਪੰਗਾ ਮਹਿੰਗਾ ਪੈ ਸਕਦਾ ਸੀ। ਉਹ ਖਸਿਆਣੀ ਜਿਹੀ ਹਾਸੀ ਹੱਸ ਕੇ ਬੋਲਿਆ, "ਹੀਰਾ ਸਿਆਂ ਪੰਜਾਹ ਸ਼ਕੈਤਾਂ ਨੇ ਇਸ ਬੰਦੇ ਦੀਆਂ ਮੇਰੇ ਕੋਲ। ਇਹ ਤਾਂ ਕੰਮ ਈ ਨਈਂ ਕਰਦਾ ਕਿਸੇ ਦਾ ਪੈਸੇ ਲਏ ਬਗੈਰ। ਪਰਸੋਂ ਮੇਰੇ ਪੀ ਏ ਨੇ ਧਾਰੀਪੁਰ ਦੇ ਸਰਪੰਚ ਦੇ ਕਿਸੇ ਕੰਮ ਬਾਰੇ ਇਹਨੂੰ ਫੋਨ ਕੀਤਾ ਸੀ, ਉਹਤੋਂ ਵੀ 20000 ਰੁਪਈਆ ਲੈ ਲਿਆ ਇਨ੍ਹੇ। ਮਾਸਾ ਸ਼ਰਮ ਨਈਂ ਕੀਤੀ ਮੇਰੀ।"

ਹੀਰਾ ਸਿੰਘ ਮੰਤਰੀ ਦਾ ਮਾੜੇ ਸਮਿਆਂ ਦਾ ਯਾਰ ਸੀ ਤੇ ਉਸ ਦੀ ਰਗ ਰਗ ਤੋਂ ਵਾਕਿਫ ਸੀ। ਉਹ ਹਰਖ ਕੇ ਬੋਲਿਆ, "ਮੰਤਰੀ ਸਾਹਿਬ ਪੈਸੇ ਕਿਹੜਾ ਨਈਂ ਲੈਂਦਾ ਇਸ ਜ਼ਮਾਨੇ 'ਚ? ਤੁਸੀਂ ਦਸ ਸਾਲ ਪਹਿਲਾਂ ਸੈਕਲ 'ਤੇ ਦੁੱਧ ਢੋਂਦੇ ਹੁੰਦੇ ਸੀ। ਅੱਜ 100 ਬੱਸਾਂ, 250 ਕਿੱਲਾ ਜ਼ਮੀਨ, ਚੰਡੀਗੜ੍ਹ 'ਚ ਮਹਿਲ ਵਰਗੀ ਕੋਠੀ ਤੇ ਪਤਾ ਨਈਂ ਹੋਰ ਕੀ ਕੀ ਲੱਲੜ ਭੱਲੜ ਬਣਾਈ ਬੈਠੇ ਉ। ਦਰਿਆ ਦੀ ਸਾਰੀ ਮੰਡ ਵਾਹ ਲਈ ਆ ਤੁਸੀਂ। ਮੈਂ ਆਪ ਵੀਹ ਵੀਹ ਟਰੈਕਟਰ ਭੇਜਦਾ ਰਿਆਂ ਉਥੇ ਪੱਲਿਉਂ ਤੇਲ ਪਾ ਕੇ।" ਮੰਤਰੀ ਇੱਕ ਦਮ ਠੰਡਾ ਪੈ ਗਿਆ ਪਰ ਸੀ ਸਿਰੇ ਦਾ ਢੀਠ। ਉਹ ਬੁੱਲ੍ਹਾਂ 'ਤੇ ਸ਼ੈਤਾਨੀ ਭਰੀ ਮੁਸਕਾਨ ਲਿਆ ਕੇ ਬੋਲਿਆ, "ਛੱਡ ਪਰ੍ਹਾਂ ਹੀਰਾ ਸਿਆਂ ਪੁਰਾਣੀਆਂ ਗੱਲਾਂ, ਬਹੁਤਾ ਗੁੱਸਾ ਨਈਂ ਕਰੀਦਾ ਹੁੰਦਾ। ਹੁਣ ਮੰਤਰੀ ਨੇ ਬੱਸਾਂ ਈ ਪਾਉਣੀਆਂ ਹੁੰਦੀਆਂ ਨੇ, ਹੋਰ ਦੱਸ ਮੈਂ ਕੀ ਖੱਚਰ ਰੇਹੜੀਆਂ ਪਾਵਾਂ? ਜਾ ਉਏ ਠਾਣੇਦਾਰਾ, 'ਗਾਂਹ ਤੋਂ ਧਿਆਨ ਰੱਖੀਂ। ਬੰਦਾ ਕੁਬੰਦਾ ਵੇਖ ਲਿਆ ਕਰ।" ਉਸ ਨੇ ਮਸਾਂ ਹੀਰਾ ਸਿੰਘ ਨੂੰ ਗਲੋਂ ਲਾਹਿਆ।

ਦੂਸਰੇ ਸਾਬਕਾ ਮੰਤਰੀ ਸਾਹਿਬ ਦੀ ਕਹਾਣੀ ਤਾਂ ਹੋਰ ਵੀ ਦਿਲਚਸਪ ਹੈ। ਉਸ ਨੇ ਆਪਣੇ ਇਲਾਕੇ ਵਿੱਚ ਪੰਚਾਇਤ ਮਹਿਕਮੇ ਨਾਲ ਸਬੰਧਿਤ ਇੱਕ ਮਹਾਂ ਭ੍ਰਿਸ਼ਟ ਅਫਸਰ ਨੂੰ ਤਕੜੀ ਮਲਾਈਦਾਰ ਪੋਸਟ 'ਤੇ ਲਗਾਇਆ ਹੋਇਆ ਸੀ। ਉੱਪਰੋਂ ਸਿਤਮ ਦੀ ਗੱਲ ਇਹ ਸੀ ਕਿ ਉਸ ਅਫਸਰ 'ਤੇ ਮੋਗੇ ਜਿਲ੍ਹੇ ਦੇ ਕਿਸੇ ਥਾਣੇ ਵਿੱਚ ਪੰਚਾਇਤ ਵਿਭਾਗ ਦੇ ਕਰੋੜਾਂ ਰੁਪਏ ਖੁਰਦ ਬੁਰਦ ਕਰਨ ਦਾ ਮੁਕੱਦਮਾ ਦਰਜ਼ ਸੀ, ਜਿਸ ਵਿੱਚ ਉਸ ਨੂੰ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਸੀ। ਹੁਣ ਜਿਸ ਦੇ ਸਿਰ 'ਤੇ ਐਨੇ ਸੀਨੀਅਰ ਮੰਤਰੀ ਦੀ ਛਤਰ ਛਾਇਆ ਹੋਵੇ ਉਸ ਵੱਲ ਤਾਂ ਰੱਬ ਵੀ ਨਹੀਂ ਤੱਕ ਸਕਦਾ, ਫਿਰ ਵਿਚਾਰੀ ਪੁਲਿਸ ਦੀ ਕੀ ਔਕਾਤ ਹੈ। ਉਸ ਤਜ਼ਰਬੇਕਾਰ ਤੇ ਹੰਢੇ ਵਰਤੇ ਘਾਗ ਅਫਸਰ ਨੇ ਆਉਂਦੇ ਸਾਰ ਸਰਕਾਰੀ ਫੰਡਾਂ ਨੂੰ ਪਿੰਡਾਂ ਦੇ ਵਿਕਾਸ ਲਈ ਖਰਚਣ ਦੀ ਬਜਾਏ ਇਧਰ ਉਧਰ ਐਡਜਸਟ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਨੂੰ ਲਿਆਂਦਾ ਹੀ ਇਸ ਕੰਮ ਲਈ ਗਿਆ ਸੀ। ਜਦੋਂ ਸਰਪੰਚਾਂ ਨੇ ਹਾਲ ਪਾਹਰਿਆ ਮਚਾਈ ਤਾਂ ਇਹ ਖਬਰ ਪੱਤਰਕਾਰਾਂ ਤੱਕ ਵੀ ਪਹੁੰਚ ਗਈ। ਇੱਕ ਦਿਨ ਮੰਤਰੀ ਇਲਾਕੇ ਦੇ ਦੌਰੇ 'ਤੇ ਸੀ ਤੇ ਉਹ ਅਫਸਰ ਉਸ ਦਾ ਸਕਾ ਬਣ ਕੇ ਗੱਡੀ ਵਿੱਚ ਨਾਲ ਬੈਠਾ ਹੋਇਆ ਸੀ। ਐਨਾ ਘੋਰ ਕਲਯੁੱਗ ਵੇਖ ਕੇ ਪੱਤਰਕਾਰਾਂ ਨੇ ਮੰਤਰੀ ਨੂੰ ਘੇਰ ਲਿਆ, "ਮੰਤਰੀ ਸਾਹਿਬ ਇਹ ਧਾਡੀ ਕੀ ਲੀਲਾ ਆ? ਹੱਦ ਹੋ ਗਈ, ਮੋਗੇ ਦਾ ਭਗੌੜਾ ਮੁਲਜ਼ਿਮ ਤੁਸੀਂ ਸਾਰੇ 'ਲਾਕੇ ਦਾ ਮਾਲਕ ਬਣਾਇਆ ਹੋਇਆ ਆ। ਬਜਾਏ ਇਹਨੂੰ ਪੁਲਿਸ ਦੇ ਹਵਾਲੇ ਕਰਨ ਦੇ ਆਪਣੀ ਗੱਡੀ 'ਚ ਬਿਠਾਈ ਫਿਰਦੇ ਉ। ਸਾਰੇ 'ਲਾਕੇ ਵਿੱਚ ਲਾ ਲਾ ਹੋਈ ਪਈ ਆ ਕਿ ਧਾਡੀ ਇਹਦੇ ਨਾਲ ਹਿੱਸਾ ਪੱਤੀ ਆ।"

ਹੁਣ ਉਹ ਲੀਡਰ ਹੀ ਕੀ ਹੋਇਆ ਜਿਸ ਕੋਲ ਹਰ ਸਵਾਲ ਦਾ ਜਵਾਬ ਨਾ ਹੋਵੇ? ਪੱਤਰਕਾਰਾਂ ਵੱਲੋਂ ਲਗਾਏ ਗਏ ਐਨੇ ਵੱਡੇ ਇਲਜ਼ਾਮ ਦੇ ਬਾਵਜੂਦ ਮੰਤਰੀ ਦੇ ਚਿਹਰੇ 'ਤੇ ਸ਼ਿਕਨ ਨਾ ਆਈ, "ਉਏ ਗੱਲ ਸੁਣੋ ਮੇਰੀ, ਐਵੇਂ ਅਫਵਾਹਾਂ ਨਹੀਂ ਫੈਲਾਈ ਦੀਆਂ ਹੁੰਦੀਆਂ। ਸਰਕਾਰ ਦੇ ਕੰਮ ਕਾਜ ਵਿੱਚ ਨੱਕ ਘਸੋੜਨ ਦੀ ਬਜਾਏ ਆਪਣੀ ਪੱਤਰਕਾਰੀ ਕਰਿਆ ਕਰੋ 'ਰਾਮ ਨਾਲ। ਸਭ ਪਤਾ ਮੈਨੂੰ ਇਹਦੀਆਂ ਕਰਤੂਤਾਂ ਬਾਰੇ। ਇਹਨੂੰ ਇਥੇ ਇਸ ਲਈ ਲਾਇਆ ਹੋਇਆ ਆ ਤਾਂ ਜੋ ਇਹ ਮੇਰੀ ਨਿਗ੍ਹਾ ਹੇਠ ਰਹੇ ਤੇ ਠੱਗੀਆਂ ਨਾ ਮਾਰ ਸਕੇ।" ਮੰਤਰੀ ਦੇ ਦਿਲ ਵਿੱਚ ਗਰੀਬ ਜਨਤਾ ਪ੍ਰਤੀ ਹਿਲੋਰੇ ਮਾਰ ਰਹੇ ਦਰਦ ਨੂੰ ਮਹਿਸੂਸ ਕਰ ਕੇ ਕਈਆਂ ਦੇ ਨੈਣ ਕਟੋਰੇ ਭਰ ਆਏ, ਕਈ ਮੂਰਖ ਹੱਸ ਪਏ ਪਰ ਸਿਆਣੇ ਰੋਣ ਲੱਗ ਪਏ। ਅੱਜ ਕਲ੍ਹ ਪਤਾ ਨਹੀਂ ਉਹ ਭਗੌੜਾ ਅਫਸਰ ਕਿੱਥੇ ਤਾਇਨਾਤ ਹੈ? ਪਕੜਿਆ ਗਿਆ ਹੈ ਜਾਂ ਅਜੇ ਕਿਤੇ ਤਨ, ਮਨ ਅਤੇ ਧਨ ਨਾਲ ਪੰਜਾਬ ਦੀ ਸੇਵਾ ਨਿਭਾ ਰਿਹਾ ਹੈ।

ਰੱਬ ਹੈ ਜਾਂ ਨਹੀਂ ਇਹ ਤਾਂ ਪਤਾ ਨਹੀਂ, ਪਰ ਲੁਧਿਆਣੇ ਜਿਲ੍ਹੇ ਦੇ ਇੱਕ ਮੂੰਹ ਫੱਟ ਸਾਬਕਾ ਮੰਤਰੀ ਨੂੰ ਉਹ ਜ਼ਰੂਰ ਨੇੜੇ ਹੋ ਕੇ ਮਿਲਿਆ ਹੈ। ਕੁਝ ਸਾਲ ਪਹਿਲਾਂ ਉਸ ਦੀ ਇੱਕ ਡੀ.ਐਸ.ਪੀ. ਨਾਲ ਹੋਈ ਤੂੰ ਤੂੰ ਮੈਂ ਮੈਂ ਦੀ ਆਡੀਉ ਅਤਿਅੰਤ ਵਾਇਰਲ ਹੋਈ ਸੀ। ਪਤਾ ਨਹੀਂ ਉਹ ਆਡੀਉ ਸਹੀ ਸੀ ਜਾਂ ਜਾਅਲੀ, ਪਰ ਉਸ ਵਿੱਚ ਉਹ ਕਿਸੇ ਬਦਮਾਸ਼ ਵਰਗੀ ਭਾਸ਼ਾ ਵਰਤਦੇ ਹੋਏ ਉਸ ਡੀ.ਐਸ.ਪੀ. ਨੂੰ ਪਾਨ ਸੁਪਾਰੀ ਵਾਂਗ ਚਿੱਥ ਦੇਣ ਦੀਆਂ ਧਮਕੀਆਂ ਦੇ ਰਿਹਾ ਸੀ। ਜਦੋਂ ਡੀ.ਐਸ.ਪੀ. ਨਿਮਰਤਾ ਨਾਲ ਬੇਨਤੀ ਕਰਦਾ ਹੈ ਕਿ ਉਹ ਇਹ ਕੰਮ ਮਾਣਯੋਗ ਹਾਈਕੋਰਟ ਦੇ ਹੁਕਮਾਂ ਨਾਲ ਕਰ ਰਿਹਾ ਹੈ ਤਾਂ ਅੱਗੋਂ ਤਾਕਤ ਦੇ ਨਸ਼ੇ ਵਿੱਚ ਅੰਨ੍ਹਾ ਹੋਇਆ ਮੰਤਰੀ ਭੜਕਦਾ ਹੈ ਕਿ ਮੈਂ ਨਹੀਂ ਮੰਨਦਾ ਕਿਸੇ ਕੋਰਟ ਕੂਰਟ ਨੂੰ। ਜਾ, ਜਾ ਕੇ ਹਾਈ ਕੋਰਟ ਨੂੰ ਕਹਿ ਦੇ ਮੰਤਰੀ ਨੇ ਕੰਮ ਬੰਦ ਕਰਨ ਲਈ

# ਮੁਫ਼ਤ ਦਾ ਲੰਗਰ

**ਬਲਰਾਜ ਸਿੰਘ (ਕਮਾਂਡੈਂਟ) ਪੰਡੋਰੀ ਸਿੱਧਵਾਂ**
**# 9501100062**

ਲੰਗਰ ਲਾਉਣਾ ਪੰਜਾਬੀਆਂ ਨੂੰ ਰੱਬ ਦੀ ਸਭ ਤੋਂ ਵੱਡੀ ਦੇਣ ਹੈ। ਹਰ ਮੇਲੇ, ਮੱਸਿਆ, ਸੰਗਰਾਂਦ, ਪੁੰਨਿਆਂ ਅਤੇ ਖੁਸ਼ੀ ਗਮੀਦੇ ਮੌਕੇ 'ਤੇ ਲੰਗਰ ਜ਼ਰੂਰ ਲਗਾਇਆ ਜਾਂਦਾ ਹੈ। ਇਥੋਂ ਤੱਕ ਕਿ ਜੇ ਬਾਰਸ਼ ਨਾ ਹੋਵੇ ਤਾਂ ਬਾਰਸ਼ ਪਵਾਉਣ ਲਈ ਲੰਗਰ ਤੇ ਜੇ ਬਾਰਸ਼ ਜਿਆਦਾ ਹੋ ਜਾਵੇ ਤਾਂ ਬਾਰਸ਼ ਹਟਾਉਣ ਲਈ ਲੰਗਰ। ਕਿਸਾਨ ਅੰਦੋਲਨ ਵੇਲੇ ਕਿਸਾਨਾਂ ਲਈ ਲਗਾਏ ਗਏ ਫਾਈਵ ਸਟਾਰ ਲੰਗਰ ਤਾਂ ਨੈਸ਼ਨਲ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਏ ਸਨ। ਕਈ ਲੋਕਾਂ ਦੇ ਢਿੱਡ ਵਿੱਚ ਇਹ ਵੇਖ ਕੇ ਬੜੀ ਪੀੜ ਹੋਈ ਸੀ ਕਿ ਕਿਸਾਨ ਮਠਿਆਈਆਂ, ਸਮੋਸੇ, ਪਕੌੜੇ, ਪੀਜ਼ੇ, ਬਰਗਰ ਅਤੇ ਨੂਡਲਜ਼ ਆਦਿ ਕਿਉਂ ਖਾ ਰਹੇ ਹਨ ਤੇ ਕਿੱਲੋਆਂ ਦੇ ਕਿੱਲੋ ਡਰਾਈ ਫਰੂਟ ਦੇ ਫੱਕੇ ਕਿਉਂ ਮਾਰ ਰਹੇ ਹਨ। ਆਮ ਭਾਰਤੀਆਂ ਨੂੰ ਪਤਾ ਹੀ ਨਹੀਂ ਹੈ ਕਿ ਪੰਜਾਬੀਆਂ ਦਾ ਲਿਵਿੰਗ ਸਟੈਂਡਰਡ



ਬਾਕੀ ਸੂਬਿਆਂ ਨਾਲੋਂ ਬਹੁਤ ਅਲੱਗ ਹੈ।

ਲੰਗਰਾਂ ਵੇਲੇ ਕਈ ਵਾਰ ਕੁਝ ਹਾਸੋਹੀਣੀਆਂ ਗੱਲਾਂ ਵੀ ਵਾਪਰ ਜਾਂਦੀਆਂ ਹਨ। ਕਈ ਬੰਦਿਆਂ ਨੂੰ ਲੰਗਰ ਵਿੱਚ ਸੇਵਾ ਕਰਨ ਦਾ ਬਹੁਤ ਸ਼ੌਂਕ ਹੁੰਦਾ ਹੈ। ਕਿਤੇ ਵੀ ਦੂਰ ਨੇੜੇ ਲੰਗਰ ਲੱਗਾ ਹੋਵੇ, ਜਰੂਰ ਪਹੁੰਚਦੇ ਹਨ ਤੇ ਦਾਲ ਵਾਲੀ ਬਾਲਟੀ ਜਾਂ ਰੋਟੀਆਂ ਵਾਲੀ ਟੋਕਰੀ ਪਕੜ ਲੈਂਦੇ ਹਨ। ਸਭ ਨੇ ਨੋਟ ਕੀਤਾ ਹੋਵੇਗਾ ਕਿ ਲੰਗਰਾਂ ਵਿੱਚ ਸੰਬੋਧਨ ਕਰਨ ਲੱਗਿਆਂ ਇਸਤਰੀ ਲਿੰਗ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪਾਣੀ ਨੂੰ ਜਲ, ਰੋਟੀ ਨੂੰ ਪ੍ਰਸ਼ਾਦਾ ਅਤੇ ਦਾਲ ਨੂੰ ਦਾਲਾ ਕਿਹਾ ਜਾਂਦਾ ਹੈ। ਜਦੋਂ ਮੈਂ ਮਲੋਟ ਐਸ.ਪੀ. ਲੱਗਾ ਹੋਇਆ ਸੀ ਤਾਂ ਮੇਰੇ ਇੱਕ ਮਾਨ ਨਾਮਕ ਗੰਨਮੈਨ ਨੂੰ ਲੰਗਰਾਂ ਵਿੱਚ ਸੇਵਾ ਕਰਨ ਦਾ ਬਹੁਤ ਸ਼ੌਂਕ ਸੀ। ਨਾਲੇ ਤਾਂ ਉਸ ਨੇ ਲੰਗਰਾਂ ਵਿੱਚ ਸੇਵਾ ਕਰਨੀ ਤੇ ਨਾਲੇ ਬਾਕੀ ਗੰਨਮੈਨਾਂ ਵਾਸਤੇ ਖੁਲ੍ਹਾ ਰਾਸ਼ਨ ਲੈ ਕੇ ਆਉਣਾ। ਗੰਨਮੈਨਾਂ ਨੇ ਵੀ ਉਸ ਨੂੰ ਇਸ ਕੰਮ ਵਾਸਤੇ ਵਿਹਲਾ ਰੱਖਣਾ ਤੇ ਉਸ ਦੀ ਡਿਊਟੀ ਖੁਦ ਕਰ ਲੈਣੀ। ਉਹ ਥਾਣੇ ਲੰਬੀ ਦੀ ਹੱਦ ਨਾਲ ਲੱਗਦੇ ਹਰਿਆਣੇ ਅਤੇ ਰਾਜਸਥਾਨ ਤੱਕ ਮਾਰ ਕਰਦਾ ਸੀ।

ਕਈ ਵਾਰ ਮੁਫਤ ਦਾ ਲੰਗਰ ਛਕਣਾ ਮਹਿੰਗਾ ਵੀ ਪੈ ਜਾਂਦਾ ਹੈ। ਕਈ ਸਾਲ ਪਹਿਲਾਂ ਮੇਰੀ ਫਤਿਹਗੜ੍ਹ ਸਾਹਿਬ ਸ਼ਹੀਦੀ ਮੇਲੇ ਵਿੱਚ ਡਿਊਟੀ ਲੱਗੀ ਹੋਈ ਸੀ। ਪੰਜਾਬ ਦੇ ਸਾਰੇ ਮੇਲਿਆਂ ਨਾਲੋਂ ਉਥੋਂ ਦੀ ਡਿਊਟੀ ਪੁਲਿਸ ਨੂੰ ਜਿਆਦਾ ਪਸੰਦ ਆਉਂਦੀ ਹੈ। ਇੱਕ ਤਾਂ ਮੌਸਮ ਵਧੀਆ ਹੁੰਦਾ ਹੈ ਤੇ ਦੂਸਰਾ ਉਥੇ ਭਿੰਨ ਭਿੰਨ ਪ੍ਰਕਾਰ ਦੇ ਲੰਗਰ ਲੱਗਦੇ ਹਨ। ਮੇਰੇ ਨਾਲ ਪਟਿਆਲੇ ਦਾ ਇੱਕ ਡੀ.ਐਸ.ਪੀ. ਵੀ ਡਿਊਟੀ ਕਰ ਰਿਹਾ ਸੀ। ਅਸੀਂ ਗੱਡੀਆਂ ਇੱਕ ਲੰਗਰ ਦੇ ਨਜ਼ਦੀਕ ਖੜੀਆਂ ਕੀਤੀਆਂ ਹੋਈਆਂ ਸਨ। ਉਸ ਲੰਗਰ ਦਾ ਖਾਣਾ ਕੁਝ ਜਿਆਦਾ ਹੀ ਸਵਾਦ ਸੀ। ਮੇਰੇ ਤੇ ਉਸ ਡੀ.ਐਸ.ਪੀ. ਦੇ ਗੰਨਮੈਨਾਂ ਸਮੇਤ ਅਸੀਂ ਕੋਈ 7 - 8 ਬੰਦੇ ਸੀ। ਅਸੀਂ ਉਸ ਲੰਗਰ ਵਿੱਚੋਂ ਦਿਨ ਵਿੱਚ 2 - 3 ਵਾਰ ਲੰਗਰ ਛਕਿਆ ਪਰ ਲੰਗਰ ਦੀ ਸੇਵਾ ਵਾਸਤੇ ਇੱਕ ਪੈਸਾ ਵੀ ਭੇਟ ਨਾ ਕੀਤਾ। ਉਸ ਲੰਗਰ ਦੇ ਪ੍ਰਬੰਧਕ ਸਾਡੇ ਵੱਲ ਕੌੜਾ ਕੌੜਾ ਝਾਕਣ। ਉੱਪਰੋਂ ਸਿਤਮ ਇਹ ਕਿ ਜਦੋਂ ਸ਼ਾਮੀਂ ਡਿਊਟੀ ਖਤਮ ਹੋਈ ਤਾਂ ਉਸ ਡੀ.ਐਸ.ਪੀ. ਨੇ ਲੰਗਰ ਘਰ ਲਿਜਾਣ ਲਈ ਵੱਡਾ ਸਾਰਾ ਟਿਫਨ ਕੱਢ ਲਿਆ ਤੇ ਪੰਜ ਛੇ ਬੰਦਿਆਂ ਦੇ ਖਾਣ ਜੋਗਾ ਰਾਸ਼ਨ ਪੈਕ ਕਰਵਾ ਲਿਆ। ਖਿਝੇ ਖਪੇ ਪ੍ਰਬੰਧਕਾਂ ਨੇ ਉਹ ਟਿਫਨ ਵੀ ਭਰ ਦਿੱਤਾ।

ਅਗਲੇ ਦਿਨ ਅਸੀਂ ਫਿਰ ਡਿਊਟੀ ਵਾਸਤੇ ਇਕੱਠੇ ਹੋਏ ਤਾਂ ਮੈਂ ਵੇਖਿਆ ਕਿ ਡੀ.ਐਸ.ਪੀ ਰੋਣਹਾਕਾ ਹੋਇਆ ਪਿਆ ਹੈ। ਮੈਂ ਕਾਰਣ ਪੁੱਛਿਆ ਤਾਂ ਕਹਿਣ ਲੱਗਾ ਕਿ ਮੇਰੇ ਨਾਲ ਇਸ ਲੰਗਰ ਵਾਲਿਆ ਨੇ ਬਹੁਤ ਮਾੜਾ ਕੀਤਾ ਹੈ। ਇਹਨਾਂ ਨੇ ਲੰਗਰ ਪੈਕ ਕਰਨ ਲੱਗਿਆਂ ਦਾਲ ਵਾਲੇ ਡੱਬੇ ਵਿੱਚ ਲਾਲ ਮਿਰਚਾਂ ਦੀ ਕੜਛੀ ਪਾ ਦਿੱਤੀ ਸੀ। ਮੇਰੀ ਪਤਨੀ ਨੇ ਇੱਕ ਹੀ ਬੁਰਕੀ ਲਾਈ ਤੇ ਚੀਕਾਂ ਮਾਰਨ ਲੱਗ ਪਈ। ਮੈਂ ਹੱਸਦੇ ਹੋਏ ਕਿਹਾ ਕਿ ਇਹਨਾਂ ਨੇ ਬਿਲਕੁਲ ਠੀਕ ਕੀਤਾ ਹੈ। ਆਪਾਂ ਕਲ੍ਹ ਲੰਗਰ ਵਿੱਚ ਇੱਕ ਦੁਆਨੀ ਵੀ ਭੇਂਟ ਨਹੀਂ ਕੀਤੀ, ਸੱਤਾਂ ਅੱਠਾਂ ਬੰਦਿਆਂ ਨੇ ਤਿੰਨ ਤਿੰਨ ਵਾਰ ਲੰਗਰ ਛੱਕਿਆ ਤੇ ਉੱਪਰੋਂ ਤੂੰ ਘਰ ਵਾਸਤੇ ਵੀ ਪੈਕ ਕਰਵਾ ਲਿਆ। ਇਸ ਤੋਂ ਬਾਅਦ ਪੰਜ ਸੌ ਰੁਪਏ ਮੈਂ ਪਾਏ, ਪੰਜ ਸੌ ਰੁਪਏ ਡੀ.ਐਸ.ਪੀ. ਤੋਂ ਪਵਾਏ ਤੇ ਨਾਲ ਗੰਨਮੈਨਾਂ ਕੋਲੋਂ ਸ਼ਰਧਾ ਮੁਤਾਬਕ ਤਿਲ ਫੁੱਲ ਲੈ ਕੇ ਲੰਗਰ ਵਿੱਚ ਭੇਂਟ ਕੀਤੇ। ਫਿਰ ਕਿਤੇ ਜਾ ਕੇ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ।

ਕਿਸੇ ਘਰ ਕੁਝ ਅਮਲੀ ਇੱਕਠੇ ਹੋ ਕੇ ਦਾਰੂ ਸਿੱਕਾ ਛਕ ਰਹੇ ਸਨ ਤੇ ਉਹਨਾਂ ਨੇ ਬੱਕਰਾ ਬਣਾਇਆ ਹੋਇਆ ਸੀ। ਜਿਸ ਅਮਲੀ ਦੇ ਘਰ ਪ੍ਰੋਗਰਾਮ ਚੱਲ ਰਿਹਾ ਸੀ, ਉਸ ਦੀ ਪਤਨੀ ਉਸ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਪਹਿਲਾਂ ਹੀ ਉਸ ਨੂੰ ਛੱਡ ਕੇ ਜਾ ਚੁੱਕੀ ਸੀ। ਜਦੋਂ ਸ਼ਰਾਬ ਦਾ ਦੌਰ ਖਤਮ ਹੋਇਆ ਤਾਂ ਰੋਟੀ ਖਾਣ ਦਾ ਸਮਾਂ ਹੋ ਗਿਆ। ਹੁਣ ਘਰ ਵਿੱਚ ਜਨਾਨੀ ਹੋਵੇ ਤਾਂ ਰੋਟੀ ਪਕਾਵੇ। ਉਹਨਾਂ ਦੇ ਘਰ ਦੇ ਨਜ਼ਦੀਕ ਹੀ ਕਿਸੇ ਬਹੁਤ ਹੀ ਕੱਟੜ ਧਾਰਮਿਕ ਸੰਸਥਾ ਨੇ ਲੰਗਰ ਲਗਾਇਆ ਹੋਇਆ ਸੀ। ਦੋ ਅਮਲੀ ਉਥੋਂ ਰੋਟੀਆਂ ਲੈਣ ਲਈ ਚਲੇ ਗਏ। ਦਾਰੂ ਦੀ ਮੁਸ਼ਕ ਮਾਰਦੇ ਅਮਲੀਆਂ ਨੂੰ ਸੇਵਾਦਾਰਾਂ ਨੇ ਨੱਕ ਮੂੰਹ ਵੱਟ ਕੇ ਰੋਟੀਆਂ ਪੋਣੇ ਵਿੱਚ ਵਲੇਟ ਦਿੱਤੀਆਂ। ਜਦੋਂ ਅਮਲੀ ਤੁਰਨ ਲੱਗੇ ਤਾਂ ਇੱਕ ਸੇਵਾਦਾਰ ਨੇ ਕਿਹਾ ਕਿ ਭਾਈ ਦਾਲ ਤਾਂ ਲੈ ਲਉ, ਰੋਟੀਆਂ ਸੁੱਕੀਆਂ ਕਿਵੇਂ ਖਾਉਗੇ? ਇੱਕ ਅਮਲੀ ਸਿਆਣਾ ਜਿਹਾ ਬਣ ਕੇ ਕਹਿਣ ਲੱਗਾ, "ਦਾਲ ਦੀ ਲੋੜ ਨਹੀਂ ਬਾਬਾ ਜੀ, ਘਰੇ ਬੱਕਰਾ ਬਣਿਆ ਹੋਇਆ ਹੈ।" ਪਹਿਲਾਂ ਹੀ ਅਮਲੀਆਂ ਦੇ ਮੂੰਹ ਵਿੱਚੋਂ ਆਉਂਦੀ ਮੁਸ਼ਕ ਤੋਂ ਸੜੇ ਬਲੇ ਸੇਵਾਦਾਰਾਂ ਨੇ ਐਨਾ ਸੁਣਦੇ ਹੀ ਉਹਨਾਂ ਨੂੰ ਬੱਕਰੇ ਵਾਂਗ ਢਾਹ ਲਿਆ ਤੇ ਕੁੱਟ ਕੁੱਟ ਕੇ ਬਾਂਦਰ ਬਣਾ ਦਿੱਤਾ।

-0-

➡ ਕਿਹਾ ਹੈ। ਮੰਤਰੀ ਦੇ ਖਿਲਾਫ ਕੋਈ ਕਾਰਵਾਈ ਹੋਣ ਦੀ ਬਜਾਏ ਇਸ ਆਡੀਓ ਦਾ ਸਗੋਂ ਉਲਟਾ ਅਸਰ ਹੋਇਆ ਸੀ। ਮਾਣਯੋਗ ਹਾਈ ਕੋਰਟ ਨੂੰ ਚੈਲੇਂਜ ਕਰਨ ਵਾਲਾ ਮੰਤਰੀ ਤਾਂ ਮੰਤਰੀ ਹੀ ਰਿਹਾ, ਪਰ ਆਪਣੀ ਡਿਊਟੀ ਨੂੰ ਸਹੀ ਢੰਗ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨ ਵਾਲੇ ਡੀ.ਐਸ.ਪੀ. ਨੂੰ ਰਿਟਾਇਰਮੈਂਟ ਤੋਂ ਇੱਕ ਦਿਨ ਪਹਿਲਾਂ ਡਿੱਸਮਿੱਸ ਕਰ ਦਿੱਤਾ ਗਿਆ ਸੀ। ਹੁਣ ਜਦੋਂ ਉਸ ਸਾਬਕਾ ਮੰਤਰੀ ਨੂੰ ਵਿਜੀਲੈਂਸ ਦਾ ਡਰ ਸਤਾ ਰਿਹਾ ਹੈ ਤਾਂ ਉਹ ਉਸ ਹੀ ਮਾਣਯੋਗ ਹਾਈ ਕੋਰਟ ਦੇ ਚਰਨਾਂ ਵਿੱਚ ਜਾ ਢੇਰੀ ਹੋਇਆ ਹੈ, ਜਿਸ ਨੂੰ ਕੁਝ ਵੀ ਨਾ ਸਮਝਣ ਦੀਆਂ ਉਹ ਬਾਂਦਰ ਭਬਕੀਆਂ ਮਾਰਦਾ ਸੀ। -0-

# ਨਵੀਂ ਕਿਸਮ ਦੀ ਅਗਨ ਪ੍ਰੀਖਿਆ

-ਡਾ. ਹਰਸ਼ਿੰਦਰ ਕੌਰ, ਐਮ. ਡੀ., 0175-2216783

ਭਾਰਤੀ ਇਤਿਹਾਸ ਮੰਨਦਾ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਧਰਤੀ ਉੱਤੇ ਉਤਰੇ ਰੱਬੀ ਅਵਤਾਰ ਨੇ ਵੀ ਇੱਕ ਧੋਬੀ ਦੇ ਕਹਿਣ ਉੱਤੇ ਆਪਣੀ ਪਤਨੀ ਨੂੰ ਸਾਵਿਤ੍ਰੀ ਸਾਬਤ ਕਰਨ ਲਈ ਅਗਨ ਪ੍ਰੀਖਿਆ ਵਾਸਤੇ ਮਜਬੂਰ ਕੀਤਾ ਸੀ। ਇਸ ਮਰਦ ਪ੍ਰਧਾਨ ਸਮਾਜ ਵਿਚ ਔਰਤ ਸਿਰਫ਼ ਇੱਕ ਗ਼ੁਲਾਮ ਹੀ ਮੰਨੀ ਗਈ! ਭਾਵੇਂ ਵਿਕਸਿਤ ਮੁਲਕ ਦੀ ਰਾਣੀ ਡਾਇਨਾ ਰਹੀ ਹੋਵੇ ਤੇ ਭਾਵੇਂ ਵਿਕਾਸਸ਼ੀਲ ਦੇਸ ਦੀ ਗ਼ਰੀਬ ਔਰਤ, ਅੱਜ ਤੱਕ ਵੀ ਉਸ ਦੀ ਅਗਨ ਪ੍ਰੀਖਿਆ ਕਦੇ ਮੁੱਕੀ ਨਹੀਂ। ਕੁਆਰਪੁਣੇ ਦੀ ਮਰਦਾਨਾ ਭੁੱਖ ਕਿਸੇ ਸਦੀ ਵਿਚ ਕਦੇ ਤ੍ਰਿਪਤ ਹੋਈ ਹੀ ਨਹੀਂ!

ਇੱਕ ਪਾਸੇ ਖ਼ਬਰ ਛਪਦੀ ਹੈ ਕਿ 20 ਜਣਿਆਂ ਨੇ ਰਲ ਕੇ ਇਕ ਨਾਬਾਲਗ ਬੱਚੀ ਦਾ ਕੁਆਰ ਭੰਗ ਕੀਤਾ ਤੇ ਦੂਜੇ ਪਾਸੇ ਇਹ ਸਾਰੇ 20 ਦੇ ਵੀਹ ਜਣੇ ਆਪਣੇ ਵਿਆਹ ਲਈ 'ਕੁਆਰੀ' ਬਾਲੜੀ ਦੀ ਭਾਲ ਵਾਸਤੇ ਜੁਟ ਜਾਂਦੇ ਹਨ।

ਇਕ ਵਹਿਮ ਦੀ ਬੀਮਾਰੀ ਨੇ ਵੀ ਲੱਖਾਂ ਔਰਤਾਂ ਦੀ ਜੂਨ ਖ਼ਰਾਬ ਕੀਤੀ ਹੈ। ਇਹ ਵਹਿਮ 'ਓਥੈਲੋ ਸਿੰਡਰੋਮ' ਦੀ ਸ਼ਕਲ ਵਿਚ ਮਰਦ ਨੂੰ ਚਿੰਬੜਦਾ ਹੈ। ਮਾਨਸਿਕ ਰੋਗੀ ਮਰਦ ਹਰ ਵੇਲੇ ਇੱਕੋ ਸੋਚ ਦੇ ਦੁਆਲੇ ਘੁੰਮਦਾ ਰਹਿੰਦਾ ਹੈ ਕਿ ਉਸਦੀ ਪਤਨੀ ਦਾ ਕਿਸੇ ਹੋਰ ਮਰਦ ਨਾਲ ਸੰਬੰਧ ਹੈ। ਮਾਨਸਿਕ ਰੋਗ ਦੇ ਵਹਿਮ ਦਾ ਸ਼ਿਕਾਰ ਮਰਦ ਕਦੇ ਆਪਣਾ ਇਲਾਜ ਕਰਵਾਉਂਦਾ ਹੀ ਨਹੀਂ ਤੇ ਬੇਦੋਸੀ ਪਤਨੀ ਦਾ ਕਤਲ ਤੱਕ ਕਰ ਦਿੰਦਾ ਹੈ। ਅਜਿਹੇ ਅਣਗਿਣਤ ਕੇਸ ਮੈਡੀਕਲ ਜਰਨਲਾਂ ਵਿਚ ਲਿਖੇ ਮਿਲਦੇ ਹਨ ਤੇ ਅਨੇਕ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਚੁੱਕੇ ਹਨ।

ਇਸ ਬੇਬੁਨਿਆਦ ਮਾਨਸਿਕ ਵਹਿਮ ਨੇ ਹੁਣ ਨਵਾਂ ਚੰਨ ਚਾੜ੍ਹਿਆ ਹੈ। ਗੱਲ ਰਾਮਪੁਰ ਪਿੰਡ ਦੀ ਹੈ। ਉੱਥੇ ਵੀ ਓਥੈਲੋ ਸਿੰਡਰੋਮ ਨਾਲ ਪੀੜਤ ਬੰਦਾ ਨਸ਼ੇ ਦੀ ਹਾਲਤ ਵਿਚ ਰੋਜ਼ ਆਪਣੀ ਪਤਨੀ ਉੱਤੇ ਸ਼ੱਕ ਕਰਦਿਆਂ ਉਸਨੂੰ ਕੁੱਟਦਾ ਰਹਿੰਦਾ ਸੀ। ਗੁਆਂਢੀਆਂ ਨੇ ਬਥੇਰਾ ਸਮਝਾਇਆ ਕਿ ਉਸ ਦੀ ਪਤਨੀ ਸਾਰਾ ਦਿਨ ਘਰ ਹੀ ਹੁੰਦੀ ਹੈ ਤੇ ਘਰ ਦਾ ਕੰਮ ਕਰਦੀ ਰਹਿੰਦੀ ਹੈ। ਕਿਤੇ ਆਉਂਦੀ ਜਾਂਦੀ ਨਹੀਂ, ਇਸ ਲਈ ਉਸ ਉੱਤੇ ਬੇਬੁਨਿਆਦ ਸ਼ੱਕ ਸਦਕਾ ਜ਼ੁਲਮ ਢਾਹੁਣਾ ਠੀਕ ਨਹੀਂ। ਪਰ ਮਾਨਸਿਕ ਰੋਗੀ ਪਤੀ ਕਿੱਥੇ ਮੰਨਣ ਵਾਲਾ ਸੀ!

ਹਰ ਰੋਜ਼ ਮਾਰ ਕੁਟਾਈ ਚੱਲਦੀ ਰਹੀ ਤੇ ਗਵਾਂਢੀ ਤੰਗ ਹੁੰਦੇ ਰਹੇ। ਅਖ਼ੀਰ ਇਕ ਦਿਨ ਅਤਿ ਹੋ ਗਈ। ਪਤੀ ਨੇ ਰਾਤ ਘਰ ਮੁੜ ਕੇ ਆਪਣੀ ਪਤਨੀ ਨੂੰ ਮਨਾ ਲਿਆ ਕਿ ਅੱਜ ਤੋਂ ਬਾਅਦ ਕਦੇ ਵੀ ਉਹ ਸ਼ੱਕ ਨਹੀਂ ਕਰੇਗਾ ਜੇ ਪਤਨੀ ਆਪਣੇ



ਅੰਦਰੂਨੀ ਅੰਗ ਉਸ ਕੋਲੋਂ ਆਪ ਚੈੱਕ ਕਰਵਾ ਲਵੇ। ਇਸ ਵਾਸਤੇ ਪਤੀ ਉਸ ਦੇ ਹੱਥ ਪੈਰ ਬੰਨ੍ਹ ਕੇ ਚੈੱਕ ਕਰੇਗਾ। ਤੰਗ ਹੋ ਚੁੱਕੀ ਔਰਤ ਮੰਨ ਗਈ।

**ਹੁਣ ਅਨੇਕ ਨੌਜਵਾਨ ਔਰਤਾਂ ਵੀ ਆਪਣੇ ਪਤੀਆਂ ਹੱਥੋਂ ਇਸ ਤਰ੍ਹਾਂ ਦੇ ਅੰਗਾਂ ਦਾ ਕੱਟੇ ਵੱਢੇ ਜਾਣ ਦਾ ਸ਼ਿਕਾਰ ਬਣ ਚੁੱਕੀਆਂ ਹਨ। ਕਿਸੇ ਵੱਲੋਂ ਵੀ ਆਵਾਜ਼ ਕੱਢਣ ਉੱਤੇ ਸਮਾਜ ਔਰਤਾਂ ਵਿਚ ਹੀ ਦੋਸ਼ ਕੱਢ ਕੇ ਉਨ੍ਹਾਂ ਨੂੰ ਚੁੱਪ ਹੋ ਜਾਣ ਉੱਤੇ ਮਜਬੂਰ ਕਰ ਦਿੰਦਾ ਹੈ। ਅੱਜ ਤੱਕ ਜਿਸ ਵੀ ਔਰਤ ਨੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ, ਸਾਰੇ ਉਹ ਲੋਕ, ਜੋ ਔਰਤ ਉੱਤੇ ਹੋ ਰਹੀ ਹਿੰਸਾ ਨੂੰ ਸਹੀ ਮੰਨਦੇ ਹਨ, ਉੱਚੀ-ਉੱਚੀ ਚੀਕਣ ਲੱਗ ਪੈਂਦੇ ਹਨ। ਹੋ-ਹੱਲਾ ਕਰ ਕੇ ਔਰਤ ਦੀ ਆਵਾਜ਼ ਦੱਬ ਦਿੱਤੀ ਜਾਂਦੀ ਹੈ। ਯੂਨਾਈਟਿਡ ਨੇਸ਼ਨਜ਼ ਵੱਲੋਂ ਐਲਾਨੇ ਇਸ ਮਨੁੱਖੀ ਅਧਿਕਾਰਾਂ ਦੇ ਕਤਲ ਵਿਰੁੱਧ ਅੱਜ ਲੋੜ ਹੈ ਸੁਹਿਰਦ ਲੋਕਾਂ ਵੱਲੋਂ ਵਿਰੋਧ ਕਰਨ ਦੀ। ਇਸ ਅਤਿ ਦੇ ਘਿਨਾਉਣੇ ਜੁਰਮ ਨੂੰ ਹਰ ਹਾਲ ਠੱਲ ਪਾਉਣ ਦੀ ਲੋੜ ਹੈ।**

ਪਤੀ ਨੇ ਹੱਥ ਪੈਰ ਬੰਨਣ ਬਾਅਦ ਔਰਤ ਦਾ ਮੂੰਹ ਵੀ ਘੁੱਟ ਕੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਔਰਤ ਨੇ ਚੀਕਣਾ ਚਾਹਿਆ ਤਾਂ ਘੁੱਟ ਕੇ ਮੂੰਹ ਦੱਬ ਦਿੱਤਾ।

ਬੰਨ੍ਹਣ ਬਾਅਦ ਪਤੀ ਨੇ ਐਲਮੀਨੀਅਮ ਦੀ ਤਾਰ ਨਾਲ ਪਤਨੀ ਦੀ ਬੱਚੇਦਾਨੀ ਦੇ ਮੂੰਹ ਨੂੰ ਸੀਅ ਦਿੱਤਾ! ਤੜਫਦੀ ਪਤਨੀ ਨੂੰ ਉਂਜ ਹੀ ਲਹੂ ਲੁਹਾਨ ਤੇ ਬੰਨ੍ਹੀ ਹੋਈ ਨੂੰ ਛੱਡ ਕੇ, ਉਸ ਨੂੰ ਗਾਲ੍ਹਾਂ ਕੱਢ ਕੇ, ਪਤੀ ਭੱਜ ਗਿਆ।

ਅਗਲੇ ਦਿਨ ਸਵੇਰੇ ਬਹੁਤ ਲਹੂ ਵਹਿ ਜਾਣ ਤੇ ਅੰਤਾਂ ਦੀ ਪੀੜ ਕਾਰਨ ਨੀਮ ਬੇਹੋਸ਼ ਹੋਈ ਪਤਨੀ ਨੂੰ ਗਵਾਂਢਣ ਨੇ ਆ ਕੇ ਵੇਖਿਆ ਤਾਂ ਘਬਰਾ ਗਈ। ਹੋਰ ਔਰਤਾਂ ਨੂੰ ਸੱਦ ਕੇ ਉਸ ਨੂੰ ਖੋਲ੍ਹ ਕੇ ਝੱਟ ਹਸਪਤਾਲ ਲਿਜਾਇਆ ਗਿਆ। ਪਤੀ ਉਸ ਸਮੇਂ ਤੋਂ ਫਰਾਰ ਹੈ। ਰਿਪੋਰਟ ਦਰਜ ਕਰਵਾਈ ਜਾ ਚੁੱਕੀ ਹੈ ਪਰ ਪਤਨੀ ਤਾਂ ਹੁਣ ਅਨੇਕ ਅਪਰੇਸ਼ਨਾਂ ਬਾਅਦ ਵੀ ਨਾਰਮਲ ਨਹੀਂ ਹੋ ਸਕਣ ਲੱਗੀ!

ਓਥੈਲੋ ਸਿੰਡਰੋਮ ਦਾ ਮਰੀਜ਼ ਪਤੀ ਦਰਅਸਲ ਆਪ ਸਰੀਰਕ ਸੰਬੰਧ ਬਣਾਉਣ ਜੋਗਾ ਨਹੀਂ ਹੁੰਦਾ ਤੇ ਆਪਣੀ ਕਮਜ਼ੋਰੀ ਦਾ ਭਾਂਡਾ ਬੇਕਸੂਰ ਪਤਨੀ ਸਿਰ ਭੰਨ੍ਹ ਦਿੰਦਾ ਹੈ।

ਔਰਤ ਦੇ ਬੱਚੇਦਾਨੀ ਦੇ ਮੂੰਹ ਦੀ ਕੱਟ ਵੱਢ ਕਰਨੀ ਵੀ ਇਹ ਕੋਈ ਪਹਿਲਾ ਕੇਸ ਨਹੀਂ ਹੈ।

ਯੂਨਾਈਟਿਡ ਨੇਸ਼ਨਜ਼ ਨੇ ਇਸ ਤਰ੍ਹਾਂ ਦੀ ਔਰਤਾਂ ਦੇ ਅੰਦਰੂਨੀ ਅੰਗ ਦੀ ਕੱਟ ਵੱਢ ਨੂੰ ਮਨੁੱਖੀ ਅਧਿਕਾਰਾਂ ਦਾ ਸੰਗੀਨ ਜੁਰਮ ਮੰਨ ਲਿਆ ਹੈ।

ਅਫਰੀਕਾ ਵਿਚ ਤਾਂ ਸਦੀਆਂ ਤੋਂ ਇਹ ਕੁਕਰਮ ਹੁੰਦਾ ਰਿਹਾ ਹੈ। ਮੁੰਬਈ ਵਿਖੇ ਇਸ ਸੰਗੀਨ ਜੁਰਮ ਦਾ ਪਰਦਾ ਫਾਸ਼ ਹੋਇਆ ਹੈ ਜਿਸ ਬਾਰੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਪੂਰੀ ਰਿਪੋਰਟ ਛਪੀ ਹੈ।

ਛੇ ਤੋਂ ਸੱਤ ਵਰ੍ਹਿਆਂ ਦੀਆਂ ਬਾਲੜੀਆਂ ਨੂੰ ਹਨ੍ਹੇਰੇ ਕਮਰੇ ਵਿਚ ਲਿਜਾ ਕੇ, ਉਨ੍ਹਾਂ ਸਾਹਮਣੇ ਗੈਸ ਉੱਤੇ ਚਾਕੂ ਨੂੰ ਲਾਲ ਸੁਰਖ਼ ਗਰਮ ਕਰ ਕੇ, ਉਨ੍ਹਾਂ ਦੇ ਅੰਦਰੂਨੀ ਅੰਗਾਂ ਨੂੰ ਵੱਢ ਦਿੱਤਾ ਜਾਂਦਾ ਹੈ। ਚੀਕਦੀਆਂ ਕੁਰਲਾਉਂਦੀਆਂ ਬਾਲੜੀਆਂ, ਜੋ ਬੋਹਰਾ ਜਾਤ ਨਾਲ ਸੰਬੰਧਤ ਹਨ, ਦਾ ਮੂੰਹ ਦੱਬ ਕੇ, 'ਖਤਨਾ' ਦਾ ਨਾਂ ਦੇ ਕੇ ਜ਼ਿੰਦਗੀ ਭਰ ਲਈ ਦਰਦ ਸਹਿਨ ਕਰਨ ਲਈ ਛੱਡ ਦਿੱਤੀਆਂ ਜਾਂਦੀਆਂ ਹਨ। ਲੱਖਾਂ ਦੀ ਗਿਣਤੀ ਵਿਚ ਹੁਣ ਤੱਕ ਮਨੁੱਖੀ

ਅਧਿਕਾਰਾਂ ਦਾ ਘਾਣ ਕਰਵਾ ਚੁੱਕੀਆਂ ਬਾਲੜੀਆਂ ਵਿੱਚੋਂ 18 ਜਣੀਆਂ ਨੇ ਹਿੰਮਤ ਵਿਖਾ ਕੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ। ਦਿੱਲੀ ਦੀ 'ਮਸੂਮਾ ਰਨਾਲਵੀ' ਤੇ ਉਸ ਨਾਲ 17 ਹੋਰ ਔਰਤਾਂ ਨੇ 'ਓਨਲਾਈਨ ਪੈਟੀਸ਼ਨ' ਰਾਹੀਂ ਸਮਾਜ ਨੂੰ ਸ਼ੀਸ਼ਾ ਵਿਖਾਇਆ ਹੈ। ਇਹ ਸਾਰੀਆਂ ਔਰਤਾਂ 42 ਸਾਲ ਪਹਿਲਾਂ ਸ਼ਿਕਾਰ ਬਣਾਈਆਂ ਗਈਆਂ ਸਨ।

ਆਰੀਫਾ ਜੌਹਰੀ ਵੀ ਮੁੰਬਈ ਦੇ ਭਿੰਡੀ ਬਜ਼ਾਰ ਵਿਚ ਹਨ੍ਹੇਰੇ ਕਮਰੇ ਵਿਚ ਚਾਕਲੇਟ ਦੇ ਲਾਲਚ ਵਿਚ ਆਪਣੇ ਨਾਲ ਹੋਏ ਇਸ ਅਤਿ ਘਿਨਾਉਣੇ ਜੁਰਮ ਨੂੰ ਯਾਦ ਕਰਦਿਆਂ ਕੰਬਣ ਲੱਗ ਪੈਂਦੀ ਹੈ। ਉਸ ਨੇ ਆਪਣੀਆਂ ਧੀਆਂ ਨੂੰ ਇਸ ਤਰ੍ਹਾਂ ਦੀ ਹੈਵਾਨੀਅਤ ਤੋਂ ਬਚਾਇਆ ਤਾਂ ਸਮਾਜ ਦੀਆਂ ਲਾਅਣਤਾਂ ਦਾ ਸ਼ਿਕਾਰ ਬਣ ਗਈ। ਪੂਰਾ ਮਰਦ ਪ੍ਰਧਾਨ ਸਮਾਜ ਉਸ ਉੱਤੇ ਚਿੱਕੜ ਸੁੱਟਣ ਲੱਗ ਪਿਆ ਪਰ ਉਸ ਹਿੰਮਤ ਨਹੀਂ ਹਾਰੀ। ਮਰਦ ਪ੍ਰਧਾਨ ਸਮਾਜ ਇਹ ਮੰਨ ਚੁੱਕਿਆ ਹੈ ਕਿ ਜੇ ਔਰਤ ਦਾ ਖਤਨਾ ਨਹੀਂ ਹੋਇਆ ਤਾਂ ਉਹ ਸਰੀਰਕ ਸੰਬੰਧਾਂ ਦਾ ਆਨੰਦ ਲੈਣ ਲੱਗ ਪਵੇਗੀ। ਔਰਤ ਨੂੰ ਸਰੀਰਕ ਸੰਬੰਧਾਂ ਵਿੱਚੋਂ ਅਤਿ ਦੀ ਪੀੜ ਮਹਿਸੂਸ ਹੋਣੀ ਚਾਹੀਦੀ ਹੈ ਤੇ ਉਸ ਦਾ ਕੰਮ ਸਿਰਫ਼ ਪਤੀ ਦੇ ਬੱਚੇ ਜੰਮ ਕੇ ਮਰ ਮੁੱਕ ਜਾਣਾ ਹੁੰਦਾ ਹੈ।

ਹਾਲਾਤ ਇਹ ਹੋ ਚੁੱਕੇ ਹਨ ਕਿ ਔਰਤ ਦੇ ਇਸ ਅੰਗ ਨੂੰ 'ਹਰਾਮ ਦੀ ਬੋਟੀ' ਵਰਗਾ ਦਿਲ ਕੰਬਾਊ ਨਾਂ ਦੇ ਕੇ ਉਸ ਉੱਤੇ ਕਹਿਰ ਢਾਹੁਣਾ ਜਾਰੀ ਹੈ ਜੋ ਮਰਦ ਪ੍ਰਧਾਨ ਸਮਾਜ ਅਨਪੜ੍ਹ ਦਾਈਆਂ ਹੱਥੋਂ ਹੀ ਕਰਵਾਉਂਦਾ ਹੈ।

ਅਮਰੀਕਾ ਵਿਚ ਬੈਠੀ 'ਜ਼ਹਿਰਾ ਪਤਵਾ' ਨੇ ਵੀ ਮੰਨਿਆ ਕਿ ਉਹ ਇਸ ਜੁਰਮ ਦਾ ਸ਼ਿਕਾਰ ਹੋਈ ਤਾਂ ਸਭ ਤੋਂ ਪਹਿਲਾਂ ਆਪਣੀ ਮਾਂ ਨੂੰ ਕਸੂਰਵਾਰ ਮੰਨਿਆ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੀ ਮਾਂ, ਦਾਦੀ, ਪੜਦਾਦੀ, ਸਭ ਮਰਦਾਂ ਦੇ ਹੁਕਮਾਂ ਤਹਿਤ ਚੁੱਪ ਚੁਪੀਤੇ ਇਸ ਰਸਮ ਨੂੰ ਨਿਭਾਈ ਜਾ ਰਹੀਆਂ ਸਨ।

ਇਨ੍ਹਾਂ ਵਿੱਚੋਂ ਬਥੇਰੀਆਂ ਕੀਟਾਣੂਆਂ ਦੇ ਹਮਲੇ ਸਦਕਾ ਸਦੀਵੀ ਰੋਗੀ ਬਣ ਜਾਂਦੀਆਂ ਹਨ, ਕੁੱਝ ਦੇ ਬੱਚਾ ਨਹੀਂ ਠਹਿਰ ਸਕਦਾ, ਕੁੱਝ ਬਹੁਤਾ ਲਹੂ ਵਹਿ ਜਾਣ ਕਾਰਨ ਬੀਮਾਰ ਹੋ ਜਾਂਦੀਆਂ ਹਨ।

ਇਸ ਪ੍ਰਥਾ ਵਿਰੁੱਧ ਆਵਾਜ਼ ਚੁੱਕਣ ਵਾਲੀਆਂ ਨੂੰ ਸਮਾਜ ਵਿੱਚੋਂ ਛੇਕ ਤੱਕ ਦਿੱਤਾ ਜਾਂਦਾ ਹੈ। ਕਿਸੇ ਇਕੱਠ ਵਿਚ ਜਾਂ ਕਿਸੇ ਸਮਾਗਮ ਵਿਚ ਉਸ ਦਾ ਜਾਣਾ ਵਰਜਿਤ ਕਰ ਦਿੱਤਾ ਜਾਂਦਾ ਹੈ।

ਬੋਹਰਾ ਪ੍ਰਜਾਤੀ ਦਾ ਧਾਰਮਿਕ ਮੁਖੀ ਸਾਈਨੇਡਾ ਇਸ ਪ੍ਰਥਾ ਦਾ ਜ਼ੋਰਦਾਰ ਸਮਰਥਨ ਕਰਦਾ ਹੈ ਤੇ ਹੁਣ ਵੀ ਇਹੋ ਹੁਕਮ ਦੇ ਰਿਹਾ ਹੈ ਕਿ ਪੂਰੇ ਭਾਰਤ ਦੇ ਹਰ ਕੋਨੇ ਵਿਚ ਹਰ ਔਰਤ ਦਾ ਅੰਗ ਵੱਢਣਾ ਜ਼ਰੂਰੀ ਹੈ।

ਭਾਰਤ ਵਿਚ ਅੱਜ ਤੱਕ ਇਸ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ਦੇ ਕਤਲ ਲਈ ਕੋਈ ਰੋਕ ਨਹੀਂ ਲੱਗੀ ਹੋਈ।

ਅਸਟ੍ਰੇਲੀਆ ਵਿਚ ਵੀ ਇਸ ਕੁਕਰਮ ਵਿਰੁੱਧ ਇੰਸੀਆ ਤੇ ਮਾਰੀਆ, ਦੋ ਔਰਤਾਂ ਨੇ ਮੁਹਿੰਮ ਵਿੱਢੀ ਹੈ। ਬੱਚੀਆਂ ਉੱਤੇ ਪਹਿਲਾਂ ਹੀ ਅਨੇਕ ਤਰ੍ਹਾਂ ਦੇ ਅਣਮਨੁੱਖੀ ਤਸੀਹੇ ਢਾਹੇ ਜਾ ਰਹੇ ਹਨ। ਕੁੱਖ ਵਿਚ ਮਾਰੇ ਜਾਣ ਤੋਂ ਲੈ ਕੇ ਨਾਬਾਲਗ ਬੇਟੀਆਂ ਦੇ ਸਮੂਹਕ ਬਲਾਤਕਾਰਾਂ ਬਾਅਦ ਸਾੜਨ ਦੇ ਅਣਗਿਣਤ ਕਿੱਸੇ ਛੱਪ ਚੁੱਕੇ ਹਨ।

ਹੁਣ ਅਨੇਕ ਨੌਜਵਾਨ ਔਰਤਾਂ ਵੀ ਆਪਣੇ ਪਤੀਆਂ ਹੱਥੋਂ ਇਸ ਤਰ੍ਹਾਂ ਦੇ ਅੰਗਾਂ ਦਾ ਕੱਟੇ ਵੱਢੇ ਜਾਣ ਦਾ ਸ਼ਿਕਾਰ ਬਣ ਚੁੱਕੀਆਂ ਹਨ। ਕਿਸੇ ਵੱਲੋਂ ਵੀ ਆਵਾਜ਼ ਕੱਢਣ ਉੱਤੇ ਸਮਾਜ ਔਰਤਾਂ ਵਿਚ ਹੀ ਦੋਸ਼ ਕੱਢ ਕੇ ਉਨ੍ਹਾਂ ਨੂੰ ਚੁੱਪ ਹੋ ਜਾਣ ਉੱਤੇ ਮਜਬੂਰ ਕਰ ਦਿੰਦਾ ਹੈ।

ਅੱਜ ਤੱਕ ਜਿਸ ਵੀ ਔਰਤ ਨੇ ਇਸ ਜ਼ੁਲਮ ਵਿਰੁੱਧ ਆਵਾਜ਼ ਚੁੱਕੀ ਹੈ, ਸਾਰੇ ਉਹ ਲੋਕ, ਜੋ ਔਰਤ ਉੱਤੇ ਹੋ ਰਹੀ ਹਿੰਸਾ ਨੂੰ ਸਹੀ ਮੰਨਦੇ ਹਨ, ਉੱਚੀ-ਉੱਚੀ ਚੀਕਣ ਲੱਗ ਪੈਂਦੇ ਹਨ। ਹੋ-ਹੱਲਾ ਕਰ ਕੇ ਔਰਤ ਦੀ ਆਵਾਜ਼ ਦੱਬ ਦਿੱਤੀ ਜਾਂਦੀ ਹੈ। ਯੂਨਾਈਟਿਡ ਨੇਸ਼ਨਜ਼ ਵੱਲੋਂ ਐਲਾਨੇ ਇਸ ਮਨੁੱਖੀ ਅਧਿਕਾਰਾਂ ਦੇ ਕਤਲ ਵਿਰੁੱਧ ਅੱਜ ਲੋੜ ਹੈ ਸੁਹਿਰਦ ਲੋਕਾਂ ਵੱਲੋਂ ਵਿਰੋਧ ਕਰਨ ਦੀ। ਇਸ ਅਤਿ ਦੇ ਘਿਨਾਉਣੇ ਜੁਰਮ ਨੂੰ ਹਰ ਹਾਲ ਠੱਲ ਪਾਉਣ ਦੀ ਲੋੜ ਹੈ।

ਇੱਕ ਔਰਤ ਹੁੰਦਿਆਂ, ਆਪਣੀ ਜ਼ਾਤ ਦੀਆਂ ਦੀ ਪੀੜ ਸਮਝਦਿਆਂ ਮੈਂ ਉਨ੍ਹਾਂ ਦੇ ਹੱਕਾਂ ਲਈ ਅੱਜ ਆਵਾਜ਼ ਚੁੱਕੀ ਹੈ, ਇਸ ਉਮੀਦ ਵਿੱਚ ਕਿ ਹੁਣ ਇੱਕੀਵੀਂ ਸਦੀ ਵਿਚ ਤਾਂ ਘੱਟੋ-ਘੱਟ ਔਰਤ ਦੀ ਅਗਨ ਪ੍ਰੀਖਿਆ ਹੋਣੀ ਬੰਦ ਹੋਵੇਗੀ। ਆਖ਼ਰ ਕਿਸੇ ਸਦੀ ਵਿਚ ਤਾਂ ਔਰਤ ਨੂੰ ਸਹੀ ਮਾਅਨਿਆਂ ਵਿਚ ਬਰਾਬਰੀ ਦਾ ਦਰਜਾ ਦਿੱਤਾ ਜਾਵੇਗਾ!

-0-

# ਸਲੂਕ

**-ਮਨਪ੍ਰੀਤ ਕੌਰ ਭਾਟੀਆ**
**(ਐਮ.ਏ., ਬੀ.ਐੱਡ.)**

ਤਿੰਨਾਂ ਭਰਾਵਾਂ ਵਿੱਚ ਅੱਜ ਜ਼ਬਰਦਸਤ ਬਹਿਸ ਛਿੜ ਪਈ। "ਮੇਰਾ ਤਾਂ ਅਪਣਾ ਖ਼ਰਚਾ ਮਸਾਂ ਤੁਰਦੈ, ਮੈਂ ਇਨ੍ਹਾਂ ਨੂੰ ਕਿਥੋਂ ਰੋਟੀ ਖੁਆਵਾਂ।" ਵਿਚਕਾਰਲਾ ਮੁੰਡਾ ਗੁੱਸੇ ਵਿੱਚ ਅੱਜ ਬੁੱਢੇ ਮਾਂ-ਪਿਉ ਦੇ ਸਾਹਮਣੇ ਹੀ ਬੋਲ ਪਿਆ।

"ਕਿਉਂ ਨਹੀਂ ਖੁਆ ਸਕਦਾ? ਤੂੰ ਪੁੱਤਰ ਨਹੀਂ ਇਨ੍ਹਾਂ ਦਾ?" "ਤੇ ਤੂੰ ? ਤੂੰ ਕੀ ਏ? ਤੂੰ ਵੀ ਤਾਂ ਪੁੱਤਰ ਏਂ, ਤੂੰ ਰੱਖ ਲੈ ਅਪਣੇ ਨਾਲ।" ਵਿਚਕਾਰਲਾ ਛੋਟੇ ਨੂੰ ਟੁੱਟ ਕੇ ਪੈ ਗਿਆ।

"ਵੇ ਨਾ ਲੜੋ ਤੁਸੀਂ, ਰੱਬ ਦਾ ਵਾਸਤਾ ਜੇ। ਅਸੀਂ ਵੱਡੇ ਨਾਲ ਈ ਰਹੀ ਜਾਨੇ ਆਂ।" ਬੁੱਢੀ ਮਾਂ ਹੰਝੂ ਪੂੰਝਦੀ ਅਜੇ ਬੋਲੀ ਹੀ ਸੀ ਕਿ ਵੱਡਾ ਮੁੰਡਾ ਤੁਣਕ ਪਿਆ, "ਬੇਬੇ, ਮੈਂ ਕੀ ਕਰਾਂ? ਆਪ ਈ ਦੱਸੋ ਤੁਸੀਂ। ਥੋੜੀ ਜਿਹੀ ਤਨਖਾਹ ਵਿੱਚ ਅਪਣੀ ਪੂਰੀ ਨਹੀਂ ਪੈਂਦੀ, ਮੈਨੂੰ ਈ ਪਤੈ ਅਜੇ ਤੱਕ ਕਿਵੇਂ ਔਖਾ ਹੋ-ਹੋ ਸਮਾਂ ਕਢਿਐ ਮੈਂ ਤੇ ਇਹ ਦੋਵੇਂ ਥੋੜੀ ਦੇਰ ਵਿੱਚ ਈ ਅੱਕ ਗਏ।"

"ਵੇ ਸ਼ਰਮ ਕਰੋ ਤੁਸੀਂ। ਅਸੀਂ ਸਾਰੀ ਉਮਰ ਥੁੜਾਂ ਵਿੱਚ ਈ ਤੁਹਾਨੂੰ ਪਾਲਿਆ ਹੈ। ਅਪਣੇ ਮੂੰਹ'ਚੋਂ ਕੱਢ ਕੇ ਥੋਡੇ ਮੂੰਹ ਵਿੱਚ ਪਾਈ। ਖ਼ੂਨ-ਪਸੀਨੇ ਨਾਲ ਕੀਤੀ ਕਮਾਈ ਆਪ ਨੂੰ ਛੱਡ ਕੇ ਥੋਡੇ'ਤੇ ਖ਼ਰਚੀ। ਤੁਹਾਡੀ ਖੁਸ਼ੀ ਪਹਿਲਾਂ ਵੇਖੀ। ਮਕਾਨ ਬਣਾ ਕੇ ਤੁਹਾਨੂੰ ਦੇ ਦਿਤਾ ਤੇ ਅੱਜ ਤੁਸੀ ਕਮਾਉਣ ਜੋਗੇ ਹੋ ਗਏ ਤਾਂ ਸਾਨੂੰ ਕੁੱਤੇ ਵਾਂਗ ਦੁਰਕਾਰ ਰਹੇ ਓ। ਲਾਹਨਤ ਐ ਥੋਡੇ ਵਰਗੀ ਔਲਾਦ'ਤੇ, ਇਹਦੇ ਨਾਲੋਂ ਤਾਂ ਬੇਔਲਾਦੇ ਮਰ ਜਾਂਦੇ..." ਕਹਿੰਦੇ ਕਹਿੰਦੇ ਬਾਪੂ ਨੂੰ ਇਕਦਮ ਸੀਨੇ ਵਿੱਚ ਜ਼ਬਰਦਸਤ ਦਰਦ ਉੱਠਿਆ। ਇਸ ਤੋਂ ਪਹਿਲਾਂ ਕਿ ਮੁੰਡੇ ਕੁਝ ਹੋਰ ਬੋਲਦੇ ਉਹ ਉਥੇ ਹੀ ਢੇਰ ਹੋ ਗਿਆ।

ਬਾਪੂ ਜਾ ਚੁੱਕਾ ਸੀ। ਰੋਣ-ਧੋਣ, ਸਸਕਾਰ ਤੇ ਭੋਗ ਦੀਆਂ ਰਸਮਾਂ ਤੋਂ ਬਾਅਦ ਅੱਜ ਜਦ ਸਭ ਵਿਹਲੇ ਹੋ ਕੇ ਆਏ ਤਾਂ ਵਿਹੜੇ ਵਿੱਚ ਬੈਠੀ ਮਾਂ ਦੀਆਂ ਜਿਉਂ ਹੀ ਬੱਚਿਆਂ ਨਾਲ ਅੱਖਾਂ ਮਿਲੀਆਂ ਉਹ ਇਕਦਮ ਉਠੀ ਤੇ ਅਪਣਾ ਝੋਲਾ ਚੁੱਕ ਕੇ, ਬਿਨਾਂ ਕੁਝ ਬੋਲੇ ਬੂਹਿਉਂ ਬਾਹਰ ਹੋ ਗਈ। -0-

## ਚੰਦਾ ਨਵਿਆਉਣ ਸਬੰਧੀ

ਜੇ ਆਪ ਜੀ ਦਾ ਸਾਲਾਨਾ ਚੰਦਾ ਇਸ ਮਹੀਨੇ ਖਤਮ ਹੋ ਗਿਆ ਹੈ ਤਾਂ ਮੈਗਜ਼ੀਨ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਦੁਬਾਰਾ ਚੰਦਾ ਭੇਜੋ ਜੀ। ਮੈਗਜ਼ੀਨ ਦੀ ਸਾਲਾਨਾ ਭੇਟਾ 250/- ਅਤੇ ਲਾਈਫ਼ ਮੈਂਬਰਸ਼ਿਪ 3000/- ਹੈ। ਚੰਦਾ ਭੇਜਣ ਸਮੇਂ ਆਪਣਾ ਨਾਮ ਬੈਂਕ ਕਲਰਕ ਨੂੰ ਜ਼ਰੂਰ ਲਿਖਵਾਓ ਅਤੇ ਮੁੱਖ ਦਫਤਰ ਵਿਚ ਚੰਦਾ ਭੇਜਣ ਦੀ ਸੂਚਨਾ ਜ਼ਰੂਰ ਦਿਓ। ਤੁਸੀਂ ਇਸ ਮੈਗਜ਼ੀਨ ਦਾ ਚੰਦਾ ਹੇਠ ਲਿਖੇ A/C ਵਿੱਚ ਵੀ ਭੇਜ ਸਕਦੇ ਹੋ। **AXIS Bank, Branch : Phullanwal, IFSC Code: UTIB0000196, A/C** : **913010032526897**, ਤੁਸੀਂ **GURMAT VIRSA** ਦੇ ਨਾਮ ਤੇ ਚੈੱਕ ਵੀ ਭੇਜ ਸਕਦੇ ਹੋ।

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ' ਕਿਤਾਬ ਵਿਚੋਂ

# ਅਗਵਾ ਕੀਤੀਆਂ ਇਸਤਰੀਆਂ ਅਤੇ ਬੱਚਿਆਂ ਦੀ ਭਾਲ

**-ਡਾ. ਕਿਰਪਾਲ ਸਿੰਘ**

ਪੰਜਾਬ ਦੀਆਂ ਇਸਤ੍ਰੀਆਂ ਭਾਵੇਂ ਮਰਦਾਂ ਵਾਂਗ ਹੀ ਸਾਹਸੀ, ਦਲੇਰ ਅਤੇ ਬਹਾਦਰ ਹਨ, ਪਰ ਪੰਜਾਬ ਦੇ ਬਟਵਾਰੇ ਸਮੇਂ ਮਾਰਚ 1947 ਤੋਂ ਹੋ ਰਹੇ ਫ਼ਿਰਕੂ ਫ਼ਸਾਦਾਂ ਵਿਚ ਔਰਤਾਂ ਨੇ ਬਹੁਤ ਦੁਖ ਅਤੇ ਮੁਸੀਬਤਾਂ ਝੱਲੀਆਂ ਹਨ। ਕਈਆਂ ਨੇ ਆਪਣੀ ਪੱਤ ਅਤੇ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰੀਆਂ (ਵੇਖੋ, ਜ਼ਿਲ੍ਹਾ ਰਾਵਲਪਿੰਡੀ ਦੇ ਫ਼ਸਾਦ), ਕਈ ਆਪਣੇ ਹੀ ਮਰਦਾਂ ਹੱਥੋਂ ਸ਼ਹੀਦ ਹੋਈਆਂ ਤਾਂ ਜੁ ਦੁਸ਼ਮਣਾਂ ਦੇ ਹੱਥ ਨਾ ਆ ਸਕਣ। ਫੇਰ ਵੀ ਹਜ਼ਾਰਾਂ ਇਸਤ੍ਰੀਆਂ ਅਗ਼ਵਾ ਹੋਈਆਂ ਅਤੇ ਬਲਾਤਕਾਰ ਦਾ ਸ਼ਿਕਾਰ ਹੋਈਆਂ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਤੀਹ ਹਜ਼ਾਰ ਤੋਂ ਵੱਧ ਇਸਤ੍ਰੀਆਂ ਪਾਕਿਸਤਾਨ ਵਿਚ ਅਗ਼ਵਾ ਹੋਈਆਂ। ਇਸ ਤੋਂ ਇਲਾਵਾ ਅਨੇਕਾਂ ਇਹੋ ਜਿਹੀਆਂ ਇਸਤ੍ਰੀਆਂ ਵੀ ਹਨ, ਜਿਨ੍ਹਾਂ ਦੇ ਵਾਰਸਾਂ ਜਾਂ ਮਾਪਿਆਂ ਨੇ ਸ਼ਰਮ ਦੇ ਮਾਰੇ ਗਵਾਚੀਆਂ ਇਸਤ੍ਰੀਆਂ ਦੀ ਕਿਸੇ ਥਾਂ ਸੂਚਨਾ ਤਕ ਨਹੀਂ ਦਿੱਤੀ। ਇਸ ਪ੍ਰਕਾਰ ਦੀਆਂ ਗਵਾਚੀਆਂ ਇਸਤ੍ਰੀਆਂ ਦਾ ਅੰਦਾਜ਼ਾ ਲਗਾਉਣਾ ਅਸੰਭਵ ਹੈ।

**ਭਾਰਤ ਅਤੇ ਪਾਕਿਸਤਾਨ ਸਰਕਾਰ ਦਾ ਸਮਝੌਤਾ**

ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਔਰਤਾਂ ਦੀਆਂ ਮੁਸੀਬਤਾਂ ਵੱਲ ਕੋਈ ਧਿਆਨ ਨਾ ਦਿੱਤਾ। ਉਹ ਜਬਰੀ ਆਬਾਦੀ ਦੇ ਤਬਾਦਲੇ, ਜਿਸ ਦੀ ਨਾ ਉਹ ਆਸ ਕਰਦੇ ਸਨ ਤੇ ਨਾ ਹੀ ਉਨ੍ਹਾਂ ਦੀ ਕਿਸੇ ਯੋਜਨਾ ਅਧੀਨ ਸੀ, ਵਿਚ ਉਲਝੇ ਪਏ ਸਨ, ਵਧ ਰਹੇ ਫ਼ਿਰਕੂ ਫ਼ਸਾਦ ਅਤੇ ਰਿਫ਼ਿਊਜੀਆਂ ਦੇ ਪ੍ਰਬੰਧਾਂ ਵਿਚ ਲੱਗੇ ਸਨ। ਕਸ਼ਮੀਰ ਦੀ ਜੰਗ ਲੱਗਣ ਨਾਲ ਵੀ ਦੋਵੇਂ ਸਰਕਾਰਾਂ ਰਾਜਸੀ ਤੌਰ 'ਤੇ ਉਲਝ ਗਈਆਂ। ਅਖ਼ੀਰ 6 ਦਸੰਬਰ 1947 ਨੂੰ ਦੋਹਾਂ ਸਰਕਾਰਾਂ ਨੇ ਨਿਮਨਲਿਖਤ ਸਮਝੌਤੇ ਤੇ ਫ਼ੈਸਲੇ ਕੀਤੇ :

ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ 6 ਦਸੰਬਰ, 1947 ਨੂੰ ਹੋਈ ਆਪਣੀ ਮੀਟਿੰਗ ਵਿਚ ਅਗ਼ਵਾ ਕੀਤੀਆਂ ਇਸਤ੍ਰੀਆਂ ਤੇ ਬੱਚਿਆਂ ਦੀ ਬਹਾਲੀ ਸਬੰਧੀ ਇਹ ਫ਼ੈਸਲੇ ਕੀਤੇ :

1. ਪਹਿਲੀ ਮਾਰਚ, 1947 ਤੋਂ ਬਾਅਦ ਅਗ਼ਵਾ ਕੀਤੇ ਵਿਅਕਤੀ ਦੀ ਧਰਮ-ਬਦਲੀ ਨੂੰ ਪ੍ਰਵਾਨ ਨਾ ਕੀਤਾ ਜਾਏ ਅਤੇ ਅਜਿਹੇ ਸਾਰੇ ਵਿਅਕਤੀ ਭਾਵੇ ਉਹ ਨਾ ਚਾਹੁਣ, ਆਪਣੇ ਆਪਣੇ ਸਬੰਧਤ ਰਾਜਾਂ ਦੇ ਹਵਾਲੇ ਕੀਤੇ ਜਾਣ।

2. ਅਗਵਾ ਕੀਤੇ ਵਿਅਕਤੀਆਂ ਦੇ ਨਿਕਾਸ ਦੀ ਮੁਢਲੀ ਜ਼ਿੰਮੇਵਾਰੀ ਸਥਾਨਿਕ ਪੁਲਿਸ ਦੀ ਹੋਵੇਗੀ।

3. ਇਸ ਸਕੀਮ ਵਿਚ ਸਮਾਜ ਸੇਵਕਾਂ ਦਾ ਸਰਗਰਮ ਸਹਿਯੋਗ ਪ੍ਰਾਪਤ ਕੀਤਾ ਜਾਏ। ਜ਼ਿਲ੍ਹਾ ਸੰਪਰਕ ਅਫ਼ਸਰ ਬਰਾਮਦ ਕੀਤੇ ਜਾਣ ਵਾਲੇ ਵਿਅਕਤੀ ਸਬੰਧੀ ਸੂਚਨਾ ਦੇਣ।

**ਫ਼ੈਸਲਿਆਂ ਦੀ ਅਸਫਲਤਾ**

ਇਨ੍ਹਾਂ ਕੀਤੇ ਗਏ ਫ਼ੈਸਲਿਆਂ 'ਤੇ ਘੱਟ ਹੀ ਅਮਲ ਕੀਤਾ ਗਿਆ। ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਦੇ ਉੱਚ ਕਰਮਚਾਰੀਆਂ ਵਿਚਕਾਰ ਹੋਏ ਲੰਮੇ ਚੌੜੇ ਪੱਤਰ-ਵਿਹਾਰ ਤੋਂ ਇਹ ਪਤਾ ਲੱਗਦਾ ਹੈ ਕਿ ਦੋਵਾਂ ਧਿਰਾਂ ਦੇ ਪੁਲਿਸ ਅਫ਼ਸਰਾਂ ਨੇ ਅਗਵਾ ਕੀਤੀਆਂ ਇਸਤ੍ਰੀਆਂ ਨੂੰ ਬਰਾਮਦ ਕਰਨ ਸਮੇਂ ਆਪਣੇ ਫ਼ਿਰਕੇ ਦੇ ਵਿਅਕਤੀਆਂ ਦੇ ਹੱਕ ਵਿਚ ਪੱਖਪਾਤ ਤੋਂ ਕੰਮ ਲਿਆ। ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਨੇ ਪੂਰਬੀ ਪੰਜਾਬ ਦੇ ਮੁੱਖ ਸਕੱਤਰ ਨੂੰ ਲਿਖਿਆ: ਇਕ ਵਿਅਕਤੀ ਨੇ ਲਿਖਿਆ ਹੈ ਕਿ ਉਸ ਦੀ ਲੜਕੀ............ ਉਮਰ 13 ਸਾਲ ਨੂੰ.......... ਪੁੱਤਰ..........ਜੱਟ ਨਿਵਾਸੀ ਪਿੰਡ ਭੂਮਾ, ਜ਼ਿਲ੍ਹਾ ਅੰਮ੍ਰਿਤਸਰ ਨੇ ਰੱਖਿਆ ਹੋਇਆ ਹੈ। ਲੜਕੀ ਦੀ ਬਰਾਮਦਗੀ ਸਬੰਧੀ ਉਸਦੀ ਬਿਨੈ ਦੇ ਉੱਤਰ ਵਿਚ ਭਾਰਤੀ ਫ਼ੌਜੀ ਅਧਿਕਾਰੀਆਂ ਨੇ ਉਸ ਨੂੰ ਸੂਚਿਤ ਕੀਤਾ (ਨਕਲ ਨਾਲ ਨੱਥੀ ਹੈ) ਕਿ ਉਸਦੀ ਲੜਕੀ ਆਪਣੇ ਪਤੀ ਨੂੰ ਨਹੀਂ ਛੱਡਣਾ ਚਾਹੁੰਦੀ।" 'ਜ਼ਿਲ੍ਹਾ ਸੰਪਰਕ ਅਫ਼ਸਰ ਨੇ ਰਿਪੋਰਟ ਕੀਤੀ ਕਿ ਜ਼ਿਲ੍ਹਾ ਕੈਂਬਲਪੁਰ ਤੇ ਰਾਵਲਪਿੰਡੀ ਦੇ ਡਿਪਟੀ ਕਮਿਸ਼ਨਰ ਬਰਾਮਦ ਹੋ ਚੁੱਕੀਆਂ ਅਗ਼ਵਾ-ਸ਼ੁਦਾ ਇਸਤ੍ਰੀਆਂ ਤੇ ਲੜਕੀਆਂ ਨੂੰ ਵਾਪਸ ਨਹੀਂ ਕਰ ਰਹੇ, ਕਿਉਂਕਿ ਉਹਨਾਂ ਨੂੰ ਆਜ਼ਾਦ ਕਸ਼ਮੀਰ ਸਰਕਾਰ ਦੇ ਹਵਾਲੇ ਕਰ ਦਿੱਤਾ ਗਿਆ ਹੈ।" ਕਈ ਜ਼ਿਲ੍ਹਿਆਂ ਵਿਚ ਕੁਝ ਕੇਸਾਂ ਵਿਚ ਪੁਲਿਸ ਕਰਮਚਾਰੀਆਂ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਇਸ ਗੱਲ ਨੂੰ ਮੁੱਖ ਰੱਖਣਾ ਉਹਨਾਂ ਦਾ ਕਰਤਵ ਹੈ ਕਿ ਅਗ਼ਵਾ ਕੀਤੀਆ ਇਸਤ੍ਰੀਆਂ ਨੂੰ ਬਰਾਮਦ ਕਰਨ ਲਈ ਲੋਕ-ਰਾਏ ਦਾ ਉਚਿਤ ਧਿਆਨ ਰੱਖਿਆ ਜਾਵੇ। ਅੰਤਰ-ਡੋਮੀਨੀਅਨ ਫ਼ੈਸਲਿਆਂ ਦੇ ਬਾਵਜੂਦ ਵੀ ਮੈਜਿਸਟ੍ਰੇਟ ਬਰਾਮਦ ਹੋਈਆਂ, ਅਗ਼ਵਾ ਕੀਤੀਆਂ ਇਸਤ੍ਰੀਆਂ ਅਤੇ ਲੜਕੀਆਂ ਦੇ ਬਿਆਨ ਲੈਂਦੇ ਰਹੇ ਅਤੇ ਬਹੁਤ ਸਾਰੇ ਕੇਸਾਂ ਵਿਚ ਅਗ਼ਵਾ ਕੀਤੀਆਂ ਇਸਤ੍ਰੀਆਂ ਜ਼ਿਲ੍ਹਾ ਅਧਿਕਾਰੀਆਂ ਵਲੋਂ ਦੁਬਾਰਾ ਅਗ਼ਵਾ ਕਰਨ ਵਾਲਿਆਂ ਨੂੰ ਵਾਪਸ ਕੀਤੀਆਂ ਗਈਆਂ।

**ਅਗਵਾ ਕੀਤੀਆਂ ਇਸਤਰੀਆਂ ਦੇ ਨਿਕਾਸ ਵਿਚ ਰੁਕਾਵਟਾਂ**

ਫਸਾਦਾਂ ਦੇ ਡਰ ਕਾਰਨ ਸਥਾਨਕ ਅਧਿਕਾਰੀਆਂ ਨੇ ਜਾਣ ਬੁੱਝ ਕੇ ਉਹਨਾਂ ਪਠਾਨਾਂ ਦੇ ਵਿਰੁੱਧ ਕੋਈ ਕਾਰਵਾਈ ਕਰਨ ਤੋਂ ਸੰਕੋਚ ਕੀਤਾ, ਜਿਨ੍ਹਾਂ ਨੇ ਲੜਕੀਆਂ ਨੂੰ ਅਗ਼ਵਾ ਕੀਤਾ ਸੀ। ਪੰਜ ਗ਼ੈਰ-ਮੁਸਲਿਮ ਲੜਕੀਆਂ ਫੁਲਰਵਾਨ ਜ਼ਿਲ੍ਹਾ ਸ਼ਾਹਪੁਰ ਦੇ ਸਬ-ਇੰਸਪੈਕਟਰ ਦੁਆਰਾ ਬਰਾਮਦ ਕੀਤੀਆਂ ਗਈਆਂ। ਇਹਨਾਂ ਲੜਕੀਆਂ ਨੂੰ ਫੁਲਰਵਾਨ ਤੋਂ ਸਰਗੋਧਾ ਲਿਆਂਦਾ ਗਿਆ ਅਤੇ ਜ਼ਿਲ੍ਹਾ ਸੰਪਰਕ ਅਫ਼ਸਰ ਦੇ ਹਵਾਲੇ ਕਰ ਦਿੱਤਾ ਗਿਆ। ਰਾਤ ਸਮੇਂ ਬਹੁਤ ਭਾਰੀ ਗਿਣਤੀ ਵਿਚ ਪਠਾਨਾਂ ਨੇ ਇੰਸਪੈਕਟਰ ਦੇ ਮਕਾਨ ਨੂੰ ਘੇਰ ਲਿਆ। ਅਗਲੇ ਦਿਨ ਉਹਨਾਂ ਨੇ ਸੁਪ੍ਰਿੰਟੈਂਡੈਂਟ-ਪੁਲਿਸ ਦੇ ਦਫ਼ਤਰ ਨੂੰ ਵੀ ਘੇਰ ਲਿਆ ਅਤੇ ਸ਼ਹਿਰ ਵਿਚ ਕਾਫ਼ੀ ਹਫੜਾ ਦਫੜੀ ਮਚਾਈ। ਡਿਪਟੀ ਕਮਿਸ਼ਨਰ ਤੇ ਸੁਪ੍ਰਿੰਟੈਂਡੈਂਟ ਪੁਲਿਸ ਨੇ ਜ਼ਿਲ੍ਹਾ ਸੰਪਰਕ ਅਫ਼ਸਰ 'ਤੇ ਜ਼ੋਰ ਪਾਇਆ ਕਿ ਲੜਕੀਆਂ ਡਿਪਟੀ ਸੁਪ੍ਰਿੰਟੈਂਡੈਂਟ ਪੁਲਿਸ ਦੇ ਹਵਾਲੇ ਕਰ ਦਿੱਤੀਆਂ ਜਾਣ। ਰਾਵਲਪਿੰਡੀ ਡਵੀਜ਼ਨ ਦਾ ਕਮਿਸ਼ਨਰ ਅਤੇ ਡਿਪਟੀ ਇੰਸਪੈਕਟਰ ਜਨਰਲ, ਪੁਲਿਸ ਸਰਗੋਧਾ ਪੁੱਜੇ ਅਤੇ ਬੜੀ ਮੁਸ਼ਕਲ ਨਾਲ ਇਹਨਾਂ ਪੰਜ ਲੜਕੀਆਂ ਨੂੰ ਰਾਤ ਦੇ ਹਨੇਰੇ ਵਿਚ ਭਾਰਤ ਪਹੁੰਚਾਇਆ ਗਿਆ।

ਜਿਨ੍ਹਾਂ ਪੁਲਿਸ ਅਫ਼ਸਰਾਂ ਨੂੰ ਇਸਤ੍ਰੀਆਂ ਦੀ ਸੁਰੱਖਿਆ ਦੇ ਕੰਮ ਲਈ ਨਿਯੁਕਤ ਕੀਤਾ ਗਿਆ, ਉਹਨਾਂ ਨੇ ਆਪ ਭੈੜੇ ਤੋਂ ਭੈੜਾ ਅਪਰਾਧ ਕੀਤਾ। ਦੋ ਸਹਾਇਕ ਪੁਲਿਸ ਸਬ-ਇੰਸਪੈਕਟਰ, ਪੱਛਮੀ ਪੰਜਾਬ ਦੇ ਇਕ ਪਿੰਡ ਵਿੱਚੋਂ ਇਕ ਗ਼ੈਰ-ਮੁਸਲਿਮ ਇਸਤ੍ਰੀ ਨੂੰ ਬਰਾਮਦ ਕਰਨ ਲਈ ਗਏ ਅਤੇ ਉਹਨਾਂ ਹੀ ਪੁਲਿਸ ਅਫ਼ਸਰਾਂ ਨੇ ਰਸਤੇ ਵਿਚ ਆਈਆਂ ਰਾਤਾਂ ਦੇ ਸਮੇਂ ਉਸ ਅਭਾਗੀ ਇਸਤ੍ਰੀ ਦਾ ਸਤ ਭੰਗ ਕੀਤਾ ਤੇ ਪੱਤ ਲਾਹੀ। ਪੂਰਬੀ ਪੰਜਾਬ ਲਿਏਜ਼ਾਂ ਏਜੰਸੀ ਦੇ ਅਫ਼ਸਰਾਂ ਦੀ ਮੀਟਿੰਗ ਵਿਚ ਇਹ ਗੱਲ ਦੱਸੀ ਗਈ ਕਿ ਕਾਮੋਕੀ (ਜ਼ਿਲ੍ਹਾ ਗੁਜਰਾਂਵਾਲਾ) ਦੇ ਇਕ ਪੁਲਿਸ ਸਬ-ਇੰਸਪੈਕਟਰ ਨੇ ਕਾਮੋਕੀ ਦੇ ਸਟੇਸ਼ਨ 'ਤੇ ਗੱਡੀ 'ਤੇ ਹਮਲੇ ਸਮੇਂ ਸਾਰੀਆਂ ਗ਼ੈਰ-ਮੁਸਲਿਮ ਲੜਕੀਆਂ ਨੂੰ ਇਕੱਠਾ ਕਰ ਕੇ ਆਪਣੇ ਨਾਲ ਆਏ ਵਿਅਕਤੀਆਂ ਵਿਚ ਵੰਡ ਦਿੱਤਾ ਸੀ। ਉਸ ਸਬ-ਇੰਸਪੈਕਟਰ ਦਾ ਭਰਾ ਪਾਕਿਸਤਾਨੀ ਫ਼ੌਜ ਵਿਚ ਕੰਮ ਕਰਦਾ ਸੀ ਅਤੇ ਉਸਨੇ ਵੀ ਅਗ਼ਵਾ ਕੀਤੀਆਂ ਲੜਕੀਆਂ ਰੱਖੀਆਂ ਹੋਈਆਂ ਸਨ। ਜਦੋਂ ਜ਼ਿਲ੍ਹਾ ਸੰਪਰਕ ਅਫ਼ਸਰ ਨੇ ਉਸ ਨਾਲ ਗੱਲਬਾਤ ਕੀਤੀ ਤਾਂ ਉਸਨੇ ਕਿਹਾ ਕਿ ਉਸਨੇ ਲਗ ਪਗ 22 ਅਗ਼ਵਾ ਕੀਤੀਆਂ ਗ਼ੈਰ-ਮੁਸਲਿਮ ਲੜਕੀਆਂ ਆਪਣੇ ਭਰਾ ਪਾਸ ਭੇਜੀਆਂ ਸਨ।

ਪਾਕਿਸਤਾਨ ਦੇ ਕੁਝ ਕਰਮਚਾਰੀਆਂ ਨੇ, ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਸਰਕਾਰ ਦੀ ਆਮ ਜਨਤਾ ਪਾਸ ਅਪੀਲ ਕੀਤੀ ਕਿ ਉਹ ਅਗ਼ਵਾ ਕੀਤੀਆਂ ਲੜਕੀਆਂ ਨੂੰ ਵਾਪਸ ਕਰ ਦੇਣ, ਦੇ ਬਾਵਜੂਦ ਗ਼ੈਰ-ਮੁਸਲਿਮ ਅਗ਼ਵਾ ਕੀਤੀਆਂ ਲੜਕੀਆਂ ਨੂੰ ਆਪਣੇ ਪਾਸ ਰੱਖੀ ਰੱਖਿਆ। ਇਹ ਗਲ ਜ਼ਿਲ੍ਹਾ ਸੰਪਰਕ ਅਫਸਰ, ਮਿੰਟਗੁਮਰੀ ਦੇ ਇਸ

ਪੱਤਰ ਤੋਂ ਸਪੱਸ਼ਟ ਹੋ ਜਾਂਦੀ ਹੈ, "ਸ੍ਰੀਮਤੀ ......ਨੂੰ ਨਾਇਬ ਤਹਿਸੀਲਦਾਰ, ਦੀਪਾਲਪੁਰ ਦੇ ਕਬਜ਼ੇ ਵਿੱਚ ਬਰਾਮਦ ਕੀਤਾ ਗਿਆ। ਨਾਇਬ ਤਹਿਸੀਲਦਾਰ ਪਾਸ ਇਹ ਲੜਕੀ ਪਿਛਲੇ ਅੱਠ ਮਹੀਨਿਆਂ ਤੋਂ ਸੀ। ਅਗ਼ਵਾ ਕੀਤੀਆਂ ਲੜਕੀਆਂ ਦੀ ਬਰਾਮਦਗੀ ਸਬੰਧੀ ਡਿਪਟੀ ਕਮਿਸ਼ਨਰ ਦੇ ਹਸਤਾਖਰਤ ਦਸਤੀ ਇਸ਼ਤਿਹਾਰ ਆਮ ਲੋਕਾਂ ਪਾਸ ਤਹਿਸੀਲਦਾਰ ਰਾਹੀਂ ਵੰਡੇ ਗਏ ਸਨ ਤੇ ਅਗਵਾ ਕੀਤੀਆਂ ਲੜਕੀਆਂ ਦੀ ਵਾਪਸੀ ਲਈ ਲੋਕਾਂ ਪਾਸ ਅਪੀਲ ਕਰਨ ਲਈ ਤਹਿਸੀਲ ਵਿਚ ਮੀਟਿੰਗਾਂ ਵੀ ਕੀਤੀਆਂ ਗਈਆਂ ਸਨ।"

**ਅਗ਼ਵਾ ਕੀਤੇ ਵਿਅਕਤੀਆਂ ਦੀ ਬਰਾਮਦਗੀ ਲਈ ਕਾਨੂੰਨ**

ਪੂਰਬੀ ਪੰਜਾਬ ਲਿਏਜ਼ਾਂ ਏਜੰਸੀ ਨੂੰ ਅਤੇ ਵਿਮੈਨ ਰਿਕਵਰੀ ਆਰਗੇਨਾਈਜ਼ੇਸ਼ਨ ਨੂੰ 30 ਨਵੰਬਰ 1948 ਨੂੰ ਬੰਦ ਕਰ ਦਿੱਤਾ ਗਿਆ। ਅਗ਼ਵਾ ਕੀਤੀਆਂ ਇਸਤ੍ਰੀਆਂ ਸਬੰਧੀ ਕੰਮ ਨੂੰ ਭਾਰਤ ਤੇ ਪਾਕਿਸਤਾਨ ਦੇ ਬਦੇਸ਼ੀ ਮਾਮਲਿਆਂ ਦੇ ਮੰਤ੍ਰਾਲੇ ਅਧੀਨ ਲਿਆਂਦਾ ਗਿਆ। ਹੁਣ ਤਕ ਅਗ਼ਵਾ ਕੀਤੀਆਂ ਇਸਤ੍ਰੀਆਂ ਦੀ ਬਰਾਮਦਗੀ ਲਈ ਕੋਈ ਵਿਸ਼ੇਸ਼ ਕਾਨੂੰਨ ਨਹੀਂ ਸੀ ਤੇ ਬਰਾਮਦਗੀ ਦਾ ਇਹ ਕੰਮ ਆਪਸ ਵਿਚ ਅਦਲਾ-ਬਦਲੀ ਦੇ ਆਧਾਰ 'ਤੇ ਕੀਤਾ ਜਾ ਰਿਹਾ ਸੀ। ਭਾਰਤ ਸਰਕਾਰ ਨੇ ਅਗਵਾ ਕੀਤੇ ਵਿਅਕਤੀਆਂ ਦੀ ਭਾਲ ਤੇ ਨਿਕਾਸ ਲਈ ਇਕ ਵਿਸ਼ਾਲ ਅਮਲਾ ਸਥਾਪਿਤ ਕੀਤਾ। 31 ਜਨਵਰੀ 1949 ਨੂੰ "ਅਗਵਾ ਕੀਤੇ ਵਿਅਕਤੀਆਂ ਦੀ ਬਰਾਮਦਗੀ ਅਤੇ ਪੁਨਰ ਸਥਾਪਨਾ" ਨਾਂ ਅਧੀਨ ਇਕ ਆਰਡੀਨੈਂਸ ਜਾਰੀ ਕੀਤਾ ਅਤੇ ਬਾਅਦ ਵਿਚ ਇਸ ਥਾਂ ਅਗ਼ਵਾ ਕੀਤੇ ਵਿਅਕਤੀਆਂ ਦੀ ਬਰਾਮਦਗੀ ਅਤੇ ਪੁਨਰ ਸਥਾਪਨਾ ਐਕਟ 1949 ਨੂੰ ਪਾਸ ਕੀਤਾ ਗਿਆ। ਇਸ ਐਕਟ ਦੀਆਂ ਮੁੱਖ ਗੱਲਾਂ ਵਿੱਚੋਂ ਇਕ ਗੱਲ ਇਹ ਸੀ ਕਿ ਇਸ ਵਿਚ ਸ਼ਬਦ 'ਅਗ਼ਵਾ ਕੀਤੇ' ਦੀ ਭਾਰਤੀ ਦੰਡਾਵਲੀ ਵਿਚ ਪਹਿਲਾਂ ਉਪਬੰਧਿਤ ਪਰਿਭਾਸ਼ਾ ਦੇ ਮੁਕਾਬਲੇ 'ਤੇ ਵਧੇਰੇ ਵਿਸ਼ਾਲ ਪਰਿਭਾਸ਼ਾ ਦਿੱਤੀ ਗਈ। ਇਸ ਕਾਨੂੰਨ ਦੀ ਹੋਰ ਮਹੱਤਵਪੂਰਨ ਗੱਲ ਇਹ ਸੀ ਕਿ ਇਸ ਦੁਆਰਾ ਅਗ਼ਵਾ ਕੀਤੀਆਂ ਇਸਤ੍ਰੀਆਂ ਦੇ ਝਗੜੇ ਵਾਲੇ ਕੇਸਾਂ ਦਾ ਫ਼ੈਸਲਾ ਕਰਨ ਲਈ ਭਾਰਤ-ਪਾਕਿਸਤਾਨ ਟ੍ਰਿਬਿਊਨਲ ਦੀ ਸਥਾਪਨਾ ਕੀਤੀ ਗਈ। ਬਰਾਮਦ ਹੋਏ ਵਿਅਕਤੀਆਂ ਦੇ ਰਹਿਣ ਲਈ ਕੈਂਪ ਸਥਾਪਤ ਕੀਤੇ ਜਾਣੇ ਸਨ। ਇਹ ਐਕਟ ਕੇਵਲ 'ਗ੍ਰਸਤ ਇਲਾਕੇ' ਅਰਥਾਤ ਯੂ.ਪੀ., ਪੂਰਬੀ ਪੰਜਾਬ, ਦਿੱਲੀ, ਪਟਿਆਲਾ ਤੇ ਪੂਰਬੀ ਪੰਜਾਬ ਰਿਆਸਤੀ ਸੰਘ ਅਤੇ ਰਾਜਸਥਾਨ ਦੇ ਸੰਯੁਕਤ ਰਾਜਾਂ 'ਤੇ ਲਾਗੂ ਹੋਣਾ ਸੀ। ਭਾਰਤ ਦੇ ਦੂਜੇ ਰਾਜਾਂ ਵਿਚੋਂ ਅਗ਼ਵਾ ਕੀਤੀਆਂ ਇਸਤਰੀਆਂ ਦੀ ਬਰਾਮਦੀ ਲਈ ਇਸ ਵਿੱਚ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਅਗ਼ਵਾ ਕੀਤੇ ਵਿਅਕਤੀਆਂ ਨੂੰ ਬਰਾਮਦ ਕਰਨ ਵਿਚ ਪੁਲਿਸ ਦੀ ਸਹਾਇਤਾ ਕਰਨ ਲਈ ਤਾਲਮੇਲ ਅਫ਼ਸਰ ਅਤੇ ਅਮਲਾ ਨਿਯੁਕਤ ਕੀਤਾ ਗਿਆ। ਇਸ ਕੰਮ ਵਿਚ ਸਮਾਜ ਸੇਵਕਾਂ ਦਾ ਵੀ ਸਹਿਯੋਗ ਪ੍ਰਾਪਤ ਕੀਤਾ ਗਿਆ। ਪਰ ਅਗਵਾ ਕੀਤੇ ਵਿਅਕਤੀਆਂ ਸਬੰਧੀ ਪਾਕਿਸਤਾਨ ਵਿਚ ਇਸ ਤਰ੍ਹਾਂ ਦਾ ਕੋਈ ਕਾਨੂੰਨ ਨਹੀਂ ਸੀ। ਪਾਕਿਸਤਾਨ ਵਿਚ ਅਗ਼ਵਾ ਕਰਤਿਆਂ ਨੇ ਭਾਰਤੀ ਬਰਾਮਦਗੀ ਅਫ਼ਸਰ ਤੋਂ ਬਚਣ ਲਈ ਕਈ ਪ੍ਰਕਾਰ ਦੇ ਢੰਗ ਅਪਣਾਏ। ਅਗ਼ਵਾ ਕੀਤੀਆਂ ਇਸਤ੍ਰੀਆਂ ਨੂੰ ਆਪਣੇ ਨਾਲ ਲੈ ਕੇ ਉਹ ਪੱਛਮੀ ਪੰਜਾਬ ਤੋਂ ਜੰਮੂ ਤੇ ਕਸ਼ਮੀਰ ਦੇ ਨਾਲ ਦੇ ਇਲਾਕੇ ਦੇ ਉਹਨਾਂ ਜ਼ਿਲ੍ਹਿਆਂ ਵਿਚ ਚਲੇ ਗਏ, ਜਿਨ੍ਹਾਂ ਵਿਚ ਪਾਕਿਸਤਾਨ ਨਾਲ ਜੰਗ ਛਿੜਨ ਦੇ ਕਾਰਨ ਭਾਰਤੀ ਕਰਮਚਾਰੀਆਂ ਦਾ ਦਾਖ਼ਲਾ ਬੰਦ ਸੀ।

ਅਗ਼ਵਾ ਕੀਤੇ ਵਿਅਕਤੀ 'ਬਰਾਮਦਗੀ ਪੁਨਰ ਅਸਥਾਪਨਾ ਐਕਟ' ਦੇ ਅਨੁਸਾਰ ਬਰਾਮਦ ਹੋਏ ਕਿਸੇ ਵਿਅਕਤੀ ਦੀ ਮਰਜ਼ੀ ਨਹੀਂ ਪੁੱਛੀ ਜਾਣੀ ਸੀ ਅਤੇ ਉਸ ਨੂੰ ਦੂਜੇ ਦੇਸ਼ ਭੇਜਿਆ ਜਾਣਾ ਸੀ। ਸਮਾਂ ਬੀਤਣ ਨਾਲ ਇਹ ਮਹਿਸੂਸ ਕੀਤਾ ਗਿਆ ਕਿ ਬਰਾਮਦ ਹੋਏ ਵਿਅਕਤੀ ਆਮ ਕਰਕੇ ਸਰਹੱਦ ਪਾਰ ਜਾਣ ਤੋਂ ਕਤਰਾਉਂਦੇ ਸਨ। ਇਸ ਪ੍ਰਕਾਰ ਬਰਾਮਦ ਹੋਏ ਵਿਅਕਤੀਆਂ ਦੀ ਜਬਰੀ ਸਪੁਰਦਗੀ ਦੇ ਨਤੀਜੇ ਵਜੋਂ ਭਾਰਤ ਸਰਕਾਰ ਨੂੰ ਬਹੁਤ ਹੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਉਹਨਾਂ ਦੇ ਬੱਚਿਆਂ ਨੂੰ ਵੀ ਮਾਪਿਆਂ ਵਿਚੋਂ ਘਟੋ ਘਟ ਇਕ ਦੇ ਸਨੇਹ ਅਤੇ ਸੰਭਾਲ ਤੋਂ ਵੰਚਿਤ ਹੋਣਾ ਪੈਂਦਾ ਸੀ। ਇਸੇ ਕਰਕੇ ਮਈ, 1954 ਵਿਚ ਹੋਈ ਭਾਰਤ-ਪਾਕਿਸਤਾਨ ਕਾਨਫ਼ਰੰਸ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਕਿਸੇ ਵੀ ਅਗ਼ਵਾ ਕੀਤੇ ਵਿਅਕਤੀ ਨੂੰ ਆਪਣੀ ਇੱਛਾ ਦੇ ਵਿਰੁੱਧ ਦੂਜੇ ਦੇਸ਼ ਵਿਚ ਜਾਣ ਲਈ ਮਜਬੂਰ ਨਾ ਕੀਤਾ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਉਚਿਤ ਸਾਧਨ ਵਰਤੇ ਜਾਣ। ਇਸ ਫ਼ੈਸਲੇ ਅਨੁਸਾਰ ਦੋਵਾਂ ਦੇਸ਼ਾਂ ਵਿਚ ਅਗਵਾ ਕੀਤੀਆਂ ਇਸਤ੍ਰੀਆਂ ਲਈ ਵਿਸ਼ੇਸ਼ ਘਰ ਬਣਾਏ ਗਏ, ਜਿਥੇ ਇਸ ਤਰ੍ਹਾਂ ਦੀਆਂ ਉਹਨਾਂ ਇਸਤ੍ਰੀਆਂ ਨੂੰ ਰੱਖਿਆ ਜਾਂਦਾ ਸੀ, ਜੋ ਆਪਣੇ ਮਾਪਿਆਂ ਕੋਲ ਜਾਣਾ ਨਹੀਂ ਮੰਨਦੀਆਂ ਸਨ ਅਤੇ ਉਹਨਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਬਿਨਾਂ ਕਿਸੇ ਡਰ ਜਾਂ ਦਬਾਉ ਦੇ ਆਪਣੇ ਮਨ ਬਣਾਉਣ ਲਈ ਪੂਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਅਜਿਹੇ ਘਰਾਂ ਵਿਚ ਕਾਫ਼ੀ ਲੰਮਾ ਸਮਾਂ ਬਿਤਾਉਣ ਤੋਂ ਬਾਅਦ ਹੀ ਬਰਾਮਦ ਹੋਈਆਂ ਇਸਤ੍ਰੀਆਂ ਪਾਸੋਂ ਭਾਰਤ ਪਾਕਿਸਤਾਨ ਟ੍ਰਿਬਿਊਨਲ ਉਨ੍ਹਾਂ ਦੀਆਂ ਅੰਤਿਮ ਇਛਾਵਾਂ ਦਾ ਪਤਾ ਕਰਦਾ ਸੀ। ਅਜਿਹੀ ਸੂਰਤ ਵਿਚ ਜੇ ਕੋਈ ਬਰਾਮਦ-ਸ਼ੁਦਾ ਇਸਤ੍ਰੀ ਦੂਜੇ ਦੇਸ਼ ਵਿਚ ਜਾਣ ਤੋਂ ਇਨਕਾਰ ਕਰਦੀ ਸੀ ਤਾਂ ਉਸ ਨੂੰ ਅਜਿਹਾ ਕਰਨ 'ਤੇ ਮਜਬੂਰ ਨਹੀਂ ਕੀਤਾ ਜਾਂਦਾ ਸੀ।

**ਬਰਾਮਦਗੀ ਦੇ ਕੰਮ ਦੀ ਸਮਾਪਤੀ**

'ਅਗਵਾ ਕੀਤੇ ਵਿਅਕਤੀ ਬਰਾਮਦਗੀ ਤੇ ਪੁਨਰ ਅਸਥਾਪਨਾ ਐਕਟ' ਨੂੰ 1957 ਤੱਕ ਹਰ ਸਾਲ ਮਨਜ਼ੂਰ ਕੀਤਾ ਜਾਂਦਾ ਰਿਹਾ। ਹੇਠਾਂ ਦਰਜ ਕਾਰਨਾਂ ਕਾਰਕੇ ਇਸ ਨੂੰ 30 ਨਵੰਬਰ, 1957 ਤੋਂ ਬਾਅਦ ਮਨਜ਼ੂਰ ਨਾ ਕੀਤਾ ਗਿਆ। ਅਗਵਾ ਕੀਤੀਆਂ ਇਸਤ੍ਰੀਆਂ ਆਪਣੇ ਬੱਚਿਆਂ ਨੂੰ ਪਿਛੇ ਛੱਡ ਕੇ ਦੂਜੇ ਦੇਸ਼ ਵਿਚ ਜਾਣ ਤੋਂ ਵਧੇਰੇ ਸੰਕੋਚ ਕਰਨ ਲੱਗ ਪਈਆਂ। 1954 ਦੇ ਭਾਰਤ ਪਾਕਿਸਤਾਨ ਫ਼ੈਸਲੇ ਅਨੁਸਾਰ ਉਹਨਾਂ ਨੂੰ ਆਪਣੀ ਮਰਜ਼ੀ ਦੇ ਵਿਰੁੱਧ ਦੂਜੇ ਦੇਸ਼ ਵਿਚ ਜਾਣ 'ਤੇ ਮਜਬੂਰ ਨਹੀਂ ਕੀਤਾ ਜਾ ਸਕਦਾ ਸੀ। ਦੂਜੀ ਗੱਲ ਜੋ 1949 ਦੇ ਅਗਵਾ ਕੀਤੇ ਵਿਅਕਤੀ (ਬਰਾਮਦਗੀ ਅਤੇ ਪੁਨਰ ਅਸਥਾਪਨਾ) ਐਕਟ ਨੂੰ ਮਨਜ਼ੂਰ ਕਰਨ ਤੋਂ ਭਾਰਤ ਸਰਕਾਰ ਨੂੰ ਵਰਜਦੀ ਸੀ, ਉਹ ਅਗਵਾ ਹੋਣ ਤੋਂ ਬਾਅਦ ਪੈਦਾ ਹੋਏ ਬੱਚਿਆਂ ਦੀ ਗੰਭੀਰ ਸਮੱਸਿਆ ਸੀ। ਪਹਿਲੀ ਜਨਵਰੀ 1954 ਤੋਂ 30 ਸਤੰਬਰ, 1957 ਤਕ ਪਾਕਿਸਤਾਨ ਦੇ ਸਪੁਰਦ ਕੀਤੀਆਂ ਮੁਸਲਮਾਨ ਇਸਤ੍ਰੀਆਂ 860 ਬੱਚੇ ਪਿਛੇ ਛੱਡ ਗਈਆਂ ਅਤੇ 410 ਬੱਚੇ ਆਪਣੇ ਨਾਲ ਲੈ ਗਈਆਂ। ਇਹਨਾਂ ਬੱਚਿਆਂ ਨੇ ਉਹਨਾਂ ਰਾਜਾਂ ਲਈ ਸਮੱਸਿਆਵਾਂ ਖੜੀਆਂ ਕਰ ਦਿੱਤੀਆਂ, ਜਿਨ੍ਹਾਂ ਨੇ ਉਹਨਾਂ ਦੀ ਦੇਖਭਾਲ ਕਰਨੀ ਸੀ।

**ਬਰਾਮਦਗੀ ਦਾ ਅਨੁਮਾਨ**

ਅਗ਼ਵਾ ਕੀਤੀਆਂ ਇਸਤ੍ਰੀਆਂ ਦੀ ਬਰਾਮਦਗੀ ਵਿਚ ਭਾਰਤ ਸਰਕਾਰ ਨੇ ਆਪਣੇ ਦੇਸ਼ ਵਿਚ ਪਾਕਿਸਤਾਨ ਸਰਕਾਰ ਨਾਲੋਂ ਵਧੇਰੇ ਸਫਲਤਾ ਪ੍ਰਾਪਤ ਕੀਤੀ। ਦੋਵਾਂ ਸਰਕਾਰਾਂ ਨੇ ਇਕ ਦੂਜੀ ਸਰਕਾਰ ਨੂੰ ਜੋ ਵੇਰਵੇ ਦਿੱਤੇ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਭਾਰਤ ਅਤੇ ਪਾਕਿਸਤਾਨਾਂ ਤੋਂ ਕ੍ਰਮਵਾਰ 25,856 ਅਤੇ 9366 ਵਿਅਕਤੀ ਬਰਾਮਦ ਕੀਤੇ ਗਏ ਸਨ। ਇਹ ਗੱਲ ਮਹੱਤਵਪੂਰਨ ਹੈ ਕਿ ਦੋਵੇਂ ਦੇਸ਼ਾਂ ਵਿਚ ਬਰਾਮਦ ਹੋਏ ਵਿਅਕਤੀਆਂ ਵਿੱਚੋਂ ਬਹੁਤ ਸਾਰੇ ਵਿਅਕਤੀ ਉਹ ਨਹੀਂ ਸਨ, ਜਿਨ੍ਹਾਂ ਦੇ ਨਾਂ ਸਬੰਧਤ ਸਰਕਾਰਾਂ ਦੁਆਰਾ ਦਿੱਤੀਆਂ ਗੁੰਮਸ਼ੁਦਾ ਵਿਅਕਤੀਆਂ ਦੀਆਂ ਸੂਚੀਆਂ ਵਿਚ ਦਰਜ ਸਨ। ਪਾਕਿਸਤਾਨ ਸਰਕਾਰ ਨੇ 30,335 ਅਗਵਾ-ਸ਼ੁਦਾ ਵਿਅਕਤੀਆਂ ਵਿੱਚੋਂ 4415 ਅਰਥਾਤ ਅਗ਼ਵਾ-ਸ਼ੁਦਾ ਵਿਅਕਤੀਆਂ ਦੀ ਕੁਲ ਗਿਣਤੀ ਦੇ 14.5 ਪ੍ਰਤੀਸ਼ਤ ਨੂੰ 'ਗ਼ੈਰ ਅਗਵਾ-ਸ਼ੁਦਾ ਕੇਸ' ਕਰਾਰ ਦਿੱਤਾ। ਭਾਰਤ ਸਰਕਾਰ ਦੁਆਰਾ ਅਗ਼ਵਾ ਕੀਤੀਆਂ ਇਸਤ੍ਰੀਆਂ ਸਬੰਧੀ ਦਿੱਤੀ ਸੂਚਨਾ ਗ਼ਲਤ ਨਹੀਂ ਹੋ ਸਕਦੀ ਸੀ, ਕਿਉਂਕਿ ਇਹ ਸਬੰਧਤ ਵਿਅਕਤੀਆਂ ਪਾਸੋਂ ਇਕੱਠੇ ਕੀਤੇ ਅੰਕੜਿਆਂ 'ਤੇ ਆਧਾਰਿਤ ਸੀ। ਲਗਭਗ 4191 ਅਗਵਾ ਕੀਤੀਆਂ ਇਸਤ੍ਰੀਆਂ ਅਰਥਾਤ ਭਾਰਤ ਸਰਕਾਰ ਦੁਆਰਾ ਦਿੱਤੀ ਸੂਚੀ ਦੇ 13.8 ਪ੍ਰਤੀਸ਼ਤ ਬਾਰੇ ਪਾਕਿਸਤਾਨ ਸਰਕਾਰ ਨੇ ਦੱਸਿਆ ਕਿ ਉਹ ਪਾਕਿਸਤਾਨ ਵਿਚ ਮਰ ਗਈਆਂ ਸਨ। ਇਹ ਅੰਕੜੇ ਵੀ ਸਹੀ ਪ੍ਰਤੀਤ ਨਹੀਂ ਹੁੰਦੇ, ਕਿਉਂਕਿ ਭਾਰਤ ਵਿੱਚ ਮਰਨ ਵਾਲੀਆਂ ਅਗਵਾ ਕੀਤੀਆਂ ਇਸਤਰੀਆਂ ਦੀ ਗਿਣਤੀ ਹੈਰਾਨ ਕਰਨ ਵਾਲੀ ਹੱਦ ਤਕ ਘੱਟ ਸੀ ਅਰਥਾਤ 3.3 ਪ੍ਰਤੀਸ਼ਤ ਸੀ। **(...ਚੱਲਦਾ)**

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ **'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ** -ਗਿ: ਜਗਤਾਰ ਸਿੰਘ ਜਾਚਕ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਲਈ ਵਿਆਕਰਣਿਕ ਸੇਧਾਂ ਦੀ ਸਾਰਥਿਕਤਾ ਤੇ ਮਹੱਤਵ

ਜੁਗੋ-ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਇਸ ਅਟੱਲ ਸਚਾਈ ਨੂੰ ਪ੍ਰਵਾਨ ਕੀਤਾ ਗਿਆ ਹੈ ਕਿ ਮਹਾਂਪੁਰਖ ਪਰਮਾਤਮਾ ਦੀ ਅੰਮ੍ਰਿਤ ਬਾਣੀ ਨੂੰ ਵਿਚਾਰਨ ਵਾਲੇ ਮਨੁੱਖ ਵਿਰਲੇ ਹੀ ਮਿਲਦੇ ਹਨ। ਪਰ, ਇਹ ਵੀ ਇਕ ਅਟੱਲ ਸਚਾਈ ਹੈ ਕਿ ਜਿਹੜੇ ਕੋਈ ਵੀਚਾਰਦੇ ਹਨ, ਉਹ ਗਿਆਨਵਾਨ ਗੁਰਮੁਖ ਬਣ ਕੇ ਸ੍ਵ-ਸਰੂਪ ਵਿਚ ਟਿਕ ਜਾਂਦੇ ਹਨ। ਭਾਵ, ਹੁਕਮੀ ਬੰਦੇ ਬਣ ਕੇ ਅਕਾਲ ਪੁਰਖ ਵਿਚ ਲੀਨ ਹੋ ਜਾਂਦੇ ਹਨ। ਕਿਉਂਕਿ, ਗੁਰਬਾਣੀ ਵੀਚਾਰ ਦੁਆਰਾ ਉਹ ਰੱਬੀ ਹੁਕਮ ਨੂੰ ਬੁੱਝ ਕੇ ਆਪਣੇ ਅੰਦਰੋਂ ਵਿੱਥ ਪਾਊ ਹਉਮੈ ਨੂੰ ਮਿਟਾ ਲੈਂਦੇ ਹਨ। ਗੁਰਵਾਕ ਹੈ :-

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥ (935)**

ਸਪੱਸ਼ਟ ਹੈ ਕਿ ਸਚਿਆਰ ਗੁਰਮੁੱਖ ਮਨੁੱਖ ਬਣ ਕੇ ਜਿਊਣ ਲਈ ਗੁਰਬਾਣੀ ਨੂੰ ਵੀਚਾਰਨਾ ਬਹੁਤ ਅਵੱਸ਼ਕ ਹੈ। ਪਰ, ਇਹ ਵੀ ਇਕ ਅਟੱਲ ਸਚਾਈ ਹੈ ਕਿ ਗੁਰਬਾਣੀ ਦੀ ਵੀਚਾਰ ਕਰਦਿਆਂ ਗੁਰਮਤੀ ਜੀਵਨ ਦੀ ਸਹੀ ਸੇਧ ਤਦੋਂ ਹੀ ਮਿਲ ਸਕਦੀ ਹੈ, ਜੇ ਅਸੀਂ ਗੁਰਬਾਣੀ ਨੂੰ ਗੁਰਬਾਣੀ ਦੀ ਵਿਆਕਰਣਿਕ ਤੇ ਸਿਧਾਂਤਕ ਰੌਸ਼ਨੀ ਵਿੱਚ ਉਚਾਰੀਏ ਤੇ ਵੀਚਾਰੀਏ। ਕਿਉਂਕਿ, ਜੇ ਗੁਰਬਾਣੀ ਦੀ ਲਗ-ਮਾਤ੍ਰ ਨਿਯਮਾਵਲੀ ਤੇ ਵਾਕ ਵੰਡ ਦੀ ਵਿਸਰਾਮਿਕ ਜਾਣਕਾਰੀ ਨਾ ਹੋਵੇ ਤਾਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ; ਜੋ ਸਾਨੂੰ ਗੁਰਮਤੀ ਸੇਧ ਬਖ਼ਸ਼ਣ ਦੀ ਥਾਂ ਭਟਕਾਉਣ ਦਾ ਕਾਰਨ ਬਣ ਸਕਦੇ ਹਨ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਭਾਈ ਗੋਪਾਲਾ ਜੀ ਨੂੰ ਜਪੁ ਜੀ ਸਾਹਿਬ ਦੇ ਸ਼ੁੱਧ ਪਾਠ ਕਰਨ ਬਦਲੇ ਘੋੜੇ ਦੀ ਬਖ਼ਸ਼ਿਸ਼ ਕੀਤੀ ਸੀ ਅਤੇ **ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥** ਤੁੱਕ ਵਿਚ 'ਕੈ' ਦੀ ਥਾਂ 'ਕੇ' ਦਾ ਅਸ਼ੁਧ ਉਚਾਰਨ ਕਰਨ ਵਜੋਂ ਸਿੱਖ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਰੜੀ ਤਾੜਨਾ ਕੀਤੀ ਸੀ। ਕਿਉਂਕਿ, 'ਕੈ' ਦਾ ਅਰਥ ਹੈ: ਜਾਂ ਅਤੇ 'ਕੇ' ਦਾ ਅਰਥ ਹੈ: ਕੀ ?

ਗਿਆਨੀ ਚੰਦਾ ਸਿੰਘ ਜੀ ਦੇ ਸ਼ਗਿਰਦ ਪੰਡਤ ਗਿਆਨੀ ਹਜ਼ਾਰਾ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਨਾਨਾ), ਜੋ ਆਪਣੇ ਆਪ ਨੂੰ ਭਾਈ ਮਨੀ ਸਿੰਘ ਜੀ ਦੀ ਸੰਪ੍ਰਦਾਇ ਨਾਲ ਸੰਬੰਧਿਤ ਦੱਸਦੇ ਸਨ, ਨੇ ਸੰਨ 1897-98 ਨੂੰ ਜੈਤਸਰੀ ਦੀ ਵਾਰ ਦੇ ਟੀਕੇ ਦੀ ਭੂਮਿਕਾ ਦੇ ਅੰਤ ਵਿਚ ਗੁਰਬਾਣੀ ਵਿਆਕਰਣ ਦੀ ਲੋੜ ਬਾਰੇ ਕੁਝ ਸ਼ਬਦ ਇਸ ਤਰ੍ਹਾਂ ਅੰਕਿਤ ਕੀਤੇ ਹਨ :-

"ਇਹ ਗੱਲ ਪੱਕੀ ਹੈ ਕਿ ਵਿਆਕਰਣ ਅਰਥ ਕਰਨੇ ਵਿਚ ਬਹੁਤ ਕੰਮ ਦਿੰਦਾ ਹੈ। ਅਰ ਮਨਘੜਤ ਅਰਥ ਤੇ ਅਨੇਕਾਂ ਤਰਾਂ ਦੀਆਂ ਖਿੱਚਾਂ ਨੂੰ ਜੋ ਲੋਕੀਂ ਆਪੋ ਆਪਣੇ ਮਤਲਬ ਲਈ ਮਾਰਦੇ ਹਨ, ਰੋਕ ਪਾ ਦਿੰਦਾ ਹੈ ਅਰ ਅਰਥ ਦੇ ਅਨਰਥ ਨਹੀਂ ਹੋਣ ਦਿੰਦਾ। ਭਾਵੇਂ ਪੰਜਾਬੀ ਬੋਲੀ ਯਾ ਸੰਸਕ੍ਰਿਤ ਦੇ ਵਿਆਕਰਣ ਦੇ ਸੂਤਰ ਹਰ ਥਾਂ ਨਹੀਂ ਵਰਤੇ ਜਾ ਸਕਦੇ, ਪਰ ਜੇ ਗੁਣੀ ਜਨ ਮਿਹਨਤ ਕਰਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਖਰਾ ਵਿਆਕਰਣ ਬਣ ਸਕਦਾ ਹੈ, ਕਿਉਂਕਿ ਮਹਾਰਾਜ ਦੀ ਬਾਣੀ ਅਕਾਸ਼ ਦੇ ਤਾਰਿਆਂ ਵਾਙ ਠੀਕ ਅਰ ਦ੍ਰਿੜ ਨਿਯਮ ਵਿਚ ਚਲਦੀ ਹੈ, ਭਾਵੇਂ ਇਕ ਅਣਜਾਣ ਪੁਰਖ ਨੂੰ ਅਕਾਸ਼ ਤਾਰੇ ਖਿਲਰੀ ਹੋਈ ਰੇਤ ਤੋਂ ਕੁਝ ਵਧੀਕ ਨਹੀਂ ਭਾਸਦੇ।"

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਨ 1954 ਵਿਚ ਛਪੀ ਪੁਸਤਕ ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ ਦੀ ਭੂਮਿਕਾ ਵਿਚ ਉਨ੍ਹਾਂ ਦੁਆਰਾ ਲਿਖੇ ਸ਼ਬਦ ਵੀ ਗੁਰਬਾਣੀ ਵਿਆਕਰਣ ਤੇ ਨਿਯਮਾਵਲੀ ਦੀ ਲੋੜ ਬਾਰੇ ਸਾਖ ਭਰਦੇ ਹਨ :

"ਗੁਰਬਾਣੀ ਅੰਦਰ ਆਈਆਂ ਲਗਾਂ-ਮਾਤ੍ਰਾਂ ਸਤਿਗੁਰੂ ਦੀ ਅਗਾਧ ਨੇਤ ਅਨੁਸਾਰ ਅਜਿਹੇ ਗੁਰਮਤਿ ਅਸੂਲਾਂ ਬੱਧੇ (ਸੈੱਟ) ਨਿਯਮਾਂ ਅੰਦਰ ਅਜਿਹੇ ਸੋਭਨੀਕ, ਮੋਤੀਆਂ ਵਾਂਗੂੰ ਜੜੀਆਂ ਹੋਈਆਂ ਹਨ ਕਿ ਇਨ੍ਹਾਂ ਤੋਂ ਬਿਨਾਂ ਕਿਸੇ ਵੀ ਗੁਰਵਾਕ ਪੰਕਤੀ ਦਾ ਭਾਵ ਬਣਦਾ ਹੀ ਨਹੀਂ, ਅਧੂਰਾ ਹੀ ਰਹਿੰਦਾ ਹੈ, ਪੂਰਾ ਹੁੰਦਾ ਹੀ ਨਹੀਂ। ਗੁਰਬਾਣੀ ਦਾ ਤੱਤ ਆਸ਼ਾਵੀ ਭਾਵ ਇਨ੍ਹਾਂ ਲਗਾਂ-ਮਾਤ੍ਰਾਂ ਅੰਦਰ ਹੀ ਗੁਪਤ ਹੈ ਅਤੇ ਅਜਿਹੀ ਤੱਤ ਮਰਯਾਦਾ ਅੰਦਰ ਗੁੰਫਤ ਹੈ ਕਿ ਸਮਗ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਇਕ ਰਸ ਨਿਯਮ ਪਰੋਤਾ ਪੂਰਤ ਸੰਧੂਰਤ ਹੈ। ਵਿਲੱਖਣਤਾਮਈ ਵਾਧਾ ਇਹ ਹੈ ਕਿ ਇਨ੍ਹਾਂ ਲਗਾਂ-ਮਾਤ੍ਰਾਂ ਅੰਦਰ ਨਿਯਮਤ ਹੋਏ ਗੁਰਬਾਣੀ ਦੇ ਭਾਵ ਇਕ ਤੋਂ ਅਨੇਕ ਨਹੀਂ ਹੋ ਸਕਦੇ। ਇਕ ਗੁਰ-ਵਾਕ ਪੰਕਤੀ ਦਾ ਭਾਵ ਇੱਕੋ ਹੀ ਰਹਿੰਦਾ ਹੈ।"

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ, ਸਤਿਕਾਰਯੋਗ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਵਿਦਿਆਰਥੀ ਰਹੇ ਹਨ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਣ ਵਾਲੇ ਜੁਲਾਈ 2012 ਦੇ ਗੁਰਮਤਿ ਪ੍ਰਕਾਸ਼ ਵਿਚ 'ਗੁਰਬਾਣੀ ਦੀ ਲਗ-ਮਾਤ੍ਰ ਨਿਯਮਾਂਵਲੀ : ਖੋਜ ਤੇ ਸੰਭਾਵਨਾ ਦੇ ਸਿਰਲੇਖ ਹੇਠ 'ਖ਼ਾਲਸਾ' ਜੀ ਦੇ ਵੀਚਾਰਾਂ ਨੂੰ ਇਉਂ ਪ੍ਰਗਟ ਕੀਤਾ ਹੈ। ਪੰਨਾ 189 ਦੇ ਸ਼ਬਦ "ਕਰ ਕਰਿ ਟਹਲ; ਰਸਨਾ ਗੁਣ ਗਾਵਉ ॥੪॥੫੧॥੧੨੦॥" ਦੀ ਵਿਆਖਿਆ ਕਰਦੇ ਸਮੇਂ ਇਹ ਕਹਿ ਰਹੇ ਹਨ ਕਿ " 'ਕਰ' ਸ਼ਬਦ ਮੁਕਤੇ ਨਾਲ, ਹੱਥਾਂ ਦਾ ਵਾਚਕ ਹੈ, 'ਰ' ਨੂੰ ਸਿਹਾਰੀ ਨਾਲ ਕਿਰਿਆ ਦਾ ਵਾਚਕ ਹੈ, 'ਕਰ ਕਰਿ ਵਿਆਕਰਣ ਵੀ ਵਿਚੇ ਰੱਖਿਆ ਪਿਆ ਹੈ।" ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਦੇ ਵਿਸ਼ੇ 'ਤੇ ਕੁਝ ਹੇਠ ਲਿਖੀਆਂ ਪੁਸਤਕਾਂ ਵਰਣਨ ਯੋਗ ਹਨ। ਜਿਵੇਂ ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁੱਝੇ ਭੇਦ ਪ੍ਰਿੰ. ਤੇਜਾ ਸਿੰਘ ਜੀ, ਗੁਰਬਾਣੀ ਵਿਆਕਰਣ ਪ੍ਰੋ. ਸਾਹਿਬ ਸਿੰਘ ਜੀ, ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਨਵੀਨ ਗੁਰਬਾਣੀ ਵਿਆਕਰਣ ਗਿ: ਹਰਬੰਸ ਸਿੰਘ ਜੀ ਅਤੇ ਗੁਰਬਾਣੀ ਦਾ ਸਰਲ ਵਿਆਕਰਣ-ਬੋਧ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਆਦਿਕ।

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਹੁਰਾਂ ਲਿਖਿਆ ਹੈ ਕਿ ਦਸੰਬਰ 1920 ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਖ਼ਾਲਸਾ ਸਕੂਲ, ਗੁਜਰਾਂਵਾਲੇ ਦੇ ਗੁਰਦੁਆਰੇ ਵਿਚ ਅਖੰਡ ਪਾਠ ਕਰਦਿਆਂ ਦੋ ਤਿੰਨ ਤੁਕਾਂ ਦੀ ਵਿੱਥ 'ਤੇ ਹੀ ਲਫ਼ਜ਼ 'ਸਬਦ' ਤਿੰਨ ਰੂਪਾਂ ਵਿਚ ਆ ਗਿਆ - 'ਸਬਦੁ', 'ਸਬਦਿ', 'ਸਬਦ'। ਸੁਤੇ ਹੀ ਇਹ ਖ਼ਿਆਲ ਮੇਰੇ ਮਨ ਵਿਚ ਪੈਦਾ ਹੋਇਆ ਕਿ ਇੱਕੋ ਹੀ ਲਫ਼ਜ਼ ਦੇ ਇਹ ਤ੍ਰੈ ਵੱਖਰੇ-ਵੱਖਰੇ ਰੂਪ ਹਨ। ਐਸਾ ਕਿਉਂ ? ਗੁਰੂ ਨੇ ਮਿਹਰ ਕੀਤੀ ਤੇ ਕੁਝ ਸੂਝ ਪੈ ਗਈ। ਉਹੀ ਲਗਾਂ-ਮਾਤ੍ਰਾਂ ਜਿਨ੍ਹਾਂ ਵੱਲ ਪਹਿਲਾਂ ਕਦੇ ਧਿਆਨ ਨਹੀਂ ਸੀ ਦਿੱਤਾ, ਹੁਣ ਖ਼ਾਸ ਲੋੜੀਂਦੀਆਂ ਜਾਪਣ ਲੱਗੀਆਂ। ਬਸ, ਇਥੋਂ ਹੀ ਗੁਰਬਾਣੀ ਵਿਆਕਰਣ ਪੁਸਤਕ ਦਾ ਮੁੱਢ ਬੱਝਾ।

ਉਪਰੋਕਤ ਸਾਰੀ ਵੀਚਾਰ ਦਾ ਸਾਰੰਸ਼ ਇਹ ਹੈ ਕਿ ਜਿਵੇਂ ਸਾਇੰਸਦਾਨ ਵਿਗਿਆਨੀਆਂ ਨੇ ਤਰਲ ਜਾਂ ਠੋਸ ਵਸਤੂਆਂ ਨੂੰ ਬਨਾਉਣ ਦੇ ਨਿਯਮ ਆਪਣੇ ਕੋਲੋਂ ਨਹੀਂ ਘੜੇ, ਕੁਦਰਤ ਦੇ ਸਰਬ-ਵਿਆਪਕ ਵਰਤਾਰੇ ਵਿੱਚੋਂ ਲੱਭੇ ਹਨ; ਤਿਵੇਂ ਹੀ ਗੁਰਬਾਣੀ ਵਿਆਕਰਣ ਦੀਆਂ ਪੁਸਤਕਾਂ ਲਿਖਣ ਦਾ ਉਪਕਾਰ ਕਰਨ ਵਾਲੇ ਵਿਦਵਾਨ ਸੱਜਣਾਂ ਨੇ ਵਿਆਕਰਣਿਕ ਨਿਯਮ ਆਪ ਨਹੀਂ ਘੜੇ। ਸਗੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਦਰਲੀ ਅੰਮ੍ਰਿਤ ਬਾਣੀ ਨੂੰ ਖੋਜ ਖੋਜ ਕੇ ਲੱਭੇ ਹਨ। ਕਿਉਂਕਿ, ਗੁਰਬਾਣੀ ਨੂੰ ਸ਼ਰਧਾ ਸਹਿਤ ਵਿਚਾਰਦਿਆਂ ਉਹ ਇਸ ਨਤੀਜੇ 'ਤੇ ਪਹੁੰਚ ਗਏ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੁੱਢਲੇ ਸਰੂਪ 'ਪੋਥੀ ਸਾਹਿਬ' ਦੀ ਸੰਪਾਦਨਾ ਵੇਲੇ, ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਭਾਈ

ਸਾਹਿਬ ਭਾਈ ਗੁਰਦਾਸ ਜੀ ਪਾਸੋਂ ਗੁਰਬਾਣੀ ਨੂੰ ਕੁਝ ਵਿਸ਼ੇਸ਼ ਵਿਆਕਰਣਿਕ ਨਿਯਮਾਂ ਅਨੁਸਾਰ ਲਿਖਵਾਇਆ ਹੈ। ਗੁਰਬਾਣੀ ਸੰਬੰਧੀ ਭੁਲੇਖਿਆਂ ਤੋਂ ਬਚਾਉਣ ਲਈ ਜਿਥੇ ਕੁਝ ਵਿਸ਼ੇਸ਼ ਸੂਚਨਾਵਾਂ ਦਰਜ ਕਰਵਾਈਆਂ ਹਨ; ਉਥੇ, ਅੰਕਾਂ ਅਤੇ ਲਫ਼ਜ਼ਾਂ ਦੇ ਸ਼ੁੱਧ ਉਚਾਰਨ ਲਈ ਵਿਸ਼ੇਸ਼ ਵਿਆਕਰਣਿਕ ਸੇਧਾਂ ਵੀ ਬਖ਼ਸ਼ੀਆਂ ਹਨ। ਲੋੜ ਤਾਂ ਉਨ੍ਹਾਂ ਨਿਯਮਾਂ ਨੂੰ ਲੱਭਣ ਤੇ ਸਮਝਣ ਦੀ ਹੈ, ਤਾਂ ਜੋ ਉਨ੍ਹਾਂ ਮੁਤਾਬਕ ਗੁਰਬਾਣੀ ਦਾ ਉਚਾਰਨ ਸ਼ੁੱਧ ਹੋ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਵਿਚਾਰਪੂਰਵਕ ਪਾਠ ਕਰਦੇ ਹੋਏ ਅਸੀਂ ਦਰਸ਼ਨ ਕਰਦੇ ਹਾਂ ਕਿ ਜਿਵੇਂ ਰਾਗਬੱਧ ਬਾਣੀਆਂ ਦੇ ਸਿਰਲੇਖਾਂ ਵਿਚ 'ਮਹਲਾ' ਅਤੇ 'ਘਰੁ' ਲਫ਼ਜ਼ਾਂ ਨਾਲ ਹਿੰਦਸਿਆਂ ਵਿਚ ਲਿਖੇ ਅੰਕਾਂ ਦੇ ਸ਼ੁੱਧ ਉਚਾਰਨ ਲਈ, ਅੱਖਰਾਂ ਵਿਚ 'ਪਹਿਲਾ', 'ਦੂਜਾ' ਤੇ 'ਤੀਜਾ' ਲਿਖ ਕੇ ਸੇਧ ਬਖ਼ਸ਼ੀ ਗਈ ਹੈ ਕਿ ਇਨ੍ਹਾਂ ਅੰਕਾਂ ਨੂੰ ਇੱਕ, ਦੋ ਜਾਂ ਤਿੰਨ ਨਹੀਂ ਬੋਲਣਾ। ਪਹਿਲਾ, ਦੂਜਾ ਤੇ ਤੀਜਾ ਬੋਲਣਾ ਹੈ। ਕਿਉਂਕਿ, ਇਹ ਕਰਮਵਾਚਕ ਸੰਖਿਅਕ ਵਿਸ਼ੇਸ਼ਣ ਹਨ। ਤਿਵੇਂ ਹੀ ਗੁਰਬਾਣੀ ਦੀ ਲਿਖਾਈ ਅੰਦਰ ਕਈ ਲਫ਼ਜ਼ਾਂ ਨੂੰ ਇਕ ਥਾਂ 'ਤੇ ਬਿੰਦੀ ਜਾਂ ਟਿੱਪੀ ਤੋਂ ਬਿਨਾਂ ਲਿਖਿਆ ਹੋਇਆ ਹੈ ਤੇ ਦੂਜੀ ਥਾਂ ਉਨ੍ਹਾਂ ਹੀ ਲਫ਼ਜ਼ਾਂ ਨੂੰ ਬਿੰਦੀ ਤੇ ਟਿੱਪੀ ਸਹਿਤ ਲਿਖਿਆ ਹੋਇਆ ਹੈ। ਇਸੇ ਤਰ੍ਹਾਂ ਕਈ ਲਫ਼ਜ਼ ਪੈਰਾਂ ਵਿਚ ਲਿਖੇ 'ਹ' ਤੋਂ ਬਿਨਾਂ ਹਨ ਅਤੇ ਕਈ ਥਾਈਂ ਉਨ੍ਹਾਂ ਹੀ ਲਫ਼ਜ਼ਾਂ ਦੇ ਪੈਰਾਂ ਵਿਚ 'ਹ' ਅੰਕਿਤ ਕੀਤਾ ਹੋਇਆ

ਗੁਰਬਾਣੀ ਦੀ ਵਿਆਕਰਣਿਕ ਸੋਝੀ ਰੱਖਣ ਵਾਲੇ ਵਿਦਵਾਨਾਂ ਦਾ ਕਥਨ ਹੈ ਕਿ ਗੁਰੂ ਸਾਹਿਬਾਨ ਨੇ ਐਸੀ ਅਗਵਾਈ ਗੁਰਬਾਣੀ ਦੇ ਸ਼ੁੱਧ ਉਚਾਰਨ ਲਈ ਬਖ਼ਸ਼ੀ ਉਨ੍ਹਾਂ ਦੀ ਇੱਛਾ ਸੀ ਕਿ ਲਫ਼ਜ਼ਾਂ ਨੂੰ ਅਰਥਾਂ ਮੁਤਾਬਕ ਸ਼ੁੱਧ ਉਚਾਰਨ ਲਈ ਬਿੰਦੀ, ਟਿੱਪੀ, ਅੱਧਕ ਤੇ ਪੈਰ ਵਿਚ 'ਹ' ਆਦਿਕ ਲੋੜ ਅਨੁਸਾਰ ਲਗਾ ਲਿਆ ਜਾਵੇ। ਜਿਵੇਂ ਸਿਰਲੇਖਾਂ ਵਿਚਲੇ ਮਹਲਾ ਲਫ਼ਜ਼ ਤੋਂ ਸੇਧ ਲੈ ਕੇ 'ਸਲੋਕ ਮ: ੧ (ਪੰਨਾ 83), 'ਮ: ੨' (ਪੰਨਾ 83), 'ਮ: ੩' (ਪੰਨਾ 84) ਵਰਗੇ ਸੰਕੇਤਕ ਸਿਰਲੇਖਾਂ ਵਿਚ ਵੀ ਹਰ ਥਾਂ 'ਮਹਲਾ' ਉਚਾਰਨ ਕੀਤਾ ਜਾਂਦਾ ਹੈ ਅਤੇ 'ਮਹਲਾ' ਜਾਂ 'ਮ:' ਲਫ਼ਜ਼ਾਂ ਨਾਲ ਹਿੰਦਸਿਆਂ ਵਿਚ ਲਿਖੇ ਕਰਮਵਾਚਕ ਸੰਖਿਅਕ ਵਿਸ਼ੇਸ਼ਣ ਅੰਕਾਂ ਪ੍ਰਤੀ ਬਖ਼ਸ਼ੀਆਂ ਕੁਝ ਕੁ ਸੇਧਾਂ ਤੋਂ ਰੌਸ਼ਨੀ ਲੈ ਕੇ ਹਰ ਥਾਂ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਨੌਵਾਂ ਬੋਲਿਆ ਜਾਂਦਾ ਹੈ; ਤਿਵੇਂ ਹੀ ਥਾਂ ਪਰਥਾਂਅ ਲਫ਼ਜ਼ਾਂ ਨੂੰ ਲੱਗੀਆਂ ਬਿੰਦੀਆਂ, ਟਿੱਪੀਆਂ ਤੇ ਪੈਰੀਂ ਅੱਖਰਾਂ ਤੋਂ ਸੇਧ ਲੈ ਕੇ, ਉਸ ਸ਼੍ਰੇਣੀ ਦੇ ਬਾਕੀ ਲਫ਼ਜ਼ਾਂ ਨੂੰ ਵੀ ਹੋਰਨੀਂ ਥਾਈਂ ਉਸੇ ਰੂਪ ਵਿਚ ਉਚਾਰਿਆ ਜਾਏ। ਜਿਵੇਂ :

**(1) ਜੋ ਤੁਧੁ ਭਾਵੈ ਸਾਈ ਭਲੀ ਕਾਰ ॥ (3)**

**(2) ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥**
**ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ (81)**

**(3) ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥ (709)**

ਤੁਕ ਨੰਬਰ (1) ਵਿਚ 'ਸਾਈ' ਲਫ਼ਜ਼ ਦਾ ਅਰਥ ਹੈ : ਉਹ ਅਥਵਾ ਉਹੀ, ਤੇ ਉਚਾਰਨ ਹੈ ਬਿੰਦੀ ਰਹਿਤ 'ਸਾਈ'। ਪਰ, ਤੁਕ ਨੰਬਰ (2) ਅਤੇ (3) ਵਿਚ 'ਸਾਈ' ਲਫ਼ਜ਼ ਦਾ ਅਰਥ ਹੈ : ਮਾਲਕ ਅਕਾਲਪੁਰਖੁ, ਤੇ ਉਚਾਰਨ ਹੈ "ਸਾਈਂ'। ਅਜਿਹੀ ਸੇਧ ਸਾਨੂੰ ਗੁਰਬਾਣੀ ਵਿਚੋਂ ਹੀ ਮਿਲਦੀ ਹੈ, ਜਦੋਂ ਭਗਤ ਫਰੀਦ ਸਾਹਿਬ ਦੇ ਸਲੋਕ ਪੜ੍ਹਦੇ ਹੋਏ **ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥** (**1378**) ਦੀ ਤੁਕ ਪੜ੍ਹਦੇ ਹਾਂ, ਜਿਸ ਵਿਚ 'ਸਾਂਈਂ'' ਲਫ਼ਜ਼ ਬਿੰਦੀ ਸਹਿਤ ਅੰਕਿਤ ਹੈ। ਗੁਰਬਾਣੀ ਪਾਠ ਦਰਸ਼ਨ ਪੁਸਤਕ ਦੀ ਅੱਠਵੀਂ ਐਡੀਸ਼ਨ ਦੇ ਪੰਨਾ 412 'ਤੇ ਗਿਆਨੀ ਗੁਰਬਚਨ ਸਿੰਘ 'ਖ਼ਾਲਸਾ' ਭਿੰਡਰਾਂਵਾਲਿਆਂ ਨੇ ਤੁਕ ਨੰਬਰ (3) ਦੇ ਇਉਂ ਦਰਸ਼ਨ ਕਰਵਾਏ ਹਨ : **ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ॥** (ਸਾਈਂ ਬੋਲੋ)

ਗੁਰਬਾਣੀ ਅੰਦਰ ਨਾਂਵ (Noun) ਲਫ਼ਜ਼ ਨੂੰ ਬਹੁ-ਵਚਨ ਬਨਾਉਣ ਲਈ ਉਸਦੇ ਅੰਤ ਚ ਆਮ ਤੌਰ 'ਤੇ ਬਿੰਦੀ ਸਹਿਤ ਕੰਨਾ ਲਗਾਇਆ ਜਾਂਦਾ ਹੈ। ਜਿਵੇਂ

**(1) ਚਰਨ ਕਮਲ ਭਗਤਾਂ ਮਨਿ ਵੁਠੇ ॥ (109)**

**(2) ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ (44)**

**(3) ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ॥**
**(1008)**

ਪਰ, ਇਹੀ ਲਫ਼ਜ਼ ਹੋਰਨੀਂ ਕਈ ਥਾਈਂ ਬਿੰਦੀ ਰਹਿਤ ਮਿਲਦੇ ਹਨ। ਜਿਵੇਂ :

**(ੳ) ਨਾਨਕ ਭਗਤਾ ਸਦਾ ਵਿਗਾਸੁ ॥ (2)**

**(ਅ) ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ (6)**

**(ੲ) ਭਰੀਐ ਮਤਿ ਪਾਪਾ ਕੈ ਸੰਗਿ ॥ (4)**

ਸਪੱਸ਼ਟ ਹੈ ਕਿ ਉਪਰਲੀਆਂ (1), (2) ਤੇ (3) ਨੰਬਰ ਵਰਗੀਆਂ ਤੁਕਾਂ ਵਿਚਲੇ ਲਫ਼ਜ਼ ਸਤਿਗੁਰੂ ਜੀ ਨੇ ਅਗਵਾਈ ਲਈ ਉਦਾਹਰਣ ਵਜੋਂ ਵਰਤੇ ਹਨ, ਤਾਂ ਕਿ ਉਨ੍ਹਾਂ ਤੋਂ ਸੇਧ ਲੈ ਕੇ ਇਸ ਸ਼੍ਰੇਣੀ ਦੇ (ੳ), (ਅ) ਤੇ (ੲ) ਵਰਗੀਆਂ ਤੁਕਾਂ ਵਿਚਲੇ ਬਾਕੀ ਸਾਰੇ ਬਹੁਵਚਨੀ ਨਾਂਵ ਰੂਪ ਲਫ਼ਜ਼ਾਂ ਨੂੰ ਬਿੰਦੀਆਂ ਸਹਿਤ ਉਚਾਰਨ ਕੀਤਾ ਜਾਵੇ। ਜਿਵੇਂ ਗੁਰਸਿਖਾ, ਸਰਾ, ਬਗਾ, ਭਾਈਆ, ਚੋਟਾ, ਵਡਿਆਈਆ, ਚੰਗਿਆਈਆ, ਬੁਰਿਆਈਆ, ਕੀਟਾ, ਅਖਰਾ, ਕਾਦੀਆ, ਰਾਗਾ ਆਦਿ। ਕਿਉਂਕਿ, ਇਹ ਸਾਰੇ ਬਹੁ-ਵਚਨ ਹਨ। ਇਹੀ ਕਾਰਨ ਹੈ ਕਿ ਜਥੇਦਾਰ ਗਿਆਨੀ ਜੋਗਿੰਦਰ ਸਿੰਘ 'ਵੇਦਾਂਤੀ' ਜੀ ਨੂੰ ਗੁਰਬਾਣੀ ਵਿਆਕਰਣ ਦਾ ਮਹੱਤਵ ਪ੍ਰਗਟ ਕਰਨ ਲਈ ਲਿਖਣਾ ਪਿਆ ਕਿ "ਅੱਜ ਦੀਆਂ ਕਈ ਸਤਿਕਾਰਤ ਸੰਪ੍ਰਦਾਵਾਂ ਤੇ ਕੁਝ ਵਿਦਵਾਨ ਗੁਰਬਾਣੀ ਦੀ ਨਿਯਮਾਵਲੀ ਮੰਨਣ ਤੋਂ ਇਨਕਾਰੀ ਹੀ ਨਹੀਂ ਸਗੋਂ ਗਾਹੇ-ਬਗਾਹੇ ਬੇਲੋੜਾ ਵਿਵਾਦ ਵੀ ਖੜਾ ਕਰਦੇ ਹਨ। ਕੁਝ ਕੁ ਸ਼ਰਧਾਲੂ ਵੀਰਾਂ ਦਾ ਵਿਚਾਰ ਹੈ ਕਿ ਗੁਰਬਾਣੀ ਦੀ ਲਿਖਾਈ ਸੁਤੰਤਰ ਹੈ ਅਤੇ ਕਿਸੇ ਨਿਯਮ ਦੇ ਅਧੀਨ ਨਹੀਂ। ਉਨ੍ਹਾਂ ਦਾ ਗੁਰਬਾਣੀ ਪ੍ਰਤੀ ਸਤਿਕਾਰ ਤੇ ਸ਼ਰਧਾ ਮੁਬਾਰਕ ਹੈ, ਪਰ ਗੁਰਬਾਣੀ ਦੀ ਲਿਖਾਈ ਦਾ ਨਿਯਮ-ਪੂਰਵਕ ਹੋਣਾ ਗੁਰਬਾਣੀ ਦੀ ਗੌਰਵਤਾ ਨੂੰ ਘਟਾਉਂਦਾ ਹਰਗਿਜ਼ ਨਹੀਂ, ਸਗੋਂ ਵਧਾਉਂਦਾ ਹੈ।

ਗੁਰਬਾਣੀ ਦੇ ਦੋ ਰੂਪ ਹਨ—ਭਾਵਾਤਮਿਕ ਅਤੇ ਵਰਣਾਤਮਿਕ। ਗੁਰਬਾਣੀ ਦਾ ਭਾਵਾਤਮਿਕ ਰੂਪ ਗੁਪਤ ਹੈ, ਜੋ ਬਿਲਕੁਲ ਮੌਲਿਕ ਅਤੇ ਸੁਤੰਤਰ ਹੈ। ਗੁਰਬਾਣੀ ਦਾ ਵਰਣਾਤਮਿਕ ਰੂਪ ਪ੍ਰਗਟ ਹੈ ਤੇ ਇਸ ਦਾ ਸੰਬੰਧ ਗੁਰਬਾਣੀ ਦੀ ਲਿਖਣ-ਤਕਨੀਕ ਨਾਲ ਹੈ। ਇਹ ਤਕਨੀਕ ਬੱਝਵੇਂ ਨੇਮਾਂ ਅਨੁਸਾਰ ਹੈ ਤੇ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ 'ਬੱਝਵੇਂ' ਨੇਮ ਕਿਸੇ ਹੋਰ ਬੋਲੀ ਜਾਂ ਮਨੁੱਖ ਦੇ ਬਣਾਏ ਵਿਆਕਰਣ ਦੇ ਅਧੀਨ ਨਹੀਂ, ਸਗੋਂ ਸੁਤੰਤਰ ਹਨ। ਇਹ ਨੇਮ ਆਪਣੇ ਆਪ ਵਿਚ ਵਿਲੱਖਣ ਹਨ ਤੇ ਇਨ੍ਹਾਂ ਦੇ ਨਿਰਮਾਤਾ ਗੁਰੂ ਸਾਹਿਬਾਨ ਆਪ ਹੀ ਹਨ। ਰੱਬੀ ਗਿਆਨ ਨੂੰ ਸਾਧਾਰਨ ਜਗਿਆਸੂਆਂ ਉੱਤੇ ਆਸ਼ਕਾਰਾ (ਪ੍ਰਗਟ) ਕਰਨ ਲਈ ਇਹ ਸੁਜਾਨ ਸਤਿਗੁਰਾਂ ਦੀ ਮਹਾਨ ਦੇਣ ਹਨ। ਇਨ੍ਹਾਂ ਦੀ ਹੋਂਦ ਤੋਂ ਇਨਕਾਰ ਕਰਨਾ ਸੱਚ ਅੱਗੇ ਅੱਖਾਂ ਮੀਟਣ ਦੇ ਤੁਲ ਹੈ। ਲੋੜ ਹੈ ਇਨ੍ਹਾਂ ਨਿਯਮਾਂ ਨੂੰ ਸਮਝਣ ਦੀ ਅਤੇ ਸਮਝ ਕੇ ਸਿੱਖ ਸੰਗਤਾਂ ਵਿਚ ਪ੍ਰਚਾਰਨ ਦੀ, ਤਾਂ ਜੋ ਗੁਰਬਾਣੀ ਦੇ ਗੂਹਜ ਅਤੇ ਅਮੁੱਲੇ ਭਾਵ ਸਹੀ ਰੂਪ ਵਿਚ ਸਮਝੇ ਜਾ ਸਕਣ।" (ਦੇਖੋ :'ਗੁਰਮਤਿ ਪ੍ਰਕਾਸ਼', ਜੁਲਾਈ 2012)

ਪ੍ਰੋ. ਸਾਹਿਬ ਸਿੰਘ ਜੀ ਗੁਰਬਾਣੀ ਵਿਆਕਰਣ ਪੁਸਤਕ ਦੀ ਭੂਮਿਕਾ ਵਿਚ ਲਿਖਦੇ ਹਨ : ਹਿੰਦੂ ਸੱਜਣ ਵੇਦਾਂ ਨੂੰ ਆਕਾਸ਼ ਬਾਣੀ ਮੰਨਦੇ ਚਲੇ ਆ ਰਹੇ ਹਨ। ਪਰ ਕਦੇ ਕਿਸੇ ਵਿਦਵਾਨ ਨੇ ਇਹ ਇਤਰਾਜ਼ ਨਹੀਂ ਕੀਤਾ ਕਿ ਇਸ 'ਆਕਾਸ਼ ਬਾਣੀ' ਦਾ ਵਿਆਕਰਣ ਨਹੀਂ ਹੋ ਸਕਦਾ ਜਾਂ ਨਹੀਂ ਹੋਣਾ ਚਾਹੀਦਾ। ਸਗੋਂ ਇਸ 'ਆਕਾਸ਼ ਬਾਣੀ' ਨੂੰ ਸਦਾ ਠੀਕ ਤਰ੍ਹਾਂ ਸਮਝਣ ਲਈ ਜਿਥੇ ਵੱਡੇ ਵੱਡੇ ਮਹਾਂਰਿਸ਼ੀ ਵੇਦਾਂ ਦੇ ਅਰਥ ਲਿਖਦੇ ਰਹੇ, ਉਥੇ ਉਹਨਾਂ ਨੇ ਵੇਦਾਂ ਦੀ ਸੰਸਕ੍ਰਿਤ ਦਾ ਵਿਆਕਰਣ ਭੀ ਬਣਾ ਦਿੱਤਾ। ਜੇ ਪੁਰਾਤਨ ਰਿਸ਼ੀ ਇਹ ਖ਼ਿਆਲ ਕਰਦੇ ਕਿ ਵੇਦਾਂ ਦਾ ਵਿਆਕਰਣ ਲਿਖਣਾ 'ਆਕਾਸ਼ ਬਾਣੀ' ਦੀ ਨਿਰਾਦਰੀ ਹੈ, ਤਾਂ ਅੱਜ ਉਹਨਾਂ ਵੇਦਾਂ ਨੂੰ ਸਮਝਣਾ ਅਸੰਭਵ ਹੁੰਦਾ। ਬੋਲੀ ਸਦਾ ਬਦਲਦੀ ਆਈ ਹੈ। ਅੱਜ ਦੀ ਪੰਜਾਬੀ ਉਹ ਨਹੀਂ, ਜੋ ਅੱਜ ਤੋਂ ਪੰਜ ਸੌ ਪਹਿਲਾਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਸ ਪੰਜਾਬੀ ਬੋਲੀ ਵਿਚ ਉਚਾਰਨ ਕੀਤੀ ਗਈ ਹੈ, ਜੋ ਉਸ ਵੇਲੇ (ਕੇਵਲ ਪੰਜਾਬ ਹੀ ਨਹੀਂ, ਸਗੋਂ ਸਾਰੇ ਭਾਰਤੀ ਮਹਾਂਦੀਪ ਵਿਚ ਸਮਝੀ ਜਾਂਦੀ ਤੇ) ਪ੍ਰਚੱਲਤ ਸੀ। ਤਦੋਂ ਦਾ 'ਵਿਆਕਰਣ' ਭੀ ਅੱਜ ਦੇ ਵਿਆਕਰਣ ਨਾਲੋਂ ਵਿਲੱਖਣ ਸੀ।

(...ਚੱਲਦਾ)

# ਗੁਰਮਤਿ ਸਿਖਲਾਈ ਕੈਂਪ 2023

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਮਈ-ਜੂਨ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਤੇ ਕੈਂਪਾਂ ਵਿਚ ਬੱਚਿਆਂ/ਨੌਜਵਾਨਾਂ ਨੂੰ ਗੁਰ-ਇਤਿਹਾਸ, ਗੁਰਬਾਣੀ, ਸਿੱਖ ਰਹਿਤ ਮਰਿਯਾਦਾ, ਨੈਤਿਕ ਕਦਰਾਂ-ਕੀਮਤਾਂ ਅਤੇ ਸਿੱਖ ਵਿਰਸੇ ਤੇ ਸੱਭਿਆਚਾਰ ਤੋਂ ਜਾਣੂੰ ਕਰਵਾਇਆ ਜਾਵੇਗਾ।

## • ਆਓ ! ਫਰਜ਼ ਨੂੰ ਪਛਾਣੀਏ •

ਆਪੋ-ਆਪਣੇ ਇਲਾਕੇ ਵਿਚ ਸਕੂਲਾਂ-ਕਾਲਜਾਂ ਵਿਚ
**ਗੁਰਮਤਿ ਸਿਖਲਾਈ ਕੈਂਪ** ਲਗਵਾਈਏ।

**ਗੁਰਮਤਿ ਕੈਂਪ ਇੰਚਾਰਜ: ਭਾਈ ਗੁਰਜੀਤ ਸਿੰਘ ਸੰਪਰਕ : 98555-98849**

**ਕੈਂਪ ਲਗਾਉਣ ਲਈ ਸੰਪਰਕ: 98555-98849, 95920-20595**

**ਬੇਨਤੀ ਕਰਤਾ: ਗੁਰਮਤਿ ਗਿਆਨ ਮਿਸ਼ਨਰੀ ਕਾਲਜ**

**ਪੰਜਾਬੀ ਬਾਗ, ਜਵੱਦੀ, ਲੁਧਿਆਣਾ-141013 www.gurmatgian.com, www.fb.com/gurmatgian**




# ਗੁਰਮਤਿ ਗਿਆਨ ਮਿਸ਼ਨਰੀ ਕਾਲਜ

## ਦਾਖਲਾ ਨੋਟਿਸ

**ਪ੍ਰਚਾਰਕ ਦਾ ਢਾਈ ਸਾਲਾ ਡਿਪਲੋਮਾ ਕੋਰਸ (2 ਸਾਲ ਕਾਲਜ ਵਿਖੇ ਅਤੇ 6 ਮਹੀਨੇ ਫੀਲਡ ਟ੍ਰੇਨਿੰਗ) ਲਈ ਦਾਖਲਾ ਸ਼ੁਰੂ ਹੈ।**

**ਯੋਗਤਾ : 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ। ਉਮਰ : 18 ਤੋਂ 28 ਸਾਲ।**

**ਦਾਖਲਾ ਮਿਤੀ : 6 ਜੁਲਾਈ 2023 (ਵੀਰਵਾਰ)**

**ਦਾਖਲੇ ਵਾਲੇ ਦਿਨ ਉਮੀਦਵਾਰ ਸਵੇਰੇ 9 ਵਜੇ ਤੋਂ 2 ਵਜੇ ਤਕ ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ ਦੋ ਫੋਟੋਆਂ ਲੈ ਕੇ ਇੰਟਰਵਿਊ ਲਈ ਆਪਣੇ ਖਰਚੇ 'ਤੇ ਹੇਠ ਲਿਖੇ ਪਤੇ 'ਤੇ ਪਹੁੰਚਣ। ਟ੍ਰੇਨਿੰਗ ਦੌਰਾਨ ਪੜ੍ਹਾਈ, ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਾਲਜ ਵੱਲੋਂ ਫ੍ਰੀ ਕੀਤਾ ਜਾਵੇਗਾ।**

**ਰਜਿਸਟ੍ਰੇਸ਼ਨ ਕਰਾਉਣ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ: 99155-29725, 98555-98855**

**ਪੰਜਾਬੀ ਬਾਗ਼, ਜਵੱਦੀ, ਲੁਧਿਆਣਾ ਫੋਨ: 0161-2521700, 94177-04970**

**Email:** gurmatgian@rediffmail.com **Website:** gurmatgian.org

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਸਿਖ ਮੀਤ ਚਲਹੁ ਗੁਰ ਚਾਲੀ

**'ਸਿੱਖ ਰਹੁਰੀਤ' ਕਿਤਾਬਚੇ ਵਿਚੋਂ**

(1) ਹਰ ਸਮਾਜ ਵਿਚ ਮਰਿਯਾਦਾ ਜ਼ਰੂਰੀ ਹੁੰਦੀ ਹੈ, ਅਤੇ ਗੁਰੂ ਨਾਨਕ ਸਾਹਿਬ ਨੇ ਰਹਿਤ ਮਰਯਾਦਾ ਦੇ ਸਮੁਚੇ ਅੰਗਾਂ ਨੂੰ ਭਾਵ ਅੰਦਰੂਨੀ ਅਤੇ ਬਾਹਰੀ ਰਹਿਤ ਦੇ ਸਰੂਪ ਨੂੰ ਬੜੀ ਦੂਰ-ਅੰਦੇਸ਼ੀ ਨਾਲ ਮਿਥ ਦਿਤਾ ਸੀ, ਤਾਂਕਿ ਗੁਰੂ ਕੇ ਸਿੱਖ ਆਚਰਨ ਦੀ ਉਸਾਰੀ ਕਰਕੇ ਆਪਣਾ ਨਿੱਜੀ ਅਤੇ ਸਮਾਜ ਦੀ ਭਲਾਈ ਵਿਚ ਪੂਰਾ-ਪੂਰਾ ਹਿੱਸਾ ਪਾ ਸਕਣ। ਜੇ ਕੋਈ ਨਿਯਮਾਂਵਲੀ (ਭਾਵ ਰਹਿਤ ਮਰਿਯਾਦਾ) ਨਾ ਲਾਗੂ ਕੀਤੀ ਜਾਵੇ ਤਾਂ ਮਨੁੱਖ ਅਵਾਰਾ ਪਸ਼ੂਆਂ ਦੀ ਤਰ੍ਹਾਂ ਥਾਂ-ਥਾਂ ਮੂੰਹ ਮਾਰਦਾ ਰਹੇਗਾ। ਕੇਸ-ਦਾਹੜੀ ਹੀ ਸਿੱਖ ਦੇ ਆਚਰਨ ਨੂੰ ਡਿਗਣ ਤੋਂ ਬਚਾ ਕੇ ਰਖਦੀ ਹੈ।

**(ਚਾਰੋਂ ਕੁਰਹਿਤਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਲਾਗੂ ਹੋ ਗਈਆਂ ਸਨ। ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਵਿਚ ਫਰਕ ਸਮਝਣਾ ਨਾਸਮਝੀ ਹੈ। ਗੁਰੂ ਸਾਹਿਬਾਨ ਇਕ ਜੋਤ ਹਨ, ਕੇਵਲ ਸਰੀਰ ਵੱਖਰੇ ਸਨ।)**

ਕਈ ਵਿਦਵਾਨ ਕੇਸਾਂ ਦੀ ਮਹਾਨਤਾ ਬਿਆਨ ਕਰਨ ਲਈ ਕਈ ਤਰਾਂ ਦੀਆਂ ਦਲੀਲਾਂ ਜਿਵੇਂ ਰਿਸ਼ੀ-ਮੁਨੀ ਕੇਸ ਰਖਦੇ ਸਨ, ਸੈਮਸਨ ਡਲੇਲਾ ਦੀ ਤਾਕਤ ਕੇਸਾਂ ਵਿਚ ਸੀ, ਅਤੇ ਹੋਰ ਕਈ ਤਰਾਂ ਦੀਆਂ ਗੱਲਾਂ ਦਸਦੇ ਹਨ। ਇਸਦੀ ਲੋੜ ਹੀ ਨਹੀਂ ਹੈ। ਇਹ ਦਲੀਲ ਹੀ ਠੀਕ ਹੈ ਕਿ ਗੁਰੂ ਮਹਾਰਾਜ ਦਾ ਹੁਕਮ ਹੈ- ਸਿਖ ਕੇਸਾਂ ਦੀ ਬੇਅਦਬੀ ਨਾ ਕਰੇ ਅਤੇ ਸਾਬਤ ਸੂਰਤ ਰਹੇ। ਸਿੱਖ ਮਰਿਯਾਦਾ ਦੇ ਮੁੱਖ ਨਿਯਮ ਤਾਂ ਗੁਰੂ ਨਾਨਕ ਸਾਹਿਬ ਨੇ ਹੀ ਲਾਗੂ ਕੀਤੇ ਸਨ। ਕੇਸਾਂ ਦੀ ਬੇਅਦਬੀ ਕਰਨੀ ਅਤੇ ਬਾਕੀ ਤਿੰਨ ਕੁਰਹਿਤਾਂ ਵੀ ਮੁੱਢ ਤੋਂ ਹੀ ਵਿਵਰਜਤ ਕਰ ਦਿੱਤੀਆਂ ਗਈਆਂ ਸਨ। ਸਿੱਖਾਂ ਦੇ ਤਕੜੇ ਸਰੀਰਾਂ ਦੀ ਘਾੜਤ ਗੁਰੂ ਅੰਗਦ ਦੇਵ ਜੀ ਤੋਂ ਅਤੇ ਸ਼ਸਤਰ ਧਾਰਨ ਕਰਨ ਦਾ ਪ੍ਰੋਗਰਾਮ ਪੰਚਮ ਪਾਤਸ਼ਾਹ ਦੇ ਹੁਕਮ ਅਨੁਸਾਰ ਛੇਵੇਂ ਸਤਿਗੁਰੂ ਤੋਂ ਆਰੰਭ ਹੋ ਗਿਆ ਸੀ। ਬਾਬਾ ਬੁਢਾ ਜੀ ਨੇ ਸੋਚ ਸਮਝ ਕੇ ਦੋ ਕ੍ਰਿਪਾਨਾਂ ਧਾਰਨ ਕਰਵਾਈਆਂ ਸਨ, ਗਲਤੀ ਨਾਲ ਨਹੀਂ। ਦਸਮ ਪਿਤਾ ਨੇ 1699 ਦੀ ਵਿਸਾਖੀ ਵਾਲੇ ਦਿਨ ਨਾਮ ਨਾਲ 'ਸਿੰਘ' ਅਤੇ 'ਕੌਰ' ਲਗਾਉਣਾ ਜ਼ਰੂਰੀ ਕਰ ਦਿੱਤਾ ਸੀ। ਭਾਵ ਸਿੱਖਾਂ ਦੀ ਵਖਰੀ ਪਹਿਚਾਣ ਗੁਰੂ ਨਾਨਕ ਸਾਹਿਬ ਤੋਂ ਹੀ ਆਰੰਭ ਹੋ ਗਈ ਸੀ।

(2) ਸਿੱਖ ਸੰਗਤਾਂ ਨੂੰ ਹਲਾਲ ਮੀਟ (ਮਾਸ) ਵਾਲੀਆਂ ਦੁਕਾਨਾਂ ਤੋਂ ਮੀਟ ਨਹੀਂ ਲੈਣਾ ਚਾਹੀਦਾ, ਝਟਕਾਇਆ ਜਾਂ ਸ਼ਿਕਾਰ ਕੀਤੇ ਮਹਾਂ ਪ੍ਰਸ਼ਾਦਿ ਦੀ ਕੋਈ ਮਨਾਹੀ ਨਹੀਂ ਹੈ। ਸੰਤ-ਸਾਧ ਅਤੇ ਕਈ ਜਥੇ ਸਿੱਖਾਂ ਨੂੰ ਵੈਸ਼ਨੂੰ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ, ਸੁਚੇਤ ਰਹਿਣ ਦੀ ਲੋੜ ਹੈ। ਅੰਮ੍ਰਿਤੀ-ਕੜ੍ਹੀ ਨੂੰ (ਅੰਮ੍ਰਿਤ ਦੀ ਭੈਣ) ਬਣਾਉਣਾ ਸ਼ਰਾਰਤ ਹੈ।

**(ਚਾਰ ਕੁਰਿਤਾਂ ਵਿਚੋਂ-ਇਕ ਕੁਰਹਿਤ-'ਕੁਠਾ ਮਾਸ' ਦਾ ਸੇਵਨ ਹੈ। ਗੁਰਸਿੱਖਾਂ ਲਈ ਝਟਕਾ ਜਾਂ ਸ਼ਿਕਾਰੀ ਮਾਸ ਮਨ੍ਹਾ ਨਹੀਂ ਹੈ।)**

(3) ਤਿੰਨ ਇੰਚ ਦੀ ਨੰਗੀ ਕ੍ਰਿਪਾਨ ਕਾਲੀ ਰੱਸੀ ਨਾਲ ਬੰਨ ਕੇ ਪਾਉਣੀ ਇਸ ਕਕਾਰ ਦਾ ਮਜ਼ਾਕ ਉਡਾਉਣ ਵਾਲੀ ਗਲ ਹੈ। ਕ੍ਰਿਪਾਨ ਗਾਤਰੇ ਸਾਹਿਤ ਮਿਆਨ ਵਿਚ ਰੱਖੀ ਜਾਂਦੀ ਹੈ।

(4) ਸਿੱਖ ਬੀਬੀਆਂ ਲਈ ਛੇਦਕ ਗਹਿਣਾ ਪਾਉਣਾ ਵਿਵਰਜਿਤ ਹੈ, ਐਵੇਂ ਕੰਨ ਅਤੇ ਨੱਕ ਵਿਚ ਮੋਰੀ ਕਰਕੇ ਕੁਦਰਤ ਵਲੋਂ ਦਿਤੇ ਸੁੰਦਰ ਸਰੀਰ ਨੂੰ ਵਿਗਾੜਨ ਵਾਲੀ ਗਲ ਹੈ। ਬਿੰਦੀ ਚਿਪਕਾਉਣੀ ਅਤੇ ਚੂੜੀਆਂ ਪਾਉਣੀਆਂ ਵੀ ਮਨ੍ਹਾ ਹੈ।

### ਅਨੰਦ ਕਾਰਜ

ਸਿੰਘ-ਸਿੰਘਣੀ ਦਾ ਵਿਆਹ (ਅਨੰਦ ਕਾਰਜ), ਬਿਨਾ ਜਾਤ-ਪਾਤ ਦੇ ਵੀਚਾਰੇ ਹੋਣਾ ਚਾਹੀਦਾ ਹੈ। ਸਿੱਖ ਪਰਵਾਰਾਂ ਵਿਚ ਉਚੀ-ਨੀਵੀਂ ਜ਼ਾਤ, ਜਟ, ਭਾਪਾ, ਰਾਮਗੜ੍ਹੀਏ, ਮਜ਼ਹਬੀ, ਖਤ੍ਰੀ, ਅਰੋੜਾ ਆਦਿ ਦਾ ਵੀਚਾਰ ਕਰਨਾ ਵਿਵਰਜਤ ਹੈ।

**(ਸਿੱਖ ਬੀਬੀਆਂ ਲਈ ਛੇਦਕ ਗਹਿਣੇ ਪਾਉਣਾ ਵਿਵਰਜਿਤ ਹੈ। ਅੱਜ ਕੱਲ ਰਹਿਤ ਬਹਿਤ ਵਾਲੇ ਗੁਰਸਿੱਖ ਘਰਾਣੇ ਵੀ ਬਚੀਆਂ ਦੇ ਕੰਨ ਵਿਚ ਆਪ ਮੋਰੀ ਕਰਵਾ ਦਿੰਦੇ ਹਨ। ਉਸ ਵੇਲੇ ਗੁਰੂ ਦੀ ਹੁਕਮ-ਅਦੂਲੀ ਕਰਕੇ ਪਤਾ ਨਹੀਂ ਕਿਉਂ ਪਾਪ ਦੇ ਭਾਗੀ ਬਣਦੇ ਹਨ।)**

ਸਿੱਖ ਬੀਬੀ ਦਾ ਵਿਆਹ ਗੁਰਸਿੱਖ ਨਾਲ ਹੀ ਹੋ ਸਕਦਾ ਹੈ। ਸਿੱਖ ਕੇਵਲ ਅੰਮ੍ਰਿਤਧਾਰੀ ਹੀ ਹੋ ਸਕਦਾ ਹੈ, ਕਲੀਨ ਸ਼ੇਵਨ (Clean Shaven) ਸਿੱਖ ਗੁਰਮਤਿ ਵਿਚ ਪਰਵਾਨ ਨਹੀਂ। ਅੱਜ ਕੱਲ੍ਹ ਕੁੜੀਆਂ ਨੂੰ ਵਿਦੇਸ਼ ਭੇਜਣ ਦੇ ਲਾਲਚ ਵਿਚ ਚੰਗੇ-ਚੰਗੇ ਗੁਰਸਿੱਖ ਪਰਵਾਰ ਪਤਤਾਂ ਨਾਲ ਅਨੰਦ ਕਾਰਜ ਕਰੀ ਜਾ ਰਹੇ ਹਨ।

